# PUNJAB VIDHAN SABHA

*Tuesday, the 20th June, 2023*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 11.00 A.M. Mr. Speaker (Sardar Kultar Singh Sandhwan) in the Chair.*

------

## MOTION REGARDING SUSPENSION OF CERTAIN RULES OF THE RULES OF PROCEDURE AND CONDUCT OF BUSINESS IN THE PUNJAB VIDHAN SABHA (PUNJAB LEGISLATIVE ASSEMBLY)

**ਮਾਣਯੋਗ ਸਪੀਕਰ:** ਸਰਦਾਰ ਬਲਕਾਰ ਸਿੰਘ, ਸੰਸਦੀ ਮਾਮਲੇ ਮੰਤਰੀ ਜੀ ਪ੍ਰਸਤਾਵ ਪੇਸ਼ ਕਰਨ।

**ਸੰਸਦੀ ਮਾਮਲੇ ਮੰਤਰੀ (ਸਰਦਾਰ ਬਲਕਾਰ ਸਿੰਘ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

> ‘‘ਕਿ ਇਹ ਸਦਨ ਸੰਕਲਪ ਕਰਦਾ ਹੈ ਕਿ 16ਵੀਂ ਪੰਜਾਬ ਵਿਧਾਨ ਸਭਾ ਦੇ ਚੌਥੇ ਸਮਾਗਮ ਦੀ ਵਿਸ਼ੇਸ਼ ਬੈਠਕ ਦੌਰਾਨ ਕੇਵਲ ਉਹੀ ਕੰਮ-ਕਾਰ ਕੀਤਾ ਜਾਵੇ ਜਿਸ ਮੰਤਵ ਲਈ ਇਹ ਸਮਾਗਮ ਬੁਲਾਇਆ ਗਿਆ ਹੈ ਅਤੇ ਹੋਰ ਕੋਈ ਵੀ ਕੰਮ-ਕਾਰ ਜਿਸ ਵਿੱਚ ਪ੍ਰਸ਼ਨ, ਧਿਆਨ ਦਿਵਾਊ ਨੋਟਿਸ ਅਤੇ ਕਿਸੇ ਪ੍ਰਾਈਵੇਟ ਮੈਂਬਰ ਦੁਆਰਾ ਪੇਸ਼ ਕੀਤੇ ਜਾਣ ਵਾਲਾ ਕੋਈ ਹੋਰ ਕੰਮ-ਕਾਰ ਵੀ ਸ਼ਾਮਲ ਹੈ, ਇਸ ਸਮਾਗਮ ਦੇ ਦੌਰਾਨ ਸਦਨ ਦੇ ਸਾਹਮਣੇ ਨਾ ਲਿਆਂਦਾ ਜਾਵੇ ਜਾਂ ਸਦਨ ਵਿੱਚ ਨਾ ਕੀਤਾ ਜਾਵੇ ਅਤੇ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਵਿੱਚ ਇਸ ਵਿਸ਼ੇ ਨਾਲ ਸਬੰਧਿਤ ਨਿਯਮ ਉਸ ਹੱਦ ਤੱਕ ਮੁਅੱਤਲ ਕੀਤੇ ਗਏ ਸਮਝੇ ਜਾਣ।’’

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਪੀਕਰ ਸਾਹਿਬ, ਮੈਂ ਕੁਝ ਕਹਿਣਾ ਚਾਹੁੰਦਾ ਹਾਂ।

**ਮਾਣਯੋਗ ਸਪੀਕਰ:** ਬਾਜਵਾ ਜੀ, ਪਹਿਲਾਂ ਮਤਾ ਪੇਸ਼ ਹੋ ਲੈਣ ਦਿਓ।

**ਮਾਣਯੋਗ ਸਪੀਕਰ:** ਪ੍ਰਸਤਾਵ ਕੀਤਾ –

> ‘‘ਕਿ ਇਹ ਸਦਨ ਸੰਕਲਪ ਕਰਦਾ ਹੈ ਕਿ 16ਵੀਂ ਪੰਜਾਬ ਵਿਧਾਨ ਸਭਾ ਦੇ ਚੌਥੇ ਸਮਾਗਮ ਦੀ ਵਿਸ਼ੇਸ਼ ਬੈਠਕ ਦੌਰਾਨ ਕੇਵਲ ਉਹੀ ਕੰਮ-ਕਾਰ ਕੀਤਾ ਜਾਵੇ ਜਿਸ ਮੰਤਵ ਲਈ ਇਹ ਸਮਾਗਮ ਬੁਲਾਇਆ ਗਿਆ ਹੈ ਅਤੇ ਹੋਰ ਕੋਈ ਵੀ ਕੰਮ-ਕਾਰ ਜਿਸ ਵਿੱਚ ਪ੍ਰਸ਼ਨ, ਧਿਆਨ ਦਿਵਾਊ ਨੋਟਿਸ ਅਤੇ ਕਿਸੇ ਪ੍ਰਾਈਵੇਟ ਮੈਂਬਰ ਦੁਆਰਾ ਪੇਸ਼ ਕੀਤੇ ਜਾਣ ਵਾਲਾ ਕੋਈ ਹੋਰ ਕੰਮ-ਕਾਰ ਵੀ ਸ਼ਾਮਲ ਹੈ, ਇਸ ਸਮਾਗਮ ਦੇ ਦੌਰਾਨ ਸਦਨ ਦੇ ਸਾਹਮਣੇ ਨਾ ਲਿਆਂਦਾ ਜਾਵੇ ਜਾਂ ਸਦਨ ਵਿੱਚ ਨਾ ਕੀਤਾ ਜਾਵੇ ਅਤੇ ਪੰਜਾਬ

ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਵਿੱਚ ਇਸ ਵਿਸ਼ੇ ਨਾਲ ਸਬੰਧਿਤ ਨਿਯਮ ਉਸ ਹੱਦ ਤੱਕ ਮੁਅੱਤਲ ਕੀਤੇ ਗਏ ਸਮਝੇ ਜਾਣ।"

**ਮਾਣਯੋਗ ਸਪੀਕਰ:** ਬਹਿਸ, ਹਾਂ ਜੀ, ਬਾਜਵਾ ਸਾਹਿਬ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ) :** ਸਪੀਕਰ ਸਾਹਿਬ, ਮੈਂ ਤੁਹਾਨੂੰ ਇਹ ਗੁਜ਼ਾਰਿਸ਼ ਕਰਨਾ ਚਾਹੁੰਦਾ ਹਾਂ ਕਿ ਕ੍ਰਿਪਾ ਕਰਕੇ ਦੱਸਿਆ ਜਾਵੇ ਕਿ ਇਸ ਵਿਧਾਨ ਸਭਾ ਸੈਸ਼ਨ ਦਾ ਮਕਸਦ ਕੀ ਹੈ? ਇਹ ਨਿਰਾ ਇੱਕ ਡਿਬੇਟਿੰਗ ਹਾਊਸ ਬਣਾ ਲਿਆ ਗਿਆ ਹੈ। ਤੁਸੀਂ ਜਦੋਂ ਵੀ ਬੁਲਾਉਂਦੇ ਹੋ, ਸਪੈਸ਼ਲ ਸੈਸ਼ਨ ਹੀ ਬੁਲਾ ਲੈਂਦੇ ਹੋ। ਅੱਜ ਤੋਂ 9 ਮਹੀਨੇ ਪਹਿਲਾਂ 'ਆਪਰੇਸ਼ਨ ਲੋਟਸ' ਦੇ ਨਾਂ ਤੇ ਸਪੈਸ਼ਲ ਸੈਸ਼ਨ ਬੁਲਾਇਆ ਗਿਆ। ਸਾਢੇ ਤਿੰਨ ਘੰਟੇ ਉਸ ਤੇ ਬਹਿਸ ਕੀਤੀ ਗਈ, ਮੁੱਖ ਮੰਤਰੀ ਜੀ 2 ਵਾਰ ਬੋਲੇ, 17 ਮੈਂਬਰ ਬੋਲੇ ਅਤੇ ਇੱਕ ਐਫ.ਆਈ.ਆਰ ਦਰਜ ਕੀਤੀ ਗਈ। ਤੁਹਾਡੀ ਪਾਰਟੀ ਦੇ 9-10 ਐਮ.ਐਲ.ਏਜ਼ ਨੇ ਵਿਜੀਲੈਂਸ ਦਫ਼ਤਰ ਵਿੱਚ ਭਾਜਪਾ ਦੇ ਲੀਡਰਜ਼ ਦੇ ਵਿਰੁੱਧ ਸ਼ਿਕਾਇਤ ਦਰਜ ਕਰਵਾਈ। ਕ੍ਰਿਪਾ ਕਰਕੇ ਉਸ ਦੀ ਐਕਸ਼ਨ ਟੇਕਨ ਰਿਪੋਰਟ ਤਾਂ ਦਿਓ।

**ਮਾਣਯੋਗ ਸਪੀਕਰ:** ਤੁਹਾਡੀ ਗੱਲ ਆ ਗਈ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਪੀਕਰ ਸਾਹਿਬ, ਅਜੇ ਮੇਰੀ ਗੱਲ ਨਹੀਂ ਆਈ।

**ਮਾਣਯੋਗ ਸਪੀਕਰ:** ਬਾਜਵਾ ਸਾਹਿਬ, ਤੁਹਾਡੀ ਗੱਲ ਆ ਗਈ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਨਹੀਂ ਜੀ, ਹਾਲੇ ਮੇਰੀ ਗੱਲ ਨਹੀਂ ਆਈ।

**ਮਾਣਯੋਗ ਸਪੀਕਰ:** ਜਿੰਨਾ ਕੁ ਮੈਨੂੰ ਪਤਾ ਹੈ, ਜਿਹੜੀ ਚੀਜ਼ ਦੀ ਐਫ.ਆਈ.ਆਰ ਹੋ ਗਈ, ਉਸ ਦੀ ਇਨਵੈਸਟੀਗੇਸ਼ਨ ਹੋਵੇਗੀ ਅਤੇ ਮਾਣਯੋਗ ਅਦਾਲਤ ਇਸ ਨੂੰ ਡਿਸਾਈਡ ਕਰੇਗੀ। ਉਸ ਦੀ ਐਕਸ਼ਨ ਟੇਕਨ ਰਿਪੋਰਟ ਇੱਥੇ ਹਾਊਸ ਵਿਚ ਨਹੀਂ ਆਵੇਗੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਇਹ ਮਾਮਲਾ ਕੋਰਟ ਵਿੱਚ ਤਾਂ ਗਿਆ ਹੀ ਨਹੀਂ। ਜੇਕਰ ਗਿਆ ਹੈ ਤਾਂ ਸਾਨੂੰ ਇਸ ਦਾ ਸਟੇਟਸ ਦੱਸਿਆ ਜਾਵੇ ਕਿ ਕਿਹੜੇ ਭਾਜਪਾ ਦੇ ਲੀਡਰ ਨੇ ਤੁਹਾਡੀ ਪਾਰਟੀ ਦੇ ਕਿਹੜੇ ਐਮ.ਐਲ.ਏ. ਨੂੰ ਕਿੰਨੇ ਪੈਸੇ ਦਿੱਤੇ, ਇਹ ਵੀ ਦੱਸਿਆ ਜਾਵੇ।

**ਮਾਣਯੋਗ ਸਪੀਕਰ:** ਇਸ ਵਾਸਤੇ ਇਨਵੈਸਟੀਗੇਸ਼ਨ ਹੋ ਰਹੀ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਤੁਹਾਡੇ ਮੰਤਰੀ ਸਰਦਾਰ ਹਰਪਾਲ ਸਿੰਘ ਚੀਮਾ ਵੀ ਇਸ ਮਾਮਲੇ ਲਈ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਡੀ.ਜੀ.ਪੀ. ਨੂੰ ਮਿਲ ਕੇ ਆਏ ਸੀ।

**ਮਾਣਯੋਗ ਸਪੀਕਰ:** ਠੀਕ ਹੈ ਜੀ। ਕੋਈ ਹੋਰ ਮਾਣਯੋਗ ਮੈਂਬਰ ਇਸ ਮਤੇ ਤੇ ਬੋਲਣਾ ਚਾਹੁੰਦਾ ਹੈ?

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਸੁਖਪਾਲ ਸਿੰਘ ਖਹਿਰਾ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ ਅਤੇ ਕੁਝ ਹੋਰ ਮੈਂਬਰ ਆਪਣੀਆਂ ਸੀਟਾਂ ਤੇ ਬੈਠੇ ਬੈਠੇ ਵਿਰੋਧੀ ਧਿਰ ਦੇ ਨੇਤਾ ਸਰਦਾਰ ਪ੍ਰਤਾਪ ਸਿੰਘ ਬਾਜਵਾ ਨੂੰ ਬੋਲਣ ਦਾ ਮੌਕਾ ਦੇਣ ਲਈ ਕਹਿ ਰਹੇ ਸਨ।)

**ਮਾਣਯੋਗ ਸਪੀਕਰ:** ਲੀਡਰ ਆਫ਼ ਆਪੋਜੀਸ਼ਨ ਬੋਲ ਚੁੱਕੇ ਹਨ। ਬਾਜਵਾ ਜੀ, ਤੁਹਾਡੀ ਗੱਲ ਆ ਗਈ ਹੈ। ਤੁਸੀਂ ਬੈਠੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਪੀਕਰ ਸਾਹਿਬ, ਤੁਸੀਂ ਇਹ ਦੱਸੋ ਕਿ ਜੇਕਰ ਇਸ ਸੈਸ਼ਨ ਵਿਚ ਪ੍ਰਸ਼ਨ ਕਾਲ ਨਹੀਂ ਹੈ, ਜ਼ੀਰੋ ਆਵਰ ਨਹੀਂ ਹੈ, ਕੋਈ ਪ੍ਰਾਈਵੇਟ ਮੈਂਬਰ ਬਿਲ ਨਹੀਂ ਹੈ, ਕੋਈ ਅਡਜਰਨਮੈਂਟ ਮੋਸ਼ਨ ਨਹੀਂ ਹੈ, ਕੋਈ ਸਬਸਟੈਂਟਿਵ ਮੋਸ਼ਨ ਨਹੀਂ ਹੈ, then what is the purpose of this Vidhan Sabha session?

**ਮਾਣਯੋਗ ਸਪੀਕਰ:** ਮਾਣਯੋਗ ਮੈਂਬਰ ਸਾਹਿਬ, ਇਹ ਮਤਾ ਇਸੇ ਕਾਰਨ ਪੇਸ਼ ਕੀਤਾ ਗਿਆ ਹੈ। ਮੈਂ ਹਾਊਸ ਦੀ ਸੈਂਸ ਨੂੰ ਲੈਣਾ ਹੈ, ਜਿਸ ਤਰ੍ਹਾਂ ਹਾਊਸ ਪਾਸ ਕਰੇਗਾ, ਇਹ ਹਾਊਸ ਉਸੇ ਤਰ੍ਹਾਂ ਚੱਲੇਗਾ। ਤੁਸੀਂ ਬੈਠੋ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਬਿਨਾਂ ਇਜਾਜ਼ਤ ਬੋਲ ਰਹੇ ਸਨ, ਜਿਸ ਕਾਰਨ ਸਦਨ ਵਿੱਚ ਕਾਫ਼ੀ ਸ਼ੋਰ ਸੀ।)

**ਮਾਣਯੋਗ ਸਪੀਕਰ: ਪ੍ਰਸ਼ਨ ਹੈ –**

> ‘‘ਕਿ ਇਹ ਸਦਨ ਸੰਕਲਪ ਕਰਦਾ ਹੈ ਕਿ 16ਵੀਂ ਪੰਜਾਬ ਵਿਧਾਨ ਸਭਾ ਦੇ ਚੌਥੇ ਸਮਾਗਮ ਦੀ ਵਿਸ਼ੇਸ਼ ਬੈਠਕ ਦੌਰਾਨ ਕੇਵਲ ਉਹੀ ਕੰਮ-ਕਾਰ ਕੀਤਾ ਜਾਵੇ ਜਿਸ ਮੰਤਵ ਲਈ ਇਹ ਸਮਾਗਮ ਬੁਲਾਇਆ ਗਿਆ ਹੈ ਅਤੇ ਹੋਰ ਕੋਈ ਵੀ ਕੰਮ-ਕਾਰ ਜਿਸ ਵਿੱਚ ਪ੍ਰਸ਼ਨ, ਧਿਆਨ ਦਿਵਾਊ ਨੋਟਿਸ ਅਤੇ ਕਿਸੇ ਪ੍ਰਾਈਵੇਟ ਮੈਂਬਰ ਦੁਆਰਾ ਪੇਸ਼ ਕੀਤੇ ਜਾਣ ਵਾਲਾ ਕੋਈ ਹੋਰ ਕੰਮ-ਕਾਰ ਵੀ ਸ਼ਾਮਲ ਹੈ, ਇਸ ਸਮਾਗਮ ਦੇ ਦੌਰਾਨ ਸਦਨ ਦੇ ਸਾਹਮਣੇ ਨਾ ਲਿਆਂਦਾ ਜਾਵੇ ਜਾਂ ਸਦਨ ਵਿੱਚ ਨਾ ਕੀਤਾ ਜਾਵੇ ਅਤੇ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਵਿੱਚ ਇਸ ਵਿਸ਼ੇ ਨਾਲ ਸਬੰਧਿਤ ਨਿਯਮ ਉਸ ਹੱਦ ਤੱਕ ਮੁਅੱਤਲ ਕੀਤੇ ਗਏ ਸਮਝੇ ਜਾਣ।’’

***ਪ੍ਰਸਤਾਵ ਪ੍ਰਵਾਨ ਹੋਇਆ।***

-------

(ਇਸ ਸਮੇਂ ਇੰਡੀਅਨ ਨੈਸ਼ਨਲ ਕਾਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵਿਰੋਧੀ ਧਿਰ ਦੇ ਨੇਤਾ ਸਰਦਾਰ ਪ੍ਰਤਾਪ ਸਿੰਘ ਬਾਜਵਾ ਨੂੰ ਬੋਲਣ ਲਈ ਸਮਾਂ ਨਾ ਦੇਣ ਦੇ ਰੋਸ ਵਜੋਂ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ ।)

## MOTION UNDER RULE 16

**ਮਾਣਯੋਗ ਸਪੀਕਰ:** ਹੁਣ ਸੰਸਦੀ ਮਾਮਲੇ ਮੰਤਰੀ ਨਿਯਮ 16 ਅਧੀਨ ਮਤਾ ਪੇਸ਼ ਕਰਨਗੇ।

**ਸੰਸਦੀ ਮਾਮਲੇ ਮੰਤਰੀ (ਸਰਦਾਰ ਬਲਕਾਰ ਸਿੰਘ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

''ਕਿ ਵਿਧਾਨ ਸਭਾ ਅੱਜ ਇਸ ਦੇ ਉਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।''

**ਮਾਣਯੋਗ ਸਪੀਕਰ: ਪ੍ਰਸਤਾਵ ਕੀਤਾ –**

''ਕਿ ਵਿਧਾਨ ਸਭਾ ਅੱਜ ਇਸ ਦੇ ਉਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।''

**ਮਾਣਯੋਗ ਸਪੀਕਰ: ਪ੍ਰਸ਼ਨ ਹੈ –**

''ਕਿ ਵਿਧਾਨ ਸਭਾ ਅੱਜ ਇਸ ਦੇ ਉਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।''

***ਪ੍ਰਸਤਾਵ ਪ੍ਰਵਾਨ ਹੋਇਆ।***

-------

## WALK OUT

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਉਨ੍ਹਾਂ ਨੂੰ ਬੋਲਣ ਲਈ ਸਮਾਂ ਨਾ ਦਿੱਤੇ ਜਾਣ ਤੇ ਰੋਸ ਵਜੋਂ ਸਰਕਾਰ ਵਿਰੋਧੀ ਨਾਅਰੇ ਲਗਾਉਂਦੇ ਹੋਏ ਸਦਨ ਵਿੱਚੋਂ ਵਾਕ-ਆਊਟ ਕਰ ਗਏ।)

-------

## PAPERS LAID ON THE TABLE OF THE HOUSE

**ਮਾਣਯੋਗ ਸਪੀਕਰ :** ਅਗਲੀ ਆਈਟਮ । ਸਦਨ ਦੀ ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼ ਪੱਤਰ ।

**ਸੰਸਦੀ ਮਾਮਲੇ ਮੰਤਰੀ (ਸਰਦਾਰ ਬਲਕਾਰ ਸਿੰਘ) :** ਸ਼੍ਰੀਮਾਨ ਜੀ, ਮੈਂ ਅੱਜ ਦੀ ਕਾਰਜ-ਸੂਚੀ ਦੇ ਮੱਦ ਨੰ. III ਅਧੀਨ ਦਰਸਾਏ ਗਏ ਲੜੀ ਨੰ. 1 ਤੋਂ 9 ਤੱਕ ਦੇ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ:-

1. ਸਾਲ 2021-22 ਤੋਂ 2025-26 ਲਈ ਛੇਵੇਂ ਪੰਜਾਬ ਵਿੱਤ ਕਮਿਸ਼ਨ ਦੀ ਰਿਪੋਰਟ ਅਤੇ ਪੰਚਾਇਤਾਂ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਲਈ ਛੇਵੇਂ ਪੰਜਾਬ ਵਿੱਤ ਕਮਿਸ਼ਨ ਦਆਰਾ ਕੀਤੀਆਂ ਗਈਆਂ ਸਿਫਾਰਸ਼ਾਂ ਤੇ ਕੀਤੀ ਗਈ ਕਾਰਵਾਈ ਸਬੰਧੀ ਵਿਆਖਿਆਤਮਕ ਯਾਦ-ਪੱਤਰ, ਜਿਵੇਂ ਕਿ ਭਾਰਤ ਦੇ ਸੰਵਿਧਾਨ ਦੇ ਅਨੁਛੇਦ 243-ਘ (4) ਅਤੇ 243-ਨ (2) ਅਤੇ ਪੰਚਾਇਤਾਂ ਅਤੇ ਮਿਊਂਸਪੈਲਿਟੀਜ਼ ਐਕਟ, 1994 ਲਈ ਪੰਜਾਬ ਵਿੱਤ ਕਮਿਸ਼ਨ ਦੀ ਧਾਰਾ 11 ਅਧੀਨ ਲੋੜੀਂਦਾ ਹੈ।

2. ਸਾਲ 2019-20 ਅਤੇ 2020-21 ਲਈ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੀ ਆਡਿਟ ਰਿਪੋਰਟ ਅਤੇ ਬੈਲੰਸ ਸ਼ੀਟ, ਜਿਵੇਂ ਕਿ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਐਕਟ, 1993 ਦੀ ਧਾਰਾ 35 (4) ਅਧੀਨ ਲੋੜੀਂਦਾ ਹੈ।
3. ਸਾਲ 2021-22 ਲਈ ਅੰਮ੍ਰਿਤਸਰ ਵਿਕਾਸ ਅਥਾਰਿਟੀ ਦੀ ਸਾਲਾਨਾ ਰਿਪੋਰਟ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਬੰਦੀ ਅਤੇ ਵਿਕਾਸ ਐਕਟ, 1995 ਦੀ ਧਾਰਾ 54 (2) ਅਧੀਨ ਲੋੜੀਂਦਾ ਹੈ।
4. ਸਾਲ 2020-21 ਲਈ ਪਟਿਆਲਾ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਦੀ ਸਾਲਾਨਾ ਰਿਪੋਰਟ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਦੀ ਧਾਰਾ 54 (2) ਅਧੀਨ ਲੋੜੀਂਦਾ ਹੈ।
5. ਸਾਲ 2019-20 ਲਈ ਪੰਜਾਬ ਰਾਜ ਖੁਰਾਕ ਕਮਿਸ਼ਨ ਦੀ ਸਾਲਾਨਾ ਰਿਪੋਰਟ, ਜਿਵੇਂ ਕਿ ਕੌਮੀ ਖੁਰਾਕ ਸੁਰੱਖਿਆ ਐਕਟ, 2013 ਦੀ ਧਾਰਾ 16 (6) ਅਧੀਨ ਲੋੜੀਂਦਾ ਹੈ।
6. ਸਾਲ 2020-21 ਲਈ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਸਾਲਾਨਾ ਪ੍ਰਬੰਧਕੀ ਰਿਪੋਰਟ ਅਤੇ ਲੇਖੇ, ਜਿਵੇਂ ਕਿ ਜਲ (ਪ੍ਰਦੂਸ਼ਣ ਦੀ ਰੋਕਥਾਮ ਅਤੇ ਕੰਟਰੋਲ), ਐਕਟ 1974 ਦੀ ਧਾਰਾ 39 (2) ਅਧੀਨ ਲੋੜੀਂਦਾ ਹੈ।
7. ਸਾਲ 2021-22 ਲਈ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਦੀ ਸਾਲਾਨਾ ਰਿਪੋਰਟ, ਜਿਵੇਂ ਕਿ ਬਿਜਲੀ ਐਕਟ, 2003 ਦੀ ਧਾਰਾ 105(2) ਅਧੀਨ ਲੋੜੀਂਦਾ ਹੈ।
8. ਸਾਲ 2019-20 ਲਈ ਪੰਜਾਬ ਸੂਚਨਾ ਅਤੇ ਸੰਚਾਰ ਤਕਨਾਲੋਜੀ ਕਾਰਪੋਰੇਸ਼ਨ ਲਿਮਿਟਡ (ਪੰਜਾਬ ਇਨਫੋਟੈੱਕ) ਦੀ ਸਾਲਾਨਾ ਰਿਪੋਰਟ, ਜਿਵੇਂ ਕਿ ਕੰਪਨੀਜ਼ ਐਕਟ, 2013 ਦੀ ਧਾਰਾ 395(1) (ਅ) ਅਧੀਨ ਲੋੜੀਂਦਾ ਹੈ।
9. ਸਾਲ 2021-22 ਲਈ ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਿਟਡ ਦੀ 12ਵੀਂ ਸਾਲਾਨਾ ਰਿਪੋਰਟ, ਜਿਵੇਂ ਕਿ ਕੰਪਨੀਜ਼ ਐਕਟ, 2013 ਦੀ ਧਾਰਾ 395 ਅਧੀਨ ਲੋੜੀਂਦਾ ਹੈ।

--------

## OFFICIAL RESOLUTION REG. RECOMMENDING THE STATE GOVERNMENT TO APPROACH CENTRAL GOVERNMENT FOR RELEASE OF WITHHELD RURAL DEVELOPMENT FEE AMOUNTING TO RS. 3622.40 CRORES IMMEDIATELY

**ਮਾਣਯੋਗ ਸਪੀਕਰ** : ਅਗਲੀ ਆਈਟਮ । ਸਰਕਾਰੀ ਮਤਾ । ਸਰਦਾਰ ਗੁਰਮੀਤ ਸਿੰਘ ਖੁੱਡੀਆਂ ਜੀ, ਖੇਤੀਬਾੜੀ ਮੰਤਰੀ ਮਤਾ ਪੇਸ਼ ਕਰਨ ।

**ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ (ਸਰਦਾਰ ਗੁਰਮੀਤ ਸਿੰਘ ਖੁੱਡੀਆਂ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

"ਕਿ ਭਾਰਤ ਸਰਕਾਰ ਵੱਲੋਂ ਪਿਛਲੇ ਚਾਰ ਸੀਜ਼ਨਾਂ (KMS 2021-22, RMS 2022-23, KMS 2022-23 ਅਤੇ RMS 2023-24) ਦੀ ਦਿਹਾਤੀ ਵਿਕਾਸ ਫੀਸ (R.D.F.) ਜਾਰੀ ਨਾ ਕੀਤੇ ਜਾਣ ਕਾਰਨ ਪੰਜਾਬ ਰਾਜ ਦੇ ਦਿਹਾਤੀ ਵਿਕਾਸ ਕਾਰਜਾਂ ਤੇ ਮਾੜਾ ਅਸਰ ਪੈ ਰਿਹਾ ਹੈ ।

ਪੰਜਾਬ ਵਿਧਾਨ ਸਭਾ ਇਸ ਗੱਲ ਦੀ ਸਖਤ ਨਿਖੇਧੀ ਕਰਦੀ ਹੈ ਕਿ ਪੰਜਾਬ ਦਿਹਾਤੀ ਵਿਕਾਸ ਐਕਟ, 1987 ਵਿੱਚ ਭਾਰਤ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਲੋੜੀਂਦੀਆਂ ਸੋਧਾਂ ਨੂੰ ਮੌਜੂਦਾ ਰਾਜ ਸਰਕਾਰ ਵੱਲੋਂ ਇਸ ਪਵਿੱਤਰ ਸਦਨ ਤੋਂ ਪਾਸ ਕਰਵਾਉਣ ਅਤੇ ਇਸ ਉਪਰੰਤ ਨੋਟੀਫਿਕੇਸ਼ਨ ਨੂੰ ਮਿਤੀ 18.07.2022 ਨੂੰ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਿਤ ਕਰਨ ਦੇ ਬਾਵਜੂਦ ਵੀ ਭਾਰਤ ਸਰਕਾਰ ਨੇ ਪੰਜਾਬ ਵਿੱਚੋਂ ਪਿਛਲੇ ਚਾਰ ਸੀਜ਼ਨਾਂ ਦੌਰਾਨ ਖਰੀਦੀਆਂ ਗਈਆਂ ਖੇਤੀ ਉਪਜਾਂ ਤੇ 3% ਦੀ ਦਰ ਨਾਲ ਬਣਦੀ 3622.40 ਕਰੋੜ ਰੁਪਏ ਦੀ ਅਜੇ ਤੱਕ ਰੋਕੀ ਗਈ ਦਿਹਾਤੀ ਵਿਕਾਸ ਫੀਸ ਦੀ ਰਕਮ ਜਾਰੀ ਨਹੀਂ ਕੀਤੀ ਹੈ ।

ਪੰਜਾਬ ਰਾਜ ਨੇ ਭਾਰਤ ਦੇ ਕਿਸੇ ਵੀ ਹੋਰ ਰਾਜ ਦੇ ਮੁਕਾਬਲੇ ਬਹੁਤ ਵੱਡਾ ਮਾਰਕੀਟ ਬੁਨਿਆਦੀ ਢਾਂਚਾ ਤਿਆਰ ਕੀਤਾ ਹੋਇਆ ਹੈ। ਇਸ ਤਰ੍ਹਾਂ ਇਕੱਤਰ ਕੀਤੀ ਗਈ ਦਿਹਾਤੀ ਵਿਕਾਸ ਫੀਸ ਦੀ ਵਰਤੋਂ ਸਿਰਫ ਰਾਜ ਦੇ ਕਿਸਾਨਾਂ ਦੀ ਭਲਾਈ, ਪੇਂਡੂ ਮੰਡੀਆਂ ਅਤੇ ਪੇਂਡੂ ਲਿੰਕ ਸੜਕਾਂ ਦੇ ਰੱਖ ਰੱਖਾਅ ਅਤੇ ਨਿਰਮਾਣ ਸਮੇਤ ਪੇਂਡੂ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਕੀਤੀ ਜਾਂਦੀ ਹੈ ਤਾਂ ਜੋ ਖੇਤੀ ਉਪਜਾਂ ਨਜ਼ਦੀਕੀ ਮੰਡੀਆਂ ਤੱਕ ਆਸਾਨੀ ਨਾਲ ਪਹੁੰਚਾਈਆਂ ਜਾ ਸਕਣ ।ਇਸ ਤਰ੍ਹਾਂ ਭਾਰਤ ਸਰਕਾਰ ਵੱਲੋਂ ਪੇਂਡੂ ਵਿਕਾਸ ਫੀਸ ਜਾਰੀ ਨਾ ਕੀਤੇ ਜਾਣ ਕਾਰਨ ਪੰਜਾਬ ਰਾਜ ਦੇ ਸਮੁੱਚੇ ਦਿਹਾਤੀ ਵਿਕਾਸ ਕਾਰਜ ਠੱਪ ਹੋ ਰਹੇ ਹਨ ।

ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਉਹ ਕੇਂਦਰ ਸਰਕਾਰ ਵੱਲੋਂ ਰੋਕੀ ਗਈ 3622.40 ਕਰੋੜ ਦੀ ਦਿਹਾਤੀ ਵਿਕਾਸ ਫੀਸ ਨੂੰ ਤੁਰੰਤ ਜਾਰੀ ਕਰਵਾਉਣ ਲਈ ਕੇਂਦਰ ਸਰਕਾਰ ਕੋਲ ਪਹੁੰਚ ਕਰੇ ਤਾਂ ਜੋ ਪੰਜਾਬ ਰਾਜ ਦੇ ਕਿਸਾਨਾਂ ਅਤੇ ਪੇਂਡੂ ਆਬਾਦੀ ਦੀ ਭਲਾਈ ਲਈ ਨਿਰਵਿਘਨ ਵਿਕਾਸ ਕਾਰਜਾਂ ਨੂੰ ਜਾਰੀ ਰੱਖਿਆ ਜਾ ਸਕੇ ।"

**ਮਾਣਯੋਗ ਸਪੀਕਰ :** ਪ੍ਰਸਤਾਵ ਕੀਤਾ –

"ਕਿ ਭਾਰਤ ਸਰਕਾਰ ਵੱਲੋਂ ਪਿਛਲੇ ਚਾਰ ਸੀਜ਼ਨਾਂ (KMS 2021-22, RMS 2022-23, KMS 2022-23 ਅਤੇ RMS 2023-24) ਦੀ ਦਿਹਾਤੀ ਵਿਕਾਸ ਫੀਸ (R.D.F.) ਜਾਰੀ ਨਾ ਕੀਤੇ ਜਾਣ ਕਾਰਨ ਪੰਜਾਬ ਰਾਜ ਦੇ ਦਿਹਾਤੀ ਵਿਕਾਸ ਕਾਰਜਾਂ ਤੇ ਮਾੜਾ ਅਸਰ ਪੈ ਰਿਹਾ ਹੈ ।

ਪੰਜਾਬ ਵਿਧਾਨ ਸਭਾ ਇਸ ਗੱਲ ਦੀ ਸਖਤ ਨਿਖੇਧੀ ਕਰਦੀ ਹੈ ਕਿ ਪੰਜਾਬ ਦਿਹਾਤੀ ਵਿਕਾਸ ਐਕਟ, 1987 ਵਿੱਚ ਭਾਰਤ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਲੋੜੀਂਦੀਆਂ ਸੋਧਾਂ ਨੂੰ ਮੌਜੂਦਾ ਰਾਜ ਸਰਕਾਰ ਵੱਲੋਂ ਇਸ ਪਵਿੱਤਰ ਸਦਨ ਤੋਂ ਪਾਸ ਕਰਵਾਉਣ ਅਤੇ ਇਸ ਉਪਰੰਤ ਨੋਟੀਫਿਕੇਸ਼ਨ ਨੂੰ ਮਿਤੀ 18.07.2022 ਨੂੰ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਿਤ ਕਰਨ ਦੇ ਬਾਵਜੂਦ ਵੀ ਭਾਰਤ ਸਰਕਾਰ ਨੇ ਪੰਜਾਬ ਵਿੱਚੋਂ ਪਿਛਲੇ ਚਾਰ ਸੀਜ਼ਨਾਂ ਦੌਰਾਨ ਖਰੀਦੀਆਂ ਗਈਆਂ ਖੇਤੀ ਉਪਜਾਂ ਤੇ 3% ਦੀ ਦਰ ਨਾਲ ਬਣਦੀ 3622.40 ਕਰੋੜ ਰੁਪਏ ਦੀ ਅਜੇ ਤੱਕ ਰੋਕੀ ਗਈ ਦਿਹਾਤੀ ਵਿਕਾਸ ਫੀਸ ਦੀ ਰਕਮ ਜਾਰੀ ਨਹੀਂ ਕੀਤੀ ਹੈ ।

ਪੰਜਾਬ ਰਾਜ ਨੇ ਭਾਰਤ ਦੇ ਕਿਸੇ ਵੀ ਹੋਰ ਰਾਜ ਦੇ ਮੁਕਾਬਲੇ ਬਹੁਤ ਵੱਡਾ ਮਾਰਕੀਟ ਬੁਨਿਆਦੀ ਢਾਂਚਾ ਤਿਆਰ ਕੀਤਾ ਹੋਇਆ ਹੈ। ਇਸ ਤਰ੍ਹਾਂ ਇਕੱਤਰ ਕੀਤੀ ਗਈ ਦਿਹਾਤੀ ਵਿਕਾਸ ਫੀਸ ਦੀ ਵਰਤੋਂ ਸਿਰਫ ਰਾਜ ਦੇ ਕਿਸਾਨਾਂ ਦੀ ਭਲਾਈ, ਪੇਂਡੂ ਮੰਡੀਆਂ ਅਤੇ ਪੇਂਡੂ ਲਿੰਕ ਸੜਕਾਂ ਦੇ ਰੱਖ ਰੱਖਾਅ ਅਤੇ ਨਿਰਮਾਣ ਸਮੇਤ ਪੇਂਡੂ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਕੀਤੀ ਜਾਂਦੀ ਹੈ ਤਾਂ ਜੋ ਖੇਤੀ ਉਪਜਾਂ ਨਜ਼ਦੀਕੀ ਮੰਡੀਆਂ ਤੱਕ ਆਸਾਨੀ ਨਾਲ ਪਹੁੰਚਾਈਆਂ ਜਾ ਸਕਣ ।ਇਸ ਤਰ੍ਹਾਂ ਭਾਰਤ ਸਰਕਾਰ ਵੱਲੋਂ ਪੇਂਡੂ ਵਿਕਾਸ ਫੀਸ ਜਾਰੀ ਨਾ ਕੀਤੇ ਜਾਣ ਕਾਰਨ ਪੰਜਾਬ ਰਾਜ ਦੇ ਸਮੁੱਚੇ ਦਿਹਾਤੀ ਵਿਕਾਸ ਕਾਰਜ ਠੱਪ ਹੋ ਰਹੇ ਹਨ ।

ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਉਹ ਕੇਂਦਰ ਸਰਕਾਰ ਵੱਲੋਂ ਰੋਕੀ ਗਈ 3622.40 ਕਰੋੜ ਦੀ ਦਿਹਾਤੀ ਵਿਕਾਸ ਫੀਸ ਨੂੰ ਤੁਰੰਤ ਜਾਰੀ ਕਰਵਾਉਣ ਲਈ ਕੇਂਦਰ ਸਰਕਾਰ ਕੋਲ ਪਹੁੰਚ ਕਰੇ ਤਾਂ ਜੋ ਪੰਜਾਬ ਰਾਜ ਦੇ ਕਿਸਾਨਾਂ ਅਤੇ ਪੇਂਡੂ ਆਬਾਦੀ ਦੀ ਭਲਾਈ ਲਈ ਨਿਰਵਿਘਨ ਵਿਕਾਸ ਕਾਰਜਾਂ ਨੂੰ ਜਾਰੀ ਰੱਖਿਆ ਜਾ ਸਕੇ ।"

ਬਹਿਸ, ਹਾਂ ਜੀ, ਸਰਦਾਰ ਗੁਰਮੀਤ ਸਿੰਘ ਖੁੱਡੀਆਂ ਜੀ।

**ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ (ਸਰਦਾਰ ਗੁਰਮੀਤ ਸਿੰਘ ਖੁੱਡੀਆਂ):** ਮਾਣਯੋਗ ਸਪੀਕਰ ਸਾਹਿਬ, ਆਰ.ਡੀ.ਐਫ. ਦੀ 3622.40 ਕਰੋੜ ਰੁਪਏ ਦੀ ਰਕਮ ਰੋਕੀ ਗਈ ਹੈ। ਪੰਜਾਬ ਦੇ ਲੋਕਾਂ ਨੇ ਇਸ ਦੇਸ਼ ਦੀ

ਆਜ਼ਾਦੀ ਤੋਂ ਬਾਅਦ ਦੇਸ਼ ਦੀ ਤਰੱਕੀ ਵਿੱਚ ਬਹੁਤ ਵੱਡਾ ਹਿੱਸਾ ਪਾਇਆ ਹੈ। ਚਾਹੇ ਅੰਨ ਦੇ ਭੰਡਾਰਾਂ ਦੀ ਗੱਲ ਹੈ ਜਾਂ ਦੇਸ਼ ਦੀ ਰਾਖੀ ਦੀ ਗੱਲ ਹੈ, ਪੰਜਾਬ ਨੇ ਬਹੁਤ ਵੱਡਾ ਹਿੱਸਾ ਪਾਇਆ ਹੈ। 1962 ਵੇਲੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਨਹਿਰੂ ਜੀ ਨੇ ਕਿਹਾ ਸੀ ਕਿ ਪੰਜਾਬ ਦੇ ਨੌਜਵਾਨ ਦੇਸ਼ ਦੀ ਰਾਖੀ ਲਈ ਆਪਣੀਆਂ ਜਾਨਾਂ ਵਾਰ ਰਹੇ ਹਨ। ਉਨ੍ਹਾਂ ਨੇ ਦੇਸ਼ ਵਿੱਚ ਵੰਗਾਰ ਵੀ ਪਾਈ ਸੀ ਕਿ ਦੇਸ਼ ਦੀ ਆਰਥਿਕ ਸਹਾਇਤਾ ਕੀਤੀ ਜਾਵੇ ਤਾਂ ਪੰਜਾਬ ਦੇ ਲੋਕਾਂ ਨੇ ਕੁਇੰਟਲਾਂ ਦੇ ਰੂਪ ਵਿੱਚ ਸੋਨਾ ਅਤੇ ਪ੍ਰਧਾਨ ਮੰਤਰੀ ਰਾਹਤ ਫੰਡ ਵਿੱਚ ਕਰੋੜਾਂ ਰੁਪਏ ਦੀ ਰਾਸ਼ੀ ਜਮ੍ਹਾਂ ਕਰਵਾਈ ਸੀ। ਪੰਜਾਬੀਆਂ ਨੇ ਇਸ ਦੇਸ਼ ਦੇ ਹਿੱਤ ਲਈ, ਇਸ ਦੇਸ਼ ਨੂੰ ਤਰੱਕੀ ਵੱਲ ਲਿਜਾਣ ਵਾਸਤੇ ਬਹੁਤ ਵੱਡਾ ਹਿੱਸਾ ਪਾਇਆ ਹੈ। ਅੱਜ ਬੜੀ ਬਦਕਿਸਮਤੀ ਦੀ ਗੱਲ ਹੈ ਕਿ ਸਾਡੇ ਸੂਬੇ ਨਾਲ ਧੱਕਾ ਕਰਨ ਲਈ ਸਾਲ 2021 ਤੋਂ ਕਾਨੂੰਨ ਮੁਤਾਬਕ ਬਣਦੀ ਸਾਡੀ ਆਰ.ਡੀ.ਐਫ. ਰੋਕੀ ਗਈ ਹੈ। ਜਦੋਂ ਕਿ ਇਹ ਆਰ.ਡੀ.ਐਫ. ਨਿਰੰਤਰ 1987 ਤੋਂ 2021 ਤੱਕ ਚੱਲਦੀ ਰਹੀ ਹੈ। ਇਸ ਦੇ ਰੋਕਣ ਨਾਲ ਸਾਡਾ ਬਹੁਤ ਵੱਡਾ ਨੁਕਸਾਨ ਹੋ ਰਿਹਾ ਹੈ। ਇਹ ਅੱਜ ਸਾਡੀ ਲੋੜ ਹੈ, ਜਿੱਥੇ ਅਸੀਂ ਸਾਰੇ ਦੇਸ਼ ਦੇ ਭੰਡਾਰ ਵਿੱਚ ਹਿੱਸਾ ਪਾਉਂਦੇ ਹਾਂ, ਉਸ ਦੀ ਰਫਤਾਰ ਕਾਇਮ ਰੱਖਣ ਲਈ, ਸਾਨੂੰ ਸਾਡੀ ਫੀਸ ਕੇਂਦਰ ਸਰਕਾਰ ਦੇਵੇ ਤਾਂ ਕਿ ਅਸੀਂ ਵਿਕਾਸ ਦੀ ਰਫਤਾਰ ਕਾਇਮ ਰੱਖ ਸਕੀਏ ਅਤੇ ਇਸੇ ਨਾਲ ਸਾਡੇ ਪਿੰਡਾਂ ਵਿੱਚ ਸਾਰੀਆਂ ਮੰਡੀਆਂ ਦਾ ਅਤੇ ਸੜਕਾਂ ਦਾ ਰੱਖ-ਰਖਾਅ ਚੱਲਦਾ ਹੈ। ਜ਼ਿਮੀਂਦਾਰ ਫਸਲਾਂ ਪੈਦਾ ਕਰਕੇ ਮੰਡੀ ਵਿੱਚ ਲਿਆਉਂਦੇ ਹਨ, ਸਾਰੇ ਢਾਂਚੇ ਨੂੰ ਕਾਇਮ ਰੱਖਣ ਲਈ ਇਹ ਬਹੁਤ ਜ਼ਰੂਰੀ ਹੈ।

**ਮਾਣਯੋਗ ਸਪੀਕਰ:** ਧੰਨਵਾਦ ਜੀ। ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ ਜੀ।

**ਭੂਮੀ ਤੇ ਜਲ ਸੰਭਾਲ ਮੰਤਰੀ (ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ):** ਧੰਨਵਾਦ ਸਪੀਕਰ ਸਾਹਿਬ, ਤੁਸੀਂ ਮੈਨੂੰ ਪੰਜਾਬ ਅਤੇ ਪੰਜਾਬ ਦੇ ਕਿਸਾਨਾਂ ਲਈ ਪੇਸ਼ ਹੋਏ ਬਹੁਤ ਜ਼ਰੂਰੀ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਮਾਣਯੋਗ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮਤਾ ਪੇਸ਼ ਕੀਤਾ ਹੈ। ਸਪੀਕਰ ਸਾਹਿਬ,ਸਾਡੇ ਵਿਰੋਧੀ ਧਿਰ ਦੇ ਸਾਥੀਆਂ ਨੂੰ ਚਾਹੀਦਾ ਸੀ ਕਿਉਂਕਿ ਅਸੀਂ ਇਹ ਮਤਾ ਸਿਰਫ ਆਪਣੇ ਫਾਇਦੇ ਲਈ ਲੈ ਕੇ ਨਹੀਂ ਆਏ, ਸਾਨੂੰ ਪੰਜਾਬ ਦੇ ਲੋਕਾਂ ਨੇ ਇੱਥੇ ਚੁਣ ਕੇ ਭੇਜਿਆ ਹੈ, ਇਨ੍ਹਾਂ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਵੱਲ ਇਸ਼ਾਰਾ) ਦੇ ਹਲਕਿਆਂ ਵਿੱਚ ਵੀ ਕਿਸਾਨ ਹੋਣਗੇ, ਇਨ੍ਹਾਂ ਦੇ ਹਲਕਿਆਂ ਵਿੱਚ ਵੀ ਸੜਕਾਂ ਟੁੱਟੀਆਂ ਹੋਣਗੀਆਂ ਜਿਨ੍ਹਾਂ ਲਈ ਅੱਜ ਸੂਬਾ ਸਰਕਾਰ ਮੰਗ ਕਰ ਰਹੀ ਹੈ। ਸੋ, ਇਨ੍ਹਾਂ ਨੂੰ ਚਾਹੀਦਾ ਸੀ ਕਿ ਇੱਥੇ ਬੈਠ ਕੇ ਆਪਣੀ ਗੱਲ ਰੱਖਦੇ ਅਤੇ ਅਸੀਂ ਸੈਂਟਰ ਸਰਕਾਰ ਤੱਕ ਸਾਂਝੀ ਆਵਾਜ਼ ਭੇਜਦੇ ਕਿ ਇਹ ਪੰਜਾਬ ਅਤੇ ਪੰਜਾਬ ਦੇ ਕਿਸਾਨਾਂ ਨਾਲ ਸਬੰਧਿਤ ਮਸਲਾ ਹੈ ਪਰ ਇਨ੍ਹਾਂ ਨੇ ਹਰ ਸੈਸ਼ਨ ਵਿੱਚ ਵਾਕ ਆਊਟ ਕਰਨਾ ਹੁੰਦਾ ਹੈ, ਹੁਣ ਇਹ ਚਲੇ ਗਏ ਹਨ।

ਸਪੀਕਰ ਸਾਹਿਬ, ਜਿਵੇਂ ਮੰਤਰੀ ਸਾਹਿਬ ਨੇ ਮੇਰੇ ਤੋਂ ਪਹਿਲਾਂ ਬੋਲਦਿਆਂ ਇਸ ਗੱਲ ਦਾ ਜ਼ਿਕਰ ਕੀਤਾ ਹੈ ਕਿ ਜਦੋਂ ਵੀ ਇਸ ਦੇਸ਼ ਨੂੰ ਜ਼ਰੂਰਤ ਪਈ ਹੈ ਤਾਂ ਪੰਜਾਬ ਦੇ ਲੋਕਾਂ ਅਤੇ ਕਿਸਾਨਾਂ ਨੇ ਕਦੇ ਵੀ ਹੱਥ ਪਿੱਛੇ ਨਹੀਂ ਖਿੱਚਿਆ। ਭਾਵੇਂ ਦੇਸ਼ ਆਜ਼ਾਦ ਹੋਣ ਤੋਂ ਬਾਅਦ ਜਾਂ ਪਹਿਲਾਂ ਦੀ ਗੱਲ ਹੋਵੇ, ਦੇਸ਼ ਤਾਂ ਸਾਰਾ ਆਜ਼ਾਦ ਹੋਇਆ, ਪਹਿਲਾਂ ਤਾਂ ਸਾਰਾ ਦੇਸ਼ ਹੀ ਗੁਲਾਮ ਸੀ। ਪੰਜਾਬੀਆਂ ਨੇ ਸਭ ਤੋਂ ਵੱਧ 80% ਸ਼ਹਾਦਤਾਂ ਦਿੱਤੀਆਂ ਅਤੇ ਉਸ ਤੋਂ ਬਾਅਦ ਦੇਸ਼ ਦੀ ਰੱਖਿਆ ਕਰਨ ਲਈ ਵੀ ਭਾਵੇਂ 1965 ਦੀ ਲੜਾਈ ਹੋਈ ਜਾਂ 1971 ਦੀ ਲੜਾਈ ਹੋਈ, ਉਸ ਵਿੱਚ ਸਾਡੇ ਪੰਜਾਬ ਦੇ ਨੌਜਵਾਨਾਂ ਨੇ ਹਿੱਕਾਂ ਤੇ ਗੋਲੀਆਂ ਖਾਧੀਆਂ।

ਮੈਂ ਹਰੀ ਕ੍ਰਾਂਤੀ ਬਾਰੇ ਵੀ ਗੱਲ ਕਰਾਂਗਾ ਕਿ ਚੌਲ ਸਾਡੀ ਮੁੱਖ ਖੁਰਾਕ ਨਹੀਂ ਹੈ। ਪਹਿਲਾਂ ਸਾਡੇ ਦੇਸ਼ ਨੂੰ ਠੂਠਾ ਲੈ ਕੇ ਅਮਰੀਕਾ ਵਰਗੀਆਂ ਵੱਡੀਆਂ ਤਾਕਤਾਂ ਅੱਗੇ ਹੱਥ ਅੱਡਣਾ ਪੈਂਦਾ ਸੀ। ਜੇਕਰ ਦੇਸ਼ ਨੂੰ ਆਤਮ ਨਿਰਭਰ ਕੀਤਾ ਹੈ ਤਾਂ ਪੰਜਾਬ ਅਤੇ ਪੰਜਾਬ ਦੇ ਕਿਸਾਨਾਂ ਨੇ ਕੀਤਾ ਹੈ। ਉਹ ਇਵੇਂ ਹੀ ਨਹੀਂ ਹੋ ਗਿਆ ਜੀ, ਅਸੀਂ ਆਪਣਾ ਪਾਣੀ ਬਰਬਾਦ ਕਰ ਲਿਆ, ਅਸੀਂ ਆਪਣੀ ਧਰਤੀ ਬਰਬਾਦ ਕਰ ਲਈ, ਅਸੀਂ ਦੇਸ਼ ਨੂੰ ਆਤਮ ਨਿਰਭਰ ਕਰਨ ਲਈ ਇਹ ਸਭ ਕੁਝ ਕੀਤਾ ਪਰੰਤੂ ਸਾਨੂੰ ਇੰਨਾ ਕੁਝ ਕਰਨ ਦੇ ਬਾਵਜੂਦ ਵੀ ਕੋਈ ਪੈਕੇਜ ਨਹੀਂ ਮਿਲਿਆ। ਜੇ ਇੱਥੇ ਪੰਜਾਬ ਵਿੱਚ ਮਾੜਾ ਦੌਰ ਅੱਤਵਾਦ ਆਇਆ ਤਾਂ ਇੱਥੇ ਜਿਹੜੇ ਪੁਲਿਸ ਵਾਲੇ ਮਰੇ ਹਨ, ਉਹ ਵੀ ਸਾਡੇ ਮਰੇ ਹਨ, ਸਾਡੇ ਪੰਜਾਬ ਦੇ ਬੱਚਿਆਂ ਦੀਆਂ ਜਾਨਾਂ ਗਈਆਂ ਸਨ। ਜੇ ਪੰਜਾਬ ਵਿੱਚ ਮਿਲਟਰੀ ਆਈ ਤਾਂ ਉਸ ਦਾ ਖਰਚਾ ਵੀ ਪੰਜਾਬ ਤੇ ਪਾ ਦਿੱਤਾ ਗਿਆ ਜਿਸ ਕਰਕੇ ਕਰਜ਼ਾ ਵਧਦਾ ਹੋਇਆ 3 ਲੱਖ ਕਰੋੜ ਰੁਪਏ ਤੱਕ ਪਹੁੰਚ ਚੁੱਕਿਆ ਹੈ। ਉਸ ਤੋਂ ਬਾਅਦ ਇਹ ਵੀ ਅੱਜ ਤੱਕ ਕਦੇ ਨਹੀਂ ਹੋਇਆ ਕਿ ਜਦੋਂ ਵੀ ਸੈਂਟਰ ਦੀਆਂ ਇਲੈਕਸ਼ਨਾਂ ਹੁੰਦੀਆਂ ਹਨ ਤਾਂ ਸਰਕਾਰ ਨੇ ਕਿਸੇ ਸੂਬੇ ਲਈ ਕਦੇ ਪੈਕੇਜ ਨਾ ਦਿੱਤਾ ਹੋਵੇ, ਬਿਹਾਰ ਜਾ ਕੇ ਪੈਕੇਜ ਅਨਾਊਂਸ ਕਰ ਦਿੰਦੇ ਹਨ। ਮੈਂ ਇਹ ਨਹੀਂ ਕਹਿੰਦਾ ਕਿ ਕਿਸੇ ਸੂਬੇ ਦਾ ਦੇਸ਼ ਲਈ ਰੋਲ ਨਹੀਂ ਹੈ, ਸਾਰੇ ਸੂਬਿਆਂ ਦੇ ਨੌਜਵਾਨ ਸਰਹੱਦਾਂ ਤੇ ਰਾਖੀ ਕਰਦੇ ਹਨ, ਸਾਰੇ ਸੂਬਿਆਂ ਦਾ ਆਪਣਾ ਆਪਣਾ ਰੋਲ ਹੈ ਪਰ ਸਾਡਾ ਰੋਲ ਸਭ ਤੋਂ ਵੱਧ ਹੈ। ਹਰੇਕ ਸੂਬੇ ਨੂੰ ਕੋਈ ਨਾ ਕੋਈ ਸਪੈਸ਼ਲ ਪੈਕੇਜ ਮਿਲ ਜਾਂਦਾ ਹੈ। ਪੰਜਾਬੀਆਂ ਨੇ ਇੰਨੀਆਂ ਕੁਰਬਾਨੀਆਂ ਦਿੱਤੀਆਂ ਅਤੇ ਇੰਨਾ ਸੰਤਾਪ ਭੋਗਿਆ ਪਰੰਤੂ ਕਦੇ ਕਿਸੇ ਕੇਂਦਰ ਸਰਕਾਰ ਨੇ ਸਾਨੂੰ ਕੋਈ ਸਪੈਸ਼ਲ ਪੈਕੇਜ ਨਹੀਂ ਦਿੱਤਾ। ਮਿਲਟਰੀ ਤੱਕ ਦਾ ਖਰਚਾ ਵੀ ਸਾਡੇ ਤੇ ਪਾ ਦਿੱਤਾ ਗਿਆ। ਉਸ ਤੋਂ ਬਾਅਦ ਵੀ ਭਾਵੇਂ ਜਿਹੜੇ ਸਾਥੀ ਉੱਠ ਕੇ ਚਲੇ ਗਏ ਜਾਂ ਪਹਿਲਾਂ ਜਿਨ੍ਹਾਂ ਦੀਆਂ ਸਰਕਾਰਾਂ ਰਹੀਆਂ ਹਨ, ਇਨ੍ਹਾਂ ਦੀਆਂ ਸਮੇਂ ਸਮੇਂ ਤੇ ਕੇਂਦਰ ਵਿੱਚ ਸਰਕਾਰਾਂ ਬਣਦੀਆਂ ਰਹੀਆਂ ਹਨ। ਸਾਡੇ ਜਿੰਨੇ ਗੁਆਂਢੀ ਸੂਬੇ ਹਨ, ਉਨ੍ਹਾਂ ਵਿੱਚੋਂ ਕਦੇ ਹਿਮਾਚਲ ਨੂੰ ਟੈਕਸ ਵਿੱਚ ਛੋਟ ਦੇ ਦਿੱਤੀ ਗਈ, ਕਦੇ ਉਤਰਾਖੰਡ ਨੂੰ ਟੈਕਸ ਵਿੱਚ ਛੋਟ ਦੇ ਦਿੱਤੀ ਗਈ, ਸਾਡੀ ਸਾਰੀ ਇੰਡਸਟਰੀ ਉੱਥੇ ਜਾਂਦੀ ਰਹੀ। ਜਦੋਂ ਗੁਆਂਢੀ ਸੂਬੇ ਵਿੱਚ

ਟੈਕਸ ਦੀ ਛੋਟ ਹੈ ਤਾਂ ਇੰਡਸਟਰੀ ਇੱਥੇ ਕਿਉਂ ਆਵੇਗੀ? ਹਮੇਸ਼ਾ ਪੰਜਾਬ ਦੇ ਨਾਲ ਹਰ ਜਗ੍ਹਾ ਤੇ ਵਿਤਕਰਾ ਕੀਤਾ ਗਿਆ। ਹੁਣ ਤਾਂ ਹੱਦ ਹੀ ਹੋ ਗਈ ਹੈ। ਇਸ ਦਾ ਇੱਕੋ ਇੱਕ ਕਾਰਨ ਹੈ। ਇਨ੍ਹਾਂ ਨੂੰ ਪਤਾ ਹੈ ਕਿ ਜਿਹੜਾ ਪੈਸਾ ਲੱਗਣਾ ਹੈ, ਉਹ ਪਿੰਡਾਂ ਦੀਆਂ ਜਿਹੜੀਆਂ ਸੜਕਾਂ ਮੰਡੀਆਂ ਨੂੰ ਜੋੜਦੀਆਂ ਹਨ, ਉਨ੍ਹਾਂ ਤੇ ਲੱਗਣਾ ਹੈ। ਇਹ ਸੜਕਾਂ ਅਤੇ ਮੰਡੀਆਂ ਤੇ ਲੱਗਣਾ ਹੈ।ਇਸੇ ਕਰਕੇ ਕਿਸਾਨਾਂ ਨਾਲ ਕਿੜ ਕੱਢਣ ਲਈ ਮੋਦੀ ਜੀ ਕਾਲੇ ਕਾਨੂੰਨ ਲੈ ਕੇ ਆਏ ਸਨ ਅਤੇ ਕਿਸਾਨਾਂ ਨੇ ਧੌਣ ਤੇ ਗੋਡਾ ਰੱਖ ਕੇ ਵਾਪਸ ਕਰਵਾਏ ਹਨ, ਇਸ ਕਾਰਨ ਹੀ ਕਿਸਾਨਾਂ ਨਾਲ ਇਹ ਵਿਵਹਾਰ ਕੀਤਾ ਜਾ ਰਿਹਾ ਹੈ। ਸਪੀਕਰ ਸਾਹਿਬ, ਹੋਰ ਕੋਈ ਕਾਰਨ ਹੀ ਨਹੀਂ ਹੈ। ਕੇਵਲ ਤੇ ਕੇਵਲ ਜਿਹੜੀ ਬਦਲਾਖੋਰੀ ਦੀ ਨੀਤੀ ਹੈ, ਉਹ ਪੰਜਾਬ ਦੇ ਕਿਸਾਨਾਂ ਨਾਲ ਕੇਂਦਰ ਸਰਕਾਰ ਵੱਲੋਂ ਅਪਣਾਈ ਜਾ ਰਹੀ ਹੈ। ਅੱਜ ਭਾਜਪਾ ਦੇ ਸਾਥੀ ਇੱਥੇ ਬੈਠੇ ਨਹੀਂ ਹਨ। ਸਾਨੂੰ ਯਾਦ ਹੈ ਜਦੋਂ ਕਿਸਾਨਾਂ ਦਾ ਬਾਰਡਰਾਂ ਤੇ ਧਰਨਾ ਚਲਦਾ ਸੀ ਤਾਂ ਉਨ੍ਹਾਂ ਨੂੰ ਵੱਖਵਾਦੀ ਕਿਹਾ ਗਿਆ ਸੀ। ਕਿਸਾਨਾਂ ਨੂੰ ਕਿਹਾ ਗਿਆ ਸੀ ਕਿ ਇਹ ਤਾਂ ਦੇਸ਼ ਨੂੰ ਤੋੜਨ ਦੀਆਂ ਗੱਲਾਂ ਕਰਦੇ ਹਨ ਪਰੰਤੂ ਉਨ੍ਹਾਂ ਕਿਸਾਨਾਂ ਦੀਆਂ ਤਿੰਨ-ਤਿੰਨ ਪੀੜ੍ਹੀਆਂ ਬਾਰਡਰਾਂ ਤੇ ਦੇਸ਼ ਦੀ ਰਾਖੀ ਕਰਦੀਆਂ ਸ਼ਹੀਦ ਹੋਈਆਂ ਹਨ। ਧਰਨਾ ਲੱਗਣ ਤੋਂ ਪਹਿਲਾਂ ਵੀ ਸਾਡੇ ਕਿਸਾਨਾਂ ਦੇ ਪੁੱਤ ਬਾਰਡਰਾਂ ਤੇ ਸ਼ਹੀਦ ਹੁੰਦੇ ਰਹੇ ਹਨ ਅਤੇ ਧਰਨਾ ਖਤਮ ਹੋਣ ਤੋਂ ਬਾਅਦ ਵੀ ਸ਼ਹੀਦੀਆਂ ਖਤਮ ਨਹੀਂ ਹੋਈਆਂ ਹਨ। ਕੱਲ੍ਹ ਸਰਦਾਰ ਮਨਜੀਤ ਸਿੰਘ ਬਿਲਾਸਪੁਰ ਜੀ ਮੰਗ ਕਰ ਰਹੇ ਸਨ ਕਿ ਸਾਡੇ ਹਲਕੇ ਵਿੱਚੋਂ ਸ਼ਹੀਦ ਹੋਏ ਜਵਾਨ ਨੂੰ ਇੱਕ ਕਰੋੜ ਰੁਪਿਆ ਦਿੱਤਾ ਜਾਵੇ, ਇਸੇ ਤਰ੍ਹਾਂ ਪੰਜਾਬ ਦੇ ਹੋਰ ਵੀ ਬਹੁਤ ਜਵਾਨ ਹਨ, ਜੋ ਸ਼ਹੀਦ ਹੋਏ ਹਨ ਔਰ ਅੱਜ ਵੀ ਪੰਜਾਬ ਵਿੱਚ ਸ਼ਹੀਦੀਆਂ ਲਗਾਤਾਰ ਜਾਰੀ ਹਨ।

ਸਪੀਕਰ ਸਾਹਿਬ, ਪੰਜਾਬ ਨਾਲ ਵਿਤਕਰਾ ਲੰਮੇ ਸਮੇਂ ਤੋਂ ਕੀਤਾ ਜਾ ਰਿਹਾ ਹੈ। ਸਰ, ਜਿਹੜਾ ਅਸੀਂ ਆਰ.ਡੀ.ਐਫ. ਮੰਗ ਰਹੇ ਹਨ, ਇਹ ਅਸੀਂ ਆਪਣਾ ਹੱਕ ਮੰਗ ਰਹੇ ਹਾਂ। ਅਸੀਂ ਕੋਈ ਭੀਖ ਨਹੀਂ ਮੰਗ ਰਹੇ, ਇਹ ਸਾਡਾ ਹੱਕ ਹੈ। ਸਾਡੇ ਜਿਹੜੇ ਆਪੋਜ਼ੀਸ਼ਨ ਦੇ ਸਾਥੀ ਹਨ, ਉਹ ਰੋਜ਼ ਕਹਿ ਦਿੰਦੇ ਹਨ ਕਿ ਇਨ੍ਹਾਂ ਨੇ ਫੰਡਾਂ ਦੀ ਦੁਰਵਰਤੋਂ ਕੀਤੀ ਹੈ। ਜੇਕਰ ਅਸੀਂ ਦੁਰਵਰਤੋਂ ਕਰ ਲਈ ਤਾਂ ਤੁਸੀਂ ਵੀ ਸਰਕਾਰ ਵਿੱਚ ਰਹੇ ਹੋ। ਜ਼ਿੰਮੇਵਾਰ ਤਾਂ ਤੁਸੀਂ ਵੀ ਹੋ। ਜਾਂ ਤਾਂ ਜਿਨ੍ਹਾਂ ਨੇ ਦੁਰਵਰਤੋਂ ਕੀਤੀ ਸੀ, ਤੁਸੀਂ ਉਨ੍ਹਾਂ ਤੇ ਕਾਰਵਾਈ ਕਰਦੇ। ਮੈਂ ਮੰਨਦਾ ਹਾਂ ਕਿ ਦੁਰਵਰਤੋਂ ਕੀਤੀ ਹੋਵੇਗੀ ਪਰੰਤੂ ਜਿਹੜੇ ਕਿਸਾਨ ਹਨ, ਉਨ੍ਹਾਂ ਦੀ ਕੀ ਗਲਤੀ ਹੈ? ਦੁਰਵਰਤੋਂ ਬਾਰੇ ਮੈਂ ਦੱਸ ਦਿੰਦਾ ਹਾਂ, ਹੁਣ ਸਾਡੇ ਸਾਥੀ ਇੱਥੇ ਬੈਠੇ ਨਹੀਂ ਹਨ। (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ ਕਰਦੇ ਹੋਏ।) ਜੇਕਰ ਇੱਥੇ ਬੈਠੇ ਹੁੰਦੇ ਤਾਂ ਗੱਲਾਂ ਸੁਣਦੇ ਔਰ ਜਵਾਬ ਵੀ ਦਿੰਦੇ। ਸਪੀਕਰ ਸਾਹਿਬ, ਤੁਸੀਂ ਵੀ ਪਿਛਲੇ ਪੰਜ ਸਾਲ ਵਿੱਚ ਮੈਂਬਰ ਰਹੇ ਹੋ। ਕਾਂਗਰਸ ਨੇ ਵਾਅਦਾ ਕੀਤਾ ਸੀ ਕਿ ਕਰਜ਼ਾ, ਕੁਰਕੀ ਖਤਮ, ਫਸਲ ਦੀ ਪੂਰੀ ਰਕਮ । ਇਸ ਤੋਂ ਇਲਾਵਾ ਜਿਹੜਾ ਦਸ ਹਜ਼ਾਰ ਕਰੋੜ ਰੁਪਏ ਦਾ ਕਰਜ਼ ਹੈ, ਜੋ ਮੰਡੀਕਰਨ ਬੋਰਡ ਦੀ ਫੀਸ ਹੈ, ਇਸ

ਉੱਤੇ ਕਰਜ਼ ਲੈ ਲਿਆ ਅਤੇ ਕਹਿੰਦੇ ਕਿ ਇਸ ਵਿੱਚੋਂ ਕੱਟ ਲਿਆ ਕਰੋ। ਉਸ ਵਿੱਚੋਂ 4600/-ਕਰੋੜ ਰੁਪਏ ਦਾ ਤਾਂ ਕਰਜ਼ਾ ਮੁਆਫ ਕਰ ਦਿੱਤਾ ਅਤੇ ਬਾਕੀ 5400/-ਕਰੋੜ ਰੁਪਏ ਦਾ ਪਤਾ ਹੀ ਨਹੀਂ ਲੱਗਿਆ ਕੀ ਕੀਤਾ। ਉਸ ਪੈਸੇ ਵਿੱਚੋਂ ਕਦੇ ਗੁਰਦਾਸ ਮਾਨ ਲਗਾ ਲਿਆ, ਕਦੇ ਕੋਈ ਗਾਇਕ ਲਗਾ ਲਿਆ ਅਤੇ ਹੋਰ ਪਤਾ ਨਹੀਂ ਕਿਹੜੇ-ਕਿਹੜੇ ਗਾਇਕ ਲਗਾਏ।(ਵਿਘਨ) ਸੁੱਖੀ ਜੀ, ਐਸੀ ਗੱਲ ਨਹੀਂ ਹੈ ਕਿ ਅਸੀਂ ਗੁਰਦਾਸ ਮਾਨ ਦੇ ਗਾਣੇ ਨਹੀਂ ਸੁਣਦੇ ਪਰ ਕਦੇ ਕਿਸਾਨਾਂ ਦੇ ਪੈਸਿਆਂ ਨਾਲ ਨਹੀਂ ਸੁਣੇ। ਇਹ ਪਹਿਲਾਂ ਪ੍ਰਿਯੰਕਾ ਚੋਪੜਾ ਨੂੰ ਵੀ ਬੁਲਾਉਂਦੇ ਰਹੇ ਹਨ।

**ਮਾਣਯੋਗ ਸਪੀਕਰ:** ਚੇਅਰ ਨੂੰ ਐਡਰੈਸ ਕਰੋ ਜੀ।

**ਭੂਮੀ ਤੇ ਜਲ ਸੰਭਾਲ ਮੰਤਰੀ:** ਅਜਿਹੀ ਗੱਲ ਨਹੀਂ ਹੈ, ਅਸੀਂ ਵੀ 'ਖੇਡਾਂ ਵਤਨ ਪੰਜਾਬ ਦੀਆਂ' ਕਰਵਾਈਆਂ ਅਤੇ ਖੇਡਾਂ ਦੌਰਾਨ ਗਾਇਕ ਵੀ ਲਗਾਏ ਹਨ ਪਰੰਤੂ ਪੰਜਾਬ ਦੇ ਲੋਕਾਂ ਦੇ ਟੈਕਸ ਦੇ ਪੈਸੇ ਵਿੱਚੋਂ ਨਹੀਂ ਲਗਾਏ। ਅਸੀਂ ਸਭ ਕੁਝ ਸਪਾਂਸਰ ਕਰਵਾ ਕੇ ਕੀਤਾ ਜਾਂ ਫਿਰ ਅਸੀਂ ਆਪਣੀ ਲਿਹਾਜ਼ ਵਿੱਚ ਗਾਇਕ ਬੁਲਾ ਕੇ ਲਗਾਏ ਕਿ ਮੁਫਤ ਵਿੱਚ ਪੰਜਾਬ ਲਈ ਗਾ ਦਿਓ ਕਿਉਂਕਿ ਪੰਜਾਬ ਇਕੱਲਾ ਸਾਡਾ ਹੀ ਨਹੀਂ ਹੈ। ਇਨ੍ਹਾਂ ਲੋਕਾਂ ਨੇ ਨਾ ਤਾਂ ਪੰਜਾਬ ਦੇ ਕਿਸਾਨਾਂ ਦਾ ਕਰਜ਼ਾ ਮੁਆਫ ਕੀਤਾ ਬਲਕਿ ਉਸ ਤੇ ਲੋਨ ਵੀ ਲੈ ਲਿਆ। ਕੇਂਦਰ ਸਰਕਾਰ ਸਾਨੂੰ ਆਰ.ਡੀ.ਐਫ. ਦੇ ਪੈਸੇ ਤਾਂ ਦੇ ਨਹੀਂ ਰਹੀ, ਉਲਟਾ ਅਸੀਂ ਦਸ ਹਜ਼ਾਰ ਕਰੋੜ ਰੁਪਏ ਦੀਆਂ ਕਿਸ਼ਤਾਂ ਲਾਹ ਰਹੇ ਹਾਂ। ਇੱਥੇ ਚੀਮਾ ਸਾਹਿਬ ਬੈਠੇ ਹਨ, ਇਹ ਬਿਜਲੀ ਵੀ ਮੁਆਫ ਕਰੀ ਜਾਂਦੇ ਹਨ, ਇਹ ਸਾਰਾ ਕੁਝ ਪਤਾ ਨਹੀਂ ਕਿਵੇਂ ਕਰਦੇ ਹਨ। ਇਨ੍ਹਾਂ ਦੀਆਂ ਜੋ ** ** ਕੀਤੀਆਂ ਹਨ, ਉਨ੍ਹਾਂ ਦੇ ਪੈਸੇ ਵੀ ਮੋੜੀ ਜਾਂਦੇ ਹਨ, ਮੈਂ ਤਾਂ ਇਨ੍ਹਾਂ ਨੂੰ ਧੰਨ ਮੰਨਦਾ ਹਾਂ। ਇਹ ਤਾਂ ਧੰਨ ਹਨ ਕਿ ਜਿਹੜੇ ਸਰਕਾਰ ਨੇ ਵਾਅਦੇ ਕੀਤੇ ਹਨ, ਉਹ ਵੀ ਪੂਰੇ ਕਰੀ ਜਾਂਦੇ ਹਨ। ਮੈਂ ਤਾਂ ਵਿੱਤ ਮੰਤਰੀ ਜੀ ਨੂੰ ਵਧਾਈ ਦਿੰਦਾ ਹਾਂ।

**ਮਾਣਯੋਗ ਸਪੀਕਰ:** ** ਸ਼ਬਦ ਕੱਟਿਆ ਜਾਵੇ।

**ਭੂਮੀ ਤੇ ਜਲ ਸੰਭਾਲ ਮੰਤਰੀ:** ਮੈਂ ਮਾਣਯੋਗ ਮੰਤਰੀ ਈ.ਟੀ.ਓ. ਸਾਹਿਬ ਨੂੰ ਵੀ ਵਧਾਈ ਦਿੰਦਾ ਹਾਂ। ਪਿੱਛੇ ਜਿਹੇ ਇਨ੍ਹਾਂ ਨੇ ਸੜਕਾਂ ਨੂੰ ਪੈਸੇ ਦੇਣ ਦੀ ਲਿਸਟ ਕੱਢੀ ਹੈ। ਕੋਈ ਆਰ.ਡੀ.ਐਫ. ਫੰਡ ਨਹੀਂ ਆ ਰਿਹਾ ਹੈ, ਫਿਰ ਵੀ ਇਨ੍ਹਾਂ ਨੇ ਘੱਟੋ-ਘੱਟ ਸੌ ਸੜਕ ਬਣਾਉਣ ਦੀ ਲਿਸਟ ਕੱਢੀ ਹੈ ਕਿ ਇਨ੍ਹਾਂ ਸੜਕਾਂ ਨੂੰ ਪੈਸੇ ਦੇਵਾਂਗੇ। ਹਾਲਾਂਕਿ ਮੇਰੇ ਹਲਕੇ ਦੀ ਇੱਕੋ ਹੀ ਸੜਕ ਹੈ। ਇਨ੍ਹਾਂ ਨੇ ਇਸ ਲਿਸਟ ਵਿੱਚ ਹੋਰ ਹਲਕਿਆਂ ਦੀਆਂ ਬੜੀਆਂ ਸੜਕਾਂ ਸ਼ਾਮਿਲ ਕੀਤੀਆਂ ਹਨ ਪਰ ਮੈਂ ਆਪਣੀ ਇੱਕ ਸੜਕ ਲਈ ਵੀ ਧੰਨਵਾਦ ਕਰਦਾ ਹਾਂ ਅਤੇ ਅਪੀਲ ਵੀ ਕਰਦਾ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਦੂਜੀਆਂ ਸੜਕਾਂ ਵੀ ਸ਼ਾਮਿਲ ਕਰ ਦੇਣਗੇ।

---

** Expunged as ordered by the Chair.

**ਮਾਣਯੋਗ ਸਪੀਕਰ:** ਮੇਰੇ ਹਲਕੇ ਵਾਸਤੇ ਵੀ ਇੱਕ ਅੱਧੀ ਸੜਕ ਮੰਗ ਲੈਣਾ । (ਹਾਸਾ)

**ਭੂਮੀ ਤੇ ਜਲ ਸੰਭਾਲ ਮੰਤਰੀ :** ਮੈਂ ਵਧਾਈ ਦਿੰਦਾ ਹਾਂ ਕਿ ਸਾਡੀ ਸੂਬਾ ਸਰਕਾਰ ਦੀ 40 ਪ੍ਰਤੀਸ਼ਤ ਰੈਵੇਨਿਯੂ ਕਮਾਈ ਵਧੀ ਹੈ। ਪਿਛਲੇ ਸਾਲ ਵਿੱਚ ਅੱਜ ਤੱਕ ਨਹੀਂ ਹੋਇਆ ਕਿ 40 ਪ੍ਰਤੀਸ਼ਤ ਰੈਵੇਨਿਯੂ ਕਮਾਈ ਵਧੀ ਹੋਵੇ। ਇਸ ਲਈ ਮੈਂ ਚੀਮਾ ਸਾਹਿਬ ਨੂੰ ਵਧਾਈ ਦਿੰਦਾ ਹਾਂ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਸੋ, ਮੁੱਖ ਮੰਤਰੀ ਸਾਹਿਬ ਅਤੇ ਚੀਮਾ ਸਾਹਿਬ ਨੂੰ ਇਸ ਲਈ ਵਧਾਈ ਦਿੰਦਾ ਹਾਂ ਕਿਉਂਕਿ ਕਹਿ ਦਿੰਦੇ ਹਾਂ ਕਿ ਤੁਸੀਂ ਤਾਂ ਕੁਝ ਨਹੀਂ ਕੀਤਾ। ਸੋ, ਅਸੀਂ ਕੋਈ ਜੇਬ ਵਿੱਚੋਂ ਨਹੀਂ ਕੀਤਾ।ਜੋ ਵੀ ਕੀਤਾ ਹੈ ਉਸ ਦੇ ਲਈ ਪਹਿਲਾਂ ਕਮਾਈ ਵਧਾਈ ਅਤੇ ਫਿਰ ਉਸ ਵਿੱਚੋਂ ਹੀ 29 ਹਜ਼ਾਰ ਮੁਲਾਜ਼ਮਾਂ ਨੂੰ ਨੌਕਰੀਆਂ ਦਿੱਤੀਆਂ। ਕਮਾਈ ਵਧਾ ਕੇ ਹੀ ਕੱਚੇ ਮੁਲਾਜ਼ਮਾਂ ਨੂੰ ਪੱਕਾ ਕੀਤਾ। ਕਮਾਈ ਵਧਾ ਕੇ ਬਿਜਲੀ ਦੇ 600 ਯੂਨਿਟ ਮੁਫਤ ਕੀਤੇ। ਅੱਜ ਭਾਵੇਂ ਸੈਂਟਰ ਵਿਤਕਰਾ ਕਰ ਰਿਹਾ ਹੈ ਪਰ ਮੰਤਰੀ ਸਾਹਿਬ ਫਿਰ ਵੀ ਸੜਕਾਂ ਬਣਾ ਰਹੇ ਹਨ। ਸਰ, ਹਰੇਕ ਜ਼ਿਲ੍ਹਿਆਂ ਵਿੱਚ ਬਹੁਤ ਕੰਮ ਹੈ। ਇਸ ਲਈ ਅਸੀਂ ਪੁਰਜ਼ੋਰ ਮੰਗ ਕਰਦੇ ਹਾਂ ਕਿ ਅਤੇ ਜੋ ਮੰਤਰੀ ਸਾਹਿਬ ਮਤਾ ਲੈ ਕੇ ਆਏ ਹਨ ਮੈਂ ਉਸ ਦੀ ਪ੍ਰੋੜ੍ਹਤਾ ਕਰਦਾ ਹਾਂ ਕਿ ਸੈਂਟਰ ਨੂੰ ਤੁਰੰਤ ਫੰਡ ਜਾਰੀ ਕਰਨੇ ਚਾਹੀਦੇ ਹਨ।

**ਮਾਣਯੋਗ ਸਪੀਕਰ:** ਬਹੁਤ ਬਹੁਤ ਧੰਨਵਾਦ ਜੀ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ (ਬੰਗਾ, ਐਸ.ਸੀ.):** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਮੰਤਰੀ ਸਾਹਿਬ ਨੇ ਸਦਨ ਵਿੱਚ ਜੋ ਸਿਫਾਰਸ਼ ਕੀਤੀ ਹੈ ਕਿ ਸਾਨੂੰ ਸੈਂਟਰ ਵਿੱਚ ਵਣ ਰੋਕਣ ਵਾਲਾ ਮੁੱਦਾ ਉਠਾਉਣਾ ਚਾਹੀਦਾ ਹੈ, ਅਸੀਂ ਮੰਤਰੀ ਸਾਹਿਬ ਨਾਲ ਸਹਿਮਤ ਹਾਂ। ਸੈਂਟਰ ਦੀ ਸਰਕਾਰ ਨੂੰ ਪੰਜਾਬ ਨਾਲ ਧੱਕਾ ਨਹੀਂ ਕਰਨਾ ਚਾਹੀਦਾ। ਸੈਂਟਰ ਸਰਕਾਰ ਨੂੰ ਜਲਦੀ ਤੋਂ ਜਲਦੀ ਆਰ.ਡੀ.ਐਫ. ਦੇ ਪੈਸੇ ਰਿਲੀਜ਼ ਕਰਨੇ ਚਾਹੀਦੇ ਹਨ ਤਾਂ ਕਿ ਪੰਜਾਬ ਦੇ ਕਿਸਾਨਾਂ ਅਤੇ ਪੰਜਾਬ ਦੇ ਲੋਕਾਂ ਦਾ ਭਲਾ ਹੋ ਸਕੇ। ਅਕਸਰ ਇੱਧਰੋਂ ਆਵਾਜ਼ ਆਉਂਦੀ ਰਹਿੰਦੀ ਹੈ ਕਿ ਪਿਛਲੇ 70 ਸਾਲਾਂ ਵਿੱਚ ਕੁਝ ਨਹੀਂ ਹੋਇਆ। ਮੰਤਰੀ ਸਾਹਿਬ ਨੇ ਬਹੁਤ ਹੀ ਸੱਚ ਬੋਲਿਆ ਹੈ ਕਿ 70 ਸਾਲਾਂ ਵਿੱਚ ਕਿਸਾਨਾਂ ਨੇ ਅਤੇ ਸਰਕਾਰਾਂ ਨੇ ਬਹੁਤ ਕੁਝ ਕੀਤਾ ਹੈ। ਮੈਂ ਇਹ ਗੱਲ ਜ਼ਰੂਰ ਕਹਿਣੀ ਚਾਹੁੰਦਾ ਹਾਂ ਕਿ ਅੱਜ ਇੱਥੇ ਗੁਰਦਾਸ ਮਾਨ ਅਤੇ ਹੋਰ ਕਲਾਕਾਰਾਂ ਦੀ ਗੱਲ ਹੋਈ ਹੈ। ਜੇਕਰ ਕਿਸੇ ਨੇ ਕੁਝ ਗਲਤ ਕੀਤਾ ਹੈ ਤਾਂ ਨਹੀਂ ਕਰਨਾ ਚਾਹੀਦਾ ਸੀ ਪਰ ਇਸ ਦੇ ਨਾਲ ਨਾਲ ਇਹ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਪੰਜਾਬ ਦੇ ਲੋਕਾਂ ਦੀ ਕਰੋੜਾਂ ਰੁਪਏ ਦੀ ਕਮਾਈ ਦੂਜੇ ਸੂਬਿਆਂ ਵਿੱਚ ਇਸ਼ਤਿਹਾਰਬਾਜ਼ੀ ਤੇ ਨਹੀਂ ਖਰਚਣੀ ਚਾਹੀਦੀ। ਅਸੀਂ ਦੂਜੇ ਸੂਬਿਆਂ ਵਿੱਚ ਆਪਣੇ ਜਹਾਜ਼ ਲਿਜਾ ਕੇ ਉਨ੍ਹਾਂ ਸੂਬਿਆਂ ਦੀਆਂ ਇਲੈਕਸ਼ਨਾਂ ਵਿੱਚ ਕਰੋੜਾਂ ਰੁਪਏ ਖਰਚਦੇ ਹਾਂ ਪਰ ਅਸੀਂ ਸਰਕਾਰੀ ਮੁਲਾਜ਼ਮਾਂ ਦਾ ਬਕਾਇਆ ਅਜੇ ਤੱਕ ਨਹੀਂ ਦੇ ਸਕੇ। ਸਾਨੂੰ ਇਨ੍ਹਾਂ ਗੱਲਾਂ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ।

ਸਪੀਕਰ ਸਾਹਿਬ, ਮੈਂ ਇਹ ਸਮਝਦਾ ਹਾਂ ਕਿ ਸ਼੍ਰੀ ਆਨੰਦਪੁਰ ਸਾਹਿਬ ਦਾ ਜਿਹੜਾ ਮਤਾ ਸੀ, ਜਿਹੜਾ ਸੂਬੇ ਦੇ ਵੱਧ ਅਧਿਕਾਰਾਂ ਦੀ ਗੱਲ ਕਰਦਾ ਹੈ, ਬੀ.ਜੇ.ਪੀ. ਦੀ ਸਰਕਾਰ ਨੇ ਉਸ ਨੂੰ ਆਪਣੀਆਂ N.C.E.R.T ਦੀਆਂ ਕਿਤਾਬਾਂ ਵਿੱਚ ਵੱਖਰੇ ਤਰੀਕੇ ਨਾਲ ਪੇਸ਼ ਕੀਤਾ ਹੈ, ਉਨ੍ਹਾਂ ਵੱਲੋਂ ਕਿਹਾ ਗਿਆ ਕਿ ਪੰਜਾਬੀ ਲੋਕ ਵੱਖਵਾਦੀ ਹਨ। ਇਹ ਦੇਸ਼ ਵਿਰੋਧੀ ਲੋਕ ਹਨ। ਅਸੀਂ ਉਸ ਦੀ ਨਿਖੇਧੀ ਵੀ ਕਰਦੇ ਹਾਂ। ਮੈਂ ਇਹ ਸਮਝਦਾ ਹਾਂ ਕਿ ਸਾਨੂੰ ਅੱਜ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਸੂਬੇ ਦੇ ਵੱਧ ਅਧਿਕਾਰਾਂ ਦੀ ਗੱਲ ਕਰਨੀ ਚਾਹੀਦੀ ਹੈ। ਜੇਕਰ ਅਸੀਂ ਸੱਚੇ ਪੰਜਾਬੀ ਹਾਂ ਤਾਂ ਸਾਨੂੰ ਸਭ ਨੂੰ ਰਲ-ਮਿਲ ਕੇ ਸੂਬੇ ਦੇ ਵੱਧ ਅਧਿਕਾਰਾਂ ਦੀ ਗੱਲ ਕਰਨੀ ਚਾਹੀਦੀ ਹੈ। ਬਾਕੀ ਤੁਸੀਂ ਵੀ ਮੁੰਬਈ ਵਿੱਚ ਐਮ.ਐਲ.ਏਜ਼ ਦੀ ਕਾਨਫਰੰਸ ਤੇ ਕਰੋੜਾਂ ਰੁਪਏ ਖਰਚ ਕੇ ਆਏ ਹੋ। ਸਪੀਕਰ ਸਾਹਿਬ, ਜੇਕਰ ਅੱਜ ਤੁਸੀਂ ਇਕੱਲੇ ਇਕੱਲੇ ਐਮ.ਐਲ.ਏਜ਼ ਨੂੰ 5-5, 7-7 ਮਿੰਟ ਬੋਲਣ ਲਈ ਦੇ ਦਿੰਦੇ ਤਾਂ ਉਸ ਵਿੱਚ ਆਪਣੇ ਆਪਣੇ ਹਲਕੇ ਦੇ ਲੋਕਾਂ ਦੀਆਂ ਮੁਸ਼ਕਿਲਾਂ ਬਾਰੇ ਤੁਹਾਨੂੰ ਬੇਨਤੀ ਕਰ ਲੈਂਦੇ ਅਤੇ ਅੱਗੇ ਤੁਸੀਂ ਸਰਕਾਰ ਨੂੰ ਬੇਨਤੀ ਕਰਦੇ ਕਿ ਇਨ੍ਹਾਂ ਮੁਸ਼ਕਿਲਾਂ ਦਾ ਹੱਲ ਕੀਤਾ ਜਾਵੇ ਤਾਂ ਬਹੁਤ ਚੰਗੀ ਗੱਲ ਹੋਣੀ ਸੀ।ਜੇਕਰ ਕਿਸੇ ਹਲਕੇ ਵਿੱਚੋਂ ਆਪੋਜ਼ੀਸ਼ਨ ਦੇ ਐਮ.ਐਲ.ਏ. ਚੁਣ ਕੇ ਆਉਂਦੇ ਹਨ ਤਾਂ ਉਸ ਹਲਕੇ ਦੇ ਲੋਕ ਵੀ ਤੁਹਾਡੇ ਹੀ ਹਨ, ਉਹ ਲੋਕ ਬੇਗਾਨੇ ਨਹੀਂ ਹਨ। ਮੈਂ ਇਹ ਵੀ ਮੰਗ ਕਰਦਾ ਹਾਂ ਕਿ ਜਦੋਂ ਪਿਛਲੀ ਵਾਰੀ ਤੁਸੀਂ ਆਪੋਜ਼ੀਸ਼ਨ ਵਿੱਚ ਬੈਠੇ ਸੀ ਤਾਂ ਅਕਸਰ ਅਸੀਂ ਇਹੀ ਮੰਗ ਕਰਦੇ ਸੀ ਕਿ ਐਮ.ਐਲ.ਏਜ਼ ਨੂੰ ਕੋਈ ਫੰਡ ਦਿੱਤਾ ਜਾਵੇ ਤਾਂ ਕਿ ਜਦੋਂ ਉਹ ਆਪਣੇ ਹਲਕੇ ਵਿੱਚ ਜਾਵੇ ਤਾਂ ਹਲਕੇ ਵਿੱਚ ਕਿਸੇ ਪਿੰਡ ਨੂੰ ਕੋਈ ਲੋੜ ਹੈ ਤਾਂ ਉਨ੍ਹਾਂ ਲੋੜਾਂ ਨੂੰ ਪੂਰਾ ਕੀਤਾ ਜਾ ਸਕੇ। ਜਦੋਂ ਅਸੀਂ ਕਿਸੇ ਖੇਡ ਮੇਲੇ ਵਿੱਚ ਜਾਂਦੇ ਹਾਂ ਤਾਂ ਉਹ ਸਾਡੇ ਤੋਂ ਡਿਮਾਂਡ ਕਰਦੇ ਹਨ ਕਿ ਥੋੜ੍ਹੇ ਬਹੁਤ ਪੈਸੇ ਐਮ.ਐਲ.ਏ. ਵੱਲੋਂ ਦਿੱਤੇ ਜਾਣ ਪਰ ਮੈਨੂੰ ਇਸ ਗੱਲ ਦਾ ਬਹੁਤ ਅਫਸੋਸ ਹੈ ਕਿ ਕੱਲ੍ਹ ਤੱਕ ਇਹ ਗੱਲ ਕਰਦੇ ਸੀ ਕਿ ਸਾਡਾ ਕੋਈ ਫੰਡ ਹੋਣਾ ਚਾਹੀਦਾ ਹੈ ਅਤੇ ਅੱਜ ਸਵਾ ਸਾਲ ਹੋ ਗਿਆ ਤੁਸੀਂ ਸਾਰੇ ਚੁੱਪ ਕਰਕੇ ਬੈਠੇ ਹੋ। ਇਸ ਤੇ ਵੀ ਤੁਹਾਨੂੰ ਵਿਚਾਰ ਕਰਨਾ ਚਾਹੀਦਾ ਹੈ। ਅਸੀਂ ਆਪੋਜ਼ੀਸ਼ਨ ਵਿੱਚ ਤਾਂ ਘੱਟ ਹੀ ਮੈਂਬਰ ਹਾਂ ਪਰ ਤੁਸੀਂ ਤਾਂ ਗਿਣਤੀ ਵਿੱਚ ਵੀ 92 ਹੋ। ਤੁਹਾਨੂੰ ਵੀ ਇਸ ਦੀ ਲੋੜ ਹੈ। ਤੁਹਾਡੇ ਇੱਕ ਐਮ.ਐਲ.ਏ. ਸਾਹਿਬ ਨੂੰ ਮੈਂ ਪੁੱਛਿਆ ਕਿ ਤੁਸੀਂ ਕਿਵੇਂ ਸਭ ਕੁਝ ਮੈਨੇਜ ਕਰਦੇ ਹੋ ਉਹ ਕਹਿੰਦੇ ਕਿ ਖਾਲੀ ਹੱਥੀਂ ਜਾਂਦੇ ਹਾਂ ਅਤੇ ਖਾਲੀ ਹੱਥੀਂ ਵਾਪਸ ਆ ਜਾਂਦੇ ਹਾਂ। ਉਹ ਮੰਗਦੇ ਰਹਿੰਦੇ ਹਨ ਅਤੇ ਅਸੀਂ ਹੱਸ ਕੇ ਵਾਪਿਸ ਆ ਜਾਂਦੇ ਹਾਂ। ਇਹ ਨਹੀਂ ਹੋਣਾ ਚਾਹੀਦਾ। ਜਦੋਂ ਕਿਤੇ ਐਮ.ਪੀ. ਜਾਂਦਾ ਹੈ ਤਾਂ ਉਹ ਲੱਖ, ਦੋ ਲੱਖ ਰੁਪਿਆ ਦੇ ਸਕਦਾ ਹੈ।ਇਸੇ ਤਰ੍ਹਾਂ ਐਮ.ਐਲ.ਏ. ਲਈ ਵੀ ਕੋਈ 10 ਜਾਂ 15 ਹਜ਼ਾਰ ਰੁਪਏ ਦਾ ਫੰਡ ਹੀ ਬਣਾ ਦਿਓ। ਇਹ ਸਰਕਾਰਾਂ ਆਉਂਦੀਆਂ ਜਾਂਦੀਆਂ ਰਹਿਣੀਆਂ ਹਨ। ਤੁਸੀਂ ਕਦੀ ਇੱਧਰਲੇ ਪਾਸੇ ਬੈਠਦੇ ਸੀ ਅਤੇ ਅੱਜ ਇੱਧਰਲੇ ਪਾਸੇ ਬੈਠ ਗਏ ਹੋ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ ਕਰਦੇ ਹੋਏ।) ਅੱਜ ਅਸੀਂ ਇੱਧਰ ਬੈਠੇ

ਹਾਂ ਅਤੇ ਕੱਲ੍ਹ ਉੱਧਰ ਵਾਲੇ ਪਾਸੇ ਬੈਠਾਂਗੇ। ਇਸ ਦਾ ਕਿਸੇ ਨੂੰ ਪਤਾ ਨਹੀਂ ਕਿ ਕਿਸ ਨੇ ਕਿੱਧਰ ਜਾਣਾ ਹੈ। ਮੇਰੇ ਕਹਿਣ ਦਾ ਮਤਲਬ ਸਿਰਫ ਇਹ ਹੈ ਕਿ ਘੱਟ ਤੋਂ ਘੱਟ ਇੱਕ ਐਮ.ਐਲ.ਏ. ਦੀ ਤਾਂ ਕਦਰ ਕਰੀਏ, ਆਪੋਜੀਸ਼ਨ ਵਾਲਿਆਂ ਨੂੰ ਤਾਂ ਮਿਲਿਆ ਹੀ ਕੁਝ ਨਹੀਂ ਹੈ। ਅਸੀਂ ਦੂਜਿਆਂ ਨੂੰ ਤਾਂ ਕਹਿੰਦੇ ਹਾਂ ਕਿ ਆਰ.ਡੀ.ਐਫ. ਦੇ ਪੈਸੇ ਆ ਜਾਣ ਪਰ ਅਸੀਂ ਆਪਣੇ ਵਿੱਚ ਕਿਹੜਾ ਬਦਲਾਅ ਲਿਆਂਦਾ ਹੈ? ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਤੁਹਾਨੂੰ ਥੋੜ੍ਹਾ ਬਹੁਤ ਬਦਲਾਅ ਲਿਆਉਣਾ ਚਾਹੀਦਾ ਹੈ। ਤੁਹਾਨੂੰ ਇਸ ਪਾਸੇ ਵੱਲ ਤੁਰਨਾ ਚਾਹੀਦਾ ਹੈ। ਅਸੀਂ ਇਸ ਮਸਲੇ ਵਿੱਚ ਤੁਹਾਡੇ ਨਾਲ ਹਾਂ ਅਤੇ ਬਾਕੀ ਮਸਲਿਆਂ ਦੇ ਵਿੱਚ ਵੀ ਤੁਹਾਡੇ ਨਾਲ ਤੁਰਾਂਗੇ ਪਰ ਪੰਜਾਬ ਦੇ ਲੋਕਾਂ ਦੀ ਭਲਾਈ ਦੀ ਗੱਲ ਕਰੀਏ। ਪੰਜਾਬ ਦੀ ਭਲਾਈ ਤਾਂ ਹੀ ਹੋ ਸਕਦੀ ਹੈ ਜੇਕਰ ਤੁਸੀਂ ਉਨ੍ਹਾਂ ਦੇ ਨੁਮਾਇੰਦਿਆਂ ਦੀ ਪੁੱਛ-ਗਿੱਛ ਕਰੋਗੇ। ਸੋ, ਮੇਰੀ ਬੇਨਤੀ ਹੈ ਕਿ ਇਨ੍ਹਾਂ ਗੱਲਾਂ ਵੱਲ ਧਿਆਨ ਦਿੱਤਾ ਜਾਵੇ। ਜਿਹੜੇ ਆਲੇ ਦੁਆਲੇ ਪੈਸੇ ਖਰਚੇ ਜਾਂਦੇ ਹਨ, ਉਹ ਪੈਸੇ ਜਿਸ ਪਰਪਜ਼ ਲਈ ਆਉਂਦੇ ਹਨ, ਉਸੇ ਪਰਪਜ਼ ਲਈ ਵਰਤੇ ਜਾਣ। ਬਾਕੀ ਅਸੀਂ ਸਾਰੇ ਤੁਹਾਡੇ ਨਾਲ ਹਾਂ, ਜਦੋਂ ਵੀ ਸਰਕਾਰ ਕੋਲ ਜਾਣ ਦੀ ਲੋੜ ਪਈ ਤਾਂ ਅਸੀਂ ਵੀ ਤੁਹਾਡੇ ਨਾਲ ਜਾਵਾਂਗੇ। ਧੰਨਵਾਦ ਜੀ।

**ਮਾਣਯੋਗ ਸਪੀਕਰ** : ਮਾਣਯੋਗ ਐਮ.ਐਲ.ਏ. ਸਾਹਿਬ ਦਾ ਧੰਨਵਾਦ। ਮੈਂ ਇੱਥੇ ਇੱਕ ਗੱਲ ਕਲੀਅਰ ਕਰ ਦੇਣੀ ਚਾਹੁੰਦਾ ਹਾਂ ਕਿ ਜਿਹੜਾ ਮੁੰਬਈ ਵਿੱਚ ਨੈਸ਼ਨਲ ਲੈਜਿਸਲੇਚਰ ਕਨਕਲੇਵ ਹੋਇਆ ਹੈ, ਉਸ ਉੱਤੇ ਸਰਕਾਰੀ ਪੈਸੇ ਵਿੱਚੋਂ ਇੱਕ ਰੁਪਿਆ ਵੀ ਨਹੀਂ ਖਰਚਿਆ ਗਿਆ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ :** ਸਰ, ਇਹ ਜਿਹੜਾ ਕਰੋੜਾਂ ਰੁਪਏ ਖਰਚ ਹੋਇਆ ਹੈ, ਉਹ ਪੰਜਾਬ ਸਰਕਾਰ ਦਾ ਨਹੀਂ ਹੋਇਆ, ਕਿਸੇ ਨਾ ਕਿਸੇ ਦਾ ਤਾਂ ਹੋਇਆ ਹੈ। ਇਹ ਮੁਫਤ ਦੇ ਵਿੱਚ ਤਾਂ ਹੋਈ ਨਹੀਂ। ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਪੈਸੇ ਦਾ ਫਾਇਦਾ ਲੈਣਾ ਚਾਹੀਦਾ ਹੈ।

**ਮਾਣਯੋਗ ਸਪੀਕਰ :** ਜੀ। ਵੈਸੇ ਤਾਂ ਇਸ ਲਈ ਵੱਖਰੀ ਬਹਿਸ ਵੀ ਹੋ ਸਕਦੀ ਹੈ ਪਰ ਇਸ ਦਾ ਮੰਤਵ ਇਹ ਸੀ ਕਿ ਭਾਰਤ ਇੰਨਾ ਵੱਡਾ ਲੋਕਤੰਤਰ ਦੇਸ਼ ਹੈ, ਇਸ ਦੇ ਲੈਜਿਸਲੇਚਰ ਕਦੇ ਵੀ ਇੱਕ ਜਗ੍ਹਾ ਇਕੱਠੇ ਨਹੀਂ ਹੋਏ ਸੀ। ਉਹ ਇਕੱਠੇ ਹੋਣ ਅਤੇ ਇੱਕ ਦੂਜੇ ਨੂੰ ਜਾਣਨ, ਇਸ ਦੇ ਲਈ ਮੇਰਾ ਖਿਆਲ ਹੈ ਕਿ 100 ਦੇ ਕਰੀਬ ਪੈਰਲਲ ਸੈਸ਼ਨ ਹੋਏ ਸੀ। ਸਾਰੇ ਐਮ.ਐਲ.ਏਜ਼ ਨੇ ਆਪਣੇ ਆਪਣੇ ਐਕਸਪੀਰੀਐਂਸ ਸ਼ੇਅਰ ਕੀਤੇ ਅਤੇ ਪ੍ਰਾਬਲਮਜ਼ ਵੀ ਸ਼ੇਅਰ ਕੀਤੀਆਂ ਸਨ, ਐਗਜ਼ਾਂਪਲ ਵੀ ਸ਼ੇਅਰ ਕੀਤੇ ਸਨ। ਜਿਹੜਾ ਤੁਹਾਡਾ ਸੁਜੈਸ਼ਨ ਹੈ, ਉਹ ਠੀਕ ਹੈ। ਅਸੀਂ ਅੱਗੇ ਨੂੰ ਵੀ ਇਸ ਚੀਜ਼ ਦਾ ਧਿਆਨ ਰੱਖਾਂਗੇ। ਹੁਣ ਮੇਰੀ ਬੇਨਤੀ ਹੈ ਕਿ ਸਰਦਾਰ ਜਗਰੂਪ ਸਿੰਘ ਗਿੱਲ ਜੀ, ਤੁਸੀਂ ਬੋਲੋ।

**ਸਰਦਾਰ ਜਗਰੂਪ ਸਿੰਘ ਗਿੱਲ (ਬਠਿੰਡਾ ਸ਼ਹਿਰੀ)** :ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਬਹੁਤ ਹੀ ਮਹੱਤਵਪੂਰਨ ਆਰ.ਡੀ.ਐਫ. ਦੇ ਮੁੱਦੇ ਤੇ ਇਸ ਸਦਨ ਵਿੱਚ ਵਿਚਾਰਾਂ ਦੀ ਸਾਂਝ ਪਾਉਣ ਦਾ ਮੌਕਾ ਦਿੱਤਾ ਹੈ। ਦੇਸ਼ ਆਜ਼ਾਦ ਹੋਣ ਤੋਂ ਪਹਿਲਾਂ ਇੱਥੇ ਭਾਵੇਂ ਰਾਜਿਆਂ ਦਾ ਰਾਜ ਸੀ, ਭਾਵੇਂ ਬ੍ਰਿਟਿਸ਼ ਰੂਲ ਸੀ, ਉਨ੍ਹਾਂ ਕੋਲ ਇਹ ਅਖਤਿਆਰ ਸਨ ਕਿ ਜਿੱਥੇ ਉਨ੍ਹਾਂ ਦਾ ਜੀਅ ਕਰਦਾ ਸੀ, ਉਥੋਂ ਦੇ ਲੋਕਾਂ ਦੀ ਪ੍ਰਾਪਰਟੀ ਕੁਰਕ ਕਰ ਲੈਣ। ਜਿੱਥੇ ਉਨ੍ਹਾਂ ਦਾ ਜੀਅ ਕਰਦਾ ਸੀ, ਉਥੇ ਦੀ ਫੰਡਿੰਗ ਬੰਦ ਕਰ ਦੇਣ। ਇਸ ਲਈ ਬਹੁਤ ਸਾਰੀਆਂ ਕੁਰਬਾਨੀਆਂ ਦੇਣ ਤੋਂ ਬਾਅਦ ਜਦੋਂ ਸਾਨੂੰ ਆਜ਼ਾਦੀ ਮਿਲੀ ਤਾਂ ਆਜ਼ਾਦੀ ਘੁਲਾਟੀਆਂ ਨੇ ਇਸ ਬੇਇਨਸਾਫੀ ਨੂੰ ਰੋਕਣ ਲਈ ਸੰਵਿਧਾਨ ਲਿਖਣ ਬਾਰੇ ਸੋਚਿਆ। ਸਾਡੇ ਬਹੁਤ ਹੀ ਸਤਿਕਾਰਯੋਗ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦੀ ਚੇਅਰਮੈਨੀ ਥੱਲੇ ਸੰਵਿਧਾਨ ਦੀ ਕਮੇਟੀ ਬਣਾਈ ਗਈ ਸੀ, ਉਸ ਵਿੱਚ ਬੜੀਆਂ ਵਿਚਾਰਾਂ ਤੋਂ ਬਾਅਦ ਇਸ ਗੱਲ ਨੂੰ ਵੀ ਧਿਆਨ ਵਿੱਚ ਰੱਖਿਆ ਕਿ ਆਜ਼ਾਦ ਭਾਰਤ ਦੇ ਵਿੱਚ ਕੋਈ ਅਜਿਹਾ ਖਲਾਅ ਨਾ ਪੈਦਾ ਹੋ ਜਾਵੇ ਕਿ ਸ਼ਕਤੀਸ਼ਾਲੀ ਕੇਂਦਰ ਰਾਜਾਂ ਦੇ ਅਧਿਕਾਰਾਂ ਤੇ ਡਾਕੇ ਮਾਰਨ ਲੱਗ ਜਾਵੇ ਜਾਂ ਰਾਜ ਪੱਖ-ਪਾਤ ਕਰਕੇ ਥੱਲੇ ਜ਼ਿਲ੍ਹਿਆਂ ਦੇ ਵਿੱਚ ਵੀ ਅਜਿਹਾ ਨਾ ਕਰ ਸਕਣ, ਇਸ ਦੇ ਲਈ Statutory provisions ਸੰਵਿਧਾਨ ਦੇ ਵਿੱਚ ਕੀਤੀਆਂ ਗਈਆਂ। ਕਈ ਤਰ੍ਹਾਂ ਦੇ ਫੰਡ ਜਿਵੇਂ ਆਰ.ਡੀ.ਐਫ., ਆਰ.ਆਈ.ਡੀ.ਐਫ.,ਐਨ.ਆਰ.ਡੀ.ਐਫ., ਆਰ.ਆਈ.ਡੀ.ਐਫ., ਨਾਬਾਰਡ, ਇਹ ਸਾਰੇ ਫੰਡ ਕ੍ਰੀਏਟ ਕਰਕੇ ਕਾਰਪਸ ਕ੍ਰੀਏਟ ਕੀਤਾ ਗਿਆ। ਆਰ.ਡੀ.ਐਫ. ਰੂਰਲ ਡਿਵੈਲਪਮੈਂਟ ਵਾਸਤੇ ਬਹੁਤ ਮਹੱਤਵਪੂਰਨ ਫੰਡ ਹੈ। ਜਿਹੜਾ ਕਿ ਪਾਰਲੀਮੈਂਟ ਦੇ ਵਿੱਚ ਪਾਸ ਹੋਈਆਂ Statutory provisions ਵਿੱਚ ਹੈ। ਇਸ ਤੇ ਕੋਈ ਵੀ ਆਰਬੀਟ੍ਰੇਰੀ ਹੁਕਮ ਜਾਰੀ ਨਹੀਂ ਕੀਤਾ ਜਾ ਸਕਦਾ, ਜਿਸ ਤਰ੍ਹਾਂ ਕਿ ਅੱਜ ਕੇਂਦਰ ਸਰਕਾਰ ਨੇ ਕਰ ਦਿੱਤਾ ਹੈ। ਹਿੰਦੁਸਤਾਨ ਪਿੰਡਾਂ ਦਾ ਮੁਲਕ ਹੈ। ਪੰਜਾਬ ਪਿੰਡਾਂ ਦੇ ਵਿੱਚ ਵਸਦਾ ਹੈ। ਸਾਡੀ 70% ਆਬਾਦੀ ਪਿੰਡਾਂ ਦੇ ਵਿੱਚ ਵਸਦੀ ਹੈ। ਅਗਰ ਪਿੰਡਾਂ ਦੀ ਡਿਵੈਲਪਮੈਂਟ ਕਰਨੀ ਹੈ ਤਾਂ ਉਸ ਦੇ ਲਈ ਕੋਈ ਨਾ ਕੋਈ ਫੰਡ ਕ੍ਰੀਏਟ ਕਰਨ ਦੀ ਜ਼ਰੂਰਤ ਸੀ। ਜਿਵੇਂ ਸਾਡੇ ਖੇਤੀਬਾੜੀ ਮੰਤਰੀ ਜੀ ਨੇ ਦੱਸਿਆ ਹੈ ਅਤੇ ਸਾਡੇ ਮੰਤਰੀ ਸਰਦਾਰ ਗੁਰਮੀਤ ਸਿੰਘ ਮੀਤ ਹੇਅਰ ਜੀ ਨੇ ਐਕਸਪਲੇਨ ਕੀਤਾ ਹੈ ਕਿ ਪੰਜਾਬ ਦਾ ਆਰ.ਡੀ.ਐਫ. ਫੰਡ 3622 ਕਰੋੜ ਰੁਪਏ ਕੇਂਦਰ ਸਰਕਾਰ ਵੱਲ ਪਿਆ ਹੈ। ਇਸ ਨੂੰ ਜਾਰੀ ਕਰਨਾ ਬਣਦਾ ਸੀ ਪਰੰਤੂ ਇਸ ਨੂੰ ਰੋਕ ਦਿੱਤਾ ਗਿਆ ਹੈ। ਆਰ.ਡੀ.ਐਫ. ਦਾ ਮੰਤਵ ਸੀ ਕਿ ਰੂਰਲ ਏਰੀਏ ਦੇ ਵਿੱਚ ਸੜਕਾਂ, ਬ੍ਰਿਜਿਜ਼, ਵਾਟਰ ਸਪਲਾਈ, ਐਜੂਕੇਸ਼ਨ, ਹੈਲਥ ਕੇਅਰ ਔਰ ਗਰੀਬੀ ਨੂੰ ਘਟਾਉਣ ਲਈ ਸਕੀਮਾਂ ਬਣਾਈਆਂ ਜਾਣ, ਐਜੂਕੇਸ਼ਨ ਦੇ ਸਿਸਟਮ ਨੂੰ ਇੰਪਰੂਵ ਕੀਤਾ ਜਾਵੇ ਅਤੇ ਜੌਬਸ ਕਰੀਏਟ ਕੀਤੀਆਂ ਜਾਣ। ਇਨ੍ਹਾਂ ਸਾਰੇ ਕੰਮਾਂ ਲਈ ਇਹ ਫੰਡ ਵਰਤਿਆ ਜਾਂਦਾ ਸੀ। ਅੱਜ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ, ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ

ਥੱਲੇ ਬਣੀ ਹੈ। ਇਸ ਸਰਕਾਰ ਦਾ ਏਜੰਡਾ ਐਜੂਕੇਸ਼ਨ ਅਤੇ ਹੈਲਥ ਨੂੰ ਇੰਪਰੂਵ ਕਰਨਾ ਹੈ। ਜਦੋਂ ਸਾਡੇ ਸਤਿਕਾਰਯੋਗ ਖਜ਼ਾਨਾ ਮੰਤਰੀ ਜੀ ਨੇ ਬਜਟ ਪੇਸ਼ ਕੀਤਾ ਸੀ ਤਾਂ ਉਨ੍ਹਾਂ ਨੇ ਬੜੀ ਸੂਝ-ਬੂਝ ਦੇ ਨਾਲ ਖੇਤੀਬਾੜੀ ਲਈ ਬਹੁਤ ਵੱਡੇ ਫੰਡ ਰੱਖੇ ਤਾਂ ਕਿ ਪਿੰਡਾਂ ਦੀ ਹਾਲਤ ਨੂੰ ਸੁਧਾਰਿਆ ਜਾ ਸਕੇ ਪਰ ਅਫਸੋਸ ਹੈ ਕਿ ਕੇਂਦਰ ਸਰਕਾਰ ਨੇ ਸਾਡੇ ਫੰਡ ਰੋਕ ਕੇ ਬਿਲਕੁਲ ਕੋਸ਼ਿਸ਼ ਕੀਤੀ ਹੈ ਕਿ ਪੰਜਾਬ ਦੇ ਪਿੰਡਾਂ ਨੂੰ ਤਰੱਕੀ ਵਾਲੇ ਪਾਸੇ ਵਧਣ ਤੋਂ ਰੋਕਿਆ ਜਾਵੇ। ਪੰਜਾਬ ਦੀ ਕਿਸਾਨੀ ਨੂੰ ਮਿਲ ਰਹੀਆਂ ਸਹੂਲਤਾਂ ਭਾਵੇਂ ਉਹ ਪਾਣੀ ਦੇ ਖਾਲੇ ਹੋਣ, ਪੱਕੀਆਂ ਨਹਿਰਾਂ ਦਾ ਕੰਮ ਹੋਵੇ ਜਾਂ ਨਰੇਗਾ ਦਾ ਸਿਸਟਮ ਹੋਵੇ, ਉਨ੍ਹਾਂ ਨੂੰ ਰੋਕ ਕੇ ਵੱਧ ਤੋਂ ਵੱਧ ਅੜਿੱਕੇ ਪੈਦਾ ਕੀਤੇ ਜਾ ਸਕਣ ਤਾਂ ਕਿ ਸਰਕਾਰ ਲੋਕਾਂ ਦੇ ਵਿੱਚ ਫੇਲ੍ਹ ਸਾਬਤ ਹੋ ਸਕੇ ਪਰ ਫਿਰ ਵੀ ਸਾਨੂੰ ਤਸੱਲੀ ਹੈ ਕਿ ਸਾਡੇ ਖਜ਼ਾਨਾ ਮੰਤਰੀ ਜੀ ਅਤੇ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਥੱਲੇ ਚੱਲ ਰਹੀ ਸਰਕਾਰ ਦੁਆਰਾ ਪੰਜਾਬ ਦੇ ਆਪਣੇ ਸਾਧਨਾਂ ਨਾਲ ਵੱਧ ਤੋਂ ਵੱਧ ਫੰਡ ਪਿੰਡਾਂ ਦੇ ਲਈ ਮੁਹੱਈਆ ਕਰਵਾ ਕੇ ਪੰਜਾਬ ਦੇ ਲੋਕਾਂ ਨੂੰ ਰਾਹਤ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਬੇਸ਼ੱਕ ਉਹ 600 ਯੂਨਿਟ ਤੱਕ ਫਰੀ ਬਿਜਲੀ ਦੇਣ ਦੀ ਗੱਲ ਹੋਵੇ, ਬੇਸ਼ੱਕ ਮੁਹੱਲਾ ਕਲੀਨਿਕ ਖੋਲ੍ਹਣ ਦੀ ਗੱਲ ਹੋਵੇ ਜਾਂ ਹੋਰ ਅਜਿਹੀਆਂ ਸਹੂਲਤਾਂ ਜਿਵੇਂ ਇੱਥੇ ਦੱਸਿਆ ਗਿਆ ਹੈ ਕਿ 100 ਸੜਕਾਂ ਦਾ ਨਿਰਮਾਣ ਕਰਨ ਲਈ ਸਾਡੇ ਪੀ.ਡਬਲਿਊ.ਡੀ ਮਨਿਸਟਰ ਸਾਹਿਬ ਨੇ ਅਨਊਂਸ ਕੀਤਾ ਹੈ। ਆਉਣ ਵਾਲੇ ਸਮੇਂ ਵਿੱਚ ਪਿੰਡਾਂ ਵਿੱਚ ਸੜਕਾਂ ਦਾ ਜਾਲ ਵਧੀਆ ਤਰੀਕੇ ਨਾਲ ਵਿਛਾਇਆ ਜਾ ਸਕੇਗਾ। ਇਹ ਅੱਜ ਦੀ ਗੱਲ ਨਹੀਂ ਹੈ। ਪਹਿਲਾਂ ਵੀ ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਹੱਕਾਂ ਤੇ ਡਾਕਾ ਮਾਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਪਿਛਲੇ ਸਮੇਂ ਵਿੱਚ ਵੀ ਜਦੋਂ ਫੰਡਾਂ ਨੂੰ ਰੋਕਿਆ ਗਿਆ ਸੀ, ਉਸ ਸਮੇਂ ਵੀ ਰਿੱਟਾਂ ਪਈਆਂ ਸਨ। ਰਿੱਟਾਂ ਵਿੱਚ ਸਾਲ 2005 ਅਤੇ 2004 ਵਿੱਚ ਇਹ ਡਿਕਲੇਅਰ ਕੀਤਾ ਗਿਆ ਅਤੇ ਇਹ ਰੂਲਿੰਗ ਆਈ ਕਿ ਇਹ ਫੰਡ statutory ਫੰਡ ਹਨ। ਇਨ੍ਹਾਂ ਫੰਡਾਂ ਨੂੰ ਰੋਕਿਆ ਨਹੀਂ ਜਾ ਸਕਦਾ। ਸਰਕਾਰ ਇਨ੍ਹਾਂ ਫੰਡਾਂ ਨੂੰ ਰਿਲੀਜ਼ ਕਰਨ ਲਈ ਬਾਊਂਡ ਹੈ। ਸੁਪਰੀਮ ਕੋਰਟ ਵਿੱਚ 11 ਅਕਤੂਬਰ, 2005 ਨੂੰ ਜਸਟਿਸ ਵਾਈ.ਕੇ. ਸਭਰਵਾਲ, ਜਸਟਿਸ ਅਸ਼ੋਕ ਭਾਨ, ਜਸਟਿਸ ਆਰ.ਸੀ. ਲੁਹਾਟੀ ਨੇ ਜੱਜਮੈਂਟ ਦਿੱਤੀ ਸੀ। ਇਹ ਲੈਂਡਮਾਰਕ ਜੱਜਮੈਂਟ ਹੈ। ਹਿੰਦੁਸਤਾਨ ਵਿੱਚ ਗਾਈਡਲਾਈਨ ਲਈ ਕੇਂਦਰ ਸਰਕਾਰ ਨੂੰ ਬਾਊਂਡ ਕੀਤਾ ਹੈ ਕਿ ਉਹ ਇਸ ਤਰ੍ਹਾਂ ਦੇ ਫੰਡਾਂ ਨੂੰ ਰੋਕ ਨਹੀਂ ਸਕਦੀ। ਇਹ statutory ਫੰਡ ਹਨ। ਪਾਰਲੀਮੈਂਟ ਵਿੱਚ ਪਾਸ ਕਰਵਾਏ ਬਿਨ੍ਹਾਂ ਇਨ੍ਹਾਂ ਫੰਡਾਂ ਨੂੰ ਰੋਕਿਆ ਨਹੀਂ ਜਾ ਸਕਦਾ। ਇਸੇ ਤਰ੍ਹਾਂ ਇੱਕ ਵਾਰ ਸਾਲ 2006 ਵਿੱਚ ਜਦੋਂ ਜ਼ਿਲ੍ਹਿਆਂ ਦੇ ਫੰਡ ਰੋਕੇ ਗਏ ਸਨ, ਉਸ ਸਮੇਂ ਦੀ ਪੰਜਾਬ ਸਰਕਾਰ ਵੱਲੋਂ ਵੀ ਇੱਕ ਰਿੱਟ ਪਈ ਸੀ। ਇਸ ਰਿੱਟ ਸਬੰਧੀ 30 ਅਗਸਤ, 2006 ਨੂੰ ਫੈਸਲਾ ਹੋਇਆ ਸੀ। ਉਸ ਵਿੱਚ ਵੀ ਕੋਰਟ ਨੇ ਹੈਲਡ ਕੀਤਾ ਸੀ ਕਿ ਇਸ ਫੰਡ ਨੂੰ ਰੋਕਿਆ ਨਹੀਂ ਜਾ ਸਕਦਾ ਅਤੇ ਇਹ ਫੰਡ ਪਾਰਲੀਮੈਂਟ ਦੁਆਰਾ ਪਾਸ ਕੀਤੇ ਕਾਨੂੰਨ ਦੇ ਮੁਤਾਬਕ

ਹਨ । ਉਸ ਸਮੇਂ ਉਹ ਫੰਡ ਕੇਂਦਰ ਸਰਕਾਰ ਨੂੰ ਜਾਰੀ ਕਰਨੇ ਪਏ ਸਨ। ਮੈਂ ਸਮਝਦਾ ਹਾਂ ਕਿ ਸਾਡਾ ਪੰਜਾਬ ਅੱਜ ਖੁਸ਼ਹਾਲੀ ਵੱਲ ਵਧਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਸ ਲਈ ਸਾਰੇ ਪੰਜਾਬੀਆਂ ਨੂੰ ਇਕੱਠੇ ਹੋਣ ਦੀ ਲੋੜ ਹੈ। ਜਿਹੜੇ ਸਾਡੇ ਸਾਥੀ ਅੱਜ ਸਦਨ ਨੂੰ ਛੱਡ ਕੇ ਚਲੇ ਗਏ ਹਨ। ਇਨ੍ਹਾਂ ਦੇ ਸਮੇਂ ਵਿੱਚ ਇਹ ਵੀ ਕੇਂਦਰ ਸਰਕਾਰਾਂ ਨਾਲ ਇਸ ਗੱਲ ਦਾ ਗਿਲਾ ਕਰਦੇ ਰਹੇ ਹਨ। ਚਾਹੀਦਾ ਤਾਂ ਇਹ ਸੀ ਕਿ ਅਸੀਂ 3 ਕਰੋੜ ਪੰਜਾਬੀ ਅੱਜ ਇਸ ਵਿਧਾਨ ਸਭਾ ਵਿੱਚ ਏਕਤਾ ਅਤੇ ਇੱਕਜੁੱਟਤਾ ਨਾਲ ਆਪਣੇ ਵਿਚਾਰ ਸਾਂਝੇ ਕਰਕੇ ਇਸ ਪ੍ਰਸਤਾਵ ਦੀ ਹਮਾਇਤ ਕਰਦੇ ਤਾਂ ਕਿ ਕੇਂਦਰ ਸਰਕਾਰ ਉੱਤੇ ਦਬਾਅ ਬਣਦਾ ਕਿ ਇਹ ਗੱਲ ਪੰਜਾਬ ਸਰਕਾਰ ਦੀ ਨਹੀਂ ਸਗੋਂ ਪੰਜਾਬ ਦੇ ਲੋਕਾਂ ਦੀ ਹੈ।

ਲੋਕ ਭਾਵੇਂ ਵਿਚਾਰਕ ਤੌਰ ਤੇ ਵੰਡੇ ਹੋਣ ਜਿਵੇਂ ਕੋਈ ਬੀ.ਐਸ.ਪੀ. ਦੀ, ਕੋਈ ਕਾਂਗਰਸ ਦੀ, ਕੋਈ ਸ਼੍ਰੋਮਣੀ ਅਕਾਲੀ ਦਲ ਦੀ ਅਤੇ ਕੋਈ ਬੀ.ਜੇ.ਪੀ ਦੀ ਵਿਚਾਰਧਾਰਾ ਨਾਲ ਜੁੜਿਆ ਹੋਇਆ ਹੈ, ਪਰ ਉਹ ਸਾਰੇ ਅਸਲ ਵਿੱਚ ਪੰਜਾਬੀ ਹਨ। ਇਸ ਦਾ ਫਾਇਦਾ ਸਮੁੱਚੇ ਪੰਜਾਬ ਦੇ ਲੋਕਾਂ ਨੂੰ ਹੋਣਾ ਹੈ। ਅੱਜ ਅਸੀਂ ਜੇਕਰ ਇਕੱਠੇ ਹੋ ਕੇ ਇਸ ਪ੍ਰਸਤਾਵ ਦੀ ਹਮਾਇਤ ਕਰਕੇ ਕੇਂਦਰ ਸਰਕਾਰ ਨੂੰ ਭੇਜੀਏ ਤਾਂ ਇਸ ਨਾਲ ਕੇਂਦਰ ਤੇ ਬਹੁਤ ਵੱਡਾ ਦਬਾਅ ਬਣਨਾ ਹੈ। ਮੈਨੂੰ ਇਸ ਗੱਲ ਦਾ ਅਫਸੋਸ ਵੀ ਹੈ ਕਿ ਉਹ ਸੀਜ਼ਨਡ ਲੋਕ, ਜਿਨ੍ਹਾਂ ਨੇ ਲੰਮੇ ਸਮੇਂ ਤੋਂ ਇਸ ਸਦਨ ਵਿੱਚ ਹਿੱਸਾ ਲਿਆ ਹੈ, ਪੰਜਾਬ ਸਰਕਾਰ ਚਲਾਈ ਹੈ, ਉਨ੍ਹਾਂ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਇਹ ਮਤੇ ਸਰਕਾਰਾਂ ਤੇ ਦਬਾਅ ਬਣਾਉਂਦੇ ਹਨ। ਮੈਂ ਸਮਝਦਾ ਹਾਂ ਕਿ ਰਾਜਨੀਤਕ ਤੌਰ ਤੇ ਸ਼ਾਇਦ ਉਨ੍ਹਾਂ ਦੇ ਦਿਮਾਗ ਵਿੱਚ ਇਹ ਹੋਵੇ ਕਿ ਅਗਰ ਫੰਡ ਜਾਰੀ ਨਾ ਹੋਣ ਤਾਂ ਸਰਕਾਰ ਬਦਨਾਮ ਹੋ ਸਕਦੀ ਹੈ ਅਤੇ ਡਿਵੈਲਪਮੈਂਟ ਦੇ ਕੰਮ ਨਹੀਂ ਕਰ ਸਕੇਗੀ। ਮੈਂ ਇਨ੍ਹਾਂ ਸ਼ਬਦਾਂ ਦੇ ਨਾਲ ਤੁਹਾਡਾ ਧੰਨਵਾਦ ਕਰਦਾ ਹਾਂ। ਮੈਂ ਇਸ ਦੇ ਨਾਲ ਖੇਤੀਬਾੜੀ ਮੰਤਰੀ ਸਰਦਾਰ ਗੁਰਮੀਤ ਸਿੰਘ ਖੁੱਡੀਆਂ ਜੀ ਦਾ ਵੀ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਬਹੁਤ ਡੂੰਘਾਈ ਨਾਲ ਵਾਚ ਕੇ ਅਤੇ ਆਪਣੇ ਸਾਥੀਆਂ ਨਾਲ ਰਾਏ ਕਰਕੇ ਇਸ ਪ੍ਰਸਤਾਵ ਨੂੰ ਸਦਨ ਵਿੱਚ ਪੇਸ਼ ਕੀਤਾ ਹੈ ਕਿ ਆਰ.ਡੀ.ਐਫ. ਫੰਡ ਜਾਰੀ ਕੀਤੇ ਜਾਣ। ਮੈਂ ਇਸ ਮਤੇ ਦੀ ਹਮਾਇਤ ਕਰਦਾ ਹਾਂ ਔਰ ਚਾਹੁੰਦਾ ਹਾਂ ਕਿ ਸਦਨ ਇਹ ਮਤਾ ਪਾਸ ਕਰੇ ਤਾਂ ਕਿ ਇਸ ਮਤੇ ਨੂੰ ਕੇਂਦਰ ਸਰਕਾਰ ਨੂੰ ਭੇਜਿਆ ਜਾਵੇ। ਧੰਨਵਾਦ ।

**ਸ਼੍ਰੀ ਬਰਿੰਦਰ ਕੁਮਾਰ ਗੋਇਲ (ਲਹਿਰਾ):** ਸਰ, ਤੁਸੀਂ ਮੈਨੂੰ ਬਹੁਤ ਹੀ ਅਹਿਮ ਪ੍ਰਸਤਾਵ ਤੇ ਬੋਲਣ ਦਾ ਮੌਕਾ ਦਿੱਤਾ ਹੈ, ਤੁਹਾਡਾ ਬਹੁਤ-ਬਹੁਤ ਧੰਨਵਾਦ। ਸਰ, ਆਰ.ਡੀ.ਐਫ., ਜੋ ਕਿ ਪੰਜਾਬ ਦੇ ਵਿਕਾਸ ਲਈ ਬਹੁਤ ਹੀ ਜ਼ਰੂਰੀ ਹੈ, ਨੂੰ ਰੋਕ ਕੇ ਪੰਜਾਬ ਦੇ ਵਿਕਾਸ ਨੂੰ ਢਾਹ ਲਾਉਣ ਦੀ ਗੱਲ ਕੇਂਦਰ ਸਰਕਾਰ ਨੇ ਕੀਤੀ ਹੈ, ਮੈਂ ਇਸ ਦੀ ਨਿੰਦਾ ਕਰਦਾ ਹਾਂ। ਜਦੋਂ ਦੇਸ਼ ਦੀ ਅਜ਼ਾਦੀ ਦੀ ਲੜਾਈ ਲੜੀ ਗਈ ਤਾਂ ਸਭ ਤੋਂ ਵੱਧ ਕੁਰਬਾਨੀਆਂ ਪੰਜਾਬ ਦੇ ਬਹਾਦਰ ਲੋਕਾਂ ਨੇ ਦਿੱਤੀਆਂ। ਦੇਸ਼ ਅਜ਼ਾਦ ਹੋਣ ਮਗਰੋਂ ਦੇਸ਼ ਦੇ ਸਾਹਮਣੇ ਅਨਾਜ ਦੀ ਸਮੱਸਿਆ ਉਤਪੰਨ

ਹੋਈ। ਕੋਈ ਸਮਾਂ ਸੀ ਜਦੋਂ ਦੇਸ਼ ਦਾ ਪ੍ਰਧਾਨ ਮੰਤਰੀ ਠੂਠਾ ਫੜੀ ਦੂਜੇ ਦੇਸ਼ਾਂ ਤੋਂ ਅਨਾਜ ਮੰਗਦਾ ਸੀ ਅਤੇ ਦੂਜੇ ਦੇਸ਼ ਬਚਿਆ-ਖੁੱਚਿਆ ਅਨਾਜ ਸਾਨੂੰ ਦਿੰਦੇ ਸਨ। ਜਿਵੇਂ ਪੀ.ਪੀ. 18, ਜੋ ਕਿ ਇੱਕ ਲਾਲ ਕਿਸਮ ਦੀ ਕਣਕ ਸੀ, ਉਹ ਹਿੰਦੁਸਤਾਨ ਦੇ ਲੋਕਾਂ ਨੂੰ ਦਿੱਤੀ ਜਾਂਦੀ ਸੀ ਪਰ ਇਹ ਪੰਜਾਬ ਦੇ ਬਹਾਦਰ ਕਿਸਾਨ ਸਨ, ਜਿਨ੍ਹਾਂ ਨੇ ਆਪਣਾ ਪਾਣੀ, ਜ਼ਮੀਨਾਂ ਦੀ ਉਪਜਾਊ ਸ਼ਕਤੀ ਗਵਾ ਕੇ ਵੀ ਪੂਰੇ ਦੇਸ਼ ਦਾ ਢਿੱਡ ਭਰਿਆ, ਸਿੱਟੇ ਵਜੋਂ ਪੰਜਾਬ ਦੇ ਕਿਸਾਨ ਕਰਜ਼ਾਈ ਹੋ ਗਏ ਪਰ ਉਨ੍ਹਾਂ ਨੇ ਦੇਸ਼ ਨੂੰ ਆਤਮ-ਨਿਰਭਰ ਕਰ ਦਿੱਤਾ। ਅੱਜ ਇਸ ਦਾ ਸਿਲਾ ਪੰਜਾਬ ਦਾ ਆਰ.ਡੀ.ਐਫ. ਰੋਕ ਕੇ ਦਿੱਤਾ ਜਾ ਰਿਹਾ ਹੈ। ਜਿਨ੍ਹਾਂ ਨੇ ਦੇਸ਼ ਦਾ ਢਿੱਡ ਭਰਿਆ, ਉਨ੍ਹਾਂ ਕਿਸਾਨਾਂ ਦੇ ਵਿਕਾਸ ਦੇ ਲਈ ਜੋ ਆਰ.ਡੀ.ਐਫ. ਵਰਤਿਆ ਜਾਂਦਾ ਸੀ, ਉਸ ਦੇ ਵਿੱਚ ਰੋੜ੍ਹੇ ਅਟਕਾਉਣ ਦੀ ਗੱਲ ਕੀਤੀ ਜਾ ਰਹੀ ਹੈ। ਸਰ, ਇਹ ਰੂਰਲ ਡਿਵੈਲਪਮੈਂਟ ਫੰਡ ਕਿਸਾਨਾਂ ਦੀ ਭਲਾਈ ਲਈ, ਸੜਕਾਂ ਲਈ, ਅਨਾਜ ਨੂੰ ਮੰਡੀਆਂ ਤੱਕ ਪਹੁੰਚਾਉਣ ਦੇ ਇਨਫਰਾਸਟ੍ਰਕਚਰ ਤਿਆਰ ਕਰਨ ਲਈ, ਮੰਡੀਆਂ ਨੂੰ ਪੱਕੀਆਂ ਕਰਨ ਆਦਿ ਲਈ ਵਰਤਿਆ ਜਾਂਦਾ ਹੈ। ਸਰ, ਹਰ ਸਾਲ ਪਿੰਡਾਂ ਦੀਆਂ ਸੜਕਾਂ ਦੀ ਰਿਪੇਅਰ ਤੇ 1500 ਕਰੋੜ ਰੁਪਿਆ ਖਰਚ ਹੁੰਦਾ ਹੈ, ਹੁਣ ਉਹ ਪੈਸੇ ਕਿੱਥੋਂ ਆਉਣਗੇ? ਜਿਵੇਂ ਮੰਤਰੀ ਸ਼੍ਰੀ ਮੀਤ ਹੇਅਰ ਜੀ ਨੇ ਗੱਲ ਕੀਤੀ ਹੈ ਕਿ ਸਾਲ 2027 ਤੱਕ ਦਾ ਜਿੰਨਾ ਰੈਵੀਨਿਊ ਆਉਣਾ ਸੀ, ਉਸ ਤੇ 10 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਲੈ ਲਿਆ ਗਿਆ ਸੀ। ਸਪੀਕਰ ਸਾਹਿਬ, ਆਉਣ ਵਾਲੇ ਰੈਵੇਨਿਊ ਉੱਤੇ ਕਰਜ਼ਾ ਪਿਛਲੀਆਂ ਸਰਕਾਰਾਂ ਵੱਲੋਂ ਲੈ ਲਿਆ ਗਿਆ ਸੀ ਕਿ 2027 ਤੱਕ ਇਸ ਦੀਆਂ ਕਿਸ਼ਤਾਂ ਪੇਅ ਕਰ ਦਿਆਂਗੇ। ਹੁਣ ਕੇਂਦਰ ਸਰਕਾਰ ਨੇ ਆਰ.ਡੀ.ਐਫ. ਦਾ ਤਿੰਨ ਪਰਸੈਂਟ ਪਹਿਲਾਂ ਪਿਛਲਾ ਤਕਰੀਬਨ 3622 ਕਰੋੜ ਰੁਪਿਆ ਰੋਕ ਲਿਆ ਤੇ ਜਿਹੜਾ ਅੱਗੇ ਨੂੰ ਆਉਣਾ ਸੀ, ਉਹ ਵੀ ਬੰਦ ਕਰ ਦਿੱਤਾ, ਹੁਣ ਉਸ ਦਾ ਹੱਲ ਕੀ ਹੋਵੇਗਾ ? ਮੈਂ ਇਹ ਸਮਝਦਾ ਹਾਂ ਕਿ ਜੋ ਕੇਂਦਰ ਸਰਕਾਰ ਕਰ ਰਹੀ ਹੈ, ਇਹ ਦੇਸ਼ ਦੇ ਸੰਘੀ ਢਾਂਚੇ ਲਈ ਵੀ ਖਤਰਾ ਹੈ, ਜਦੋਂ ਸੰਵਿਧਾਨ ਦੇ ਨਿਰਮਾਤਾ ਡਾਕਟਰ ਭੀਮ ਰਾਓ ਅੰਬੇਦਕਰ ਜੀ ਨੇ ਦੇਸ਼ ਦਾ ਸੰਵਿਧਾਨ ਲਿਖਿਆ ਸੀ ਤਾਂ ਜਿਸ ਤਰ੍ਹਾਂ ਸਾਡੇ ਮਾਣਯੋਗ ਵਿਧਾਇਕ ਸਰਦਾਰ ਜਗਰੂਪ ਸਿੰਘ ਗਿੱਲ ਹੁਰਾਂ ਨੇ ਦੱਸਿਆ ਹੈ ਕਿ ਇਸ ਤਰ੍ਹਾਂ ਦੇ ਫੰਡ ਕਰੀਏਟ ਕੀਤੇ ਗਏ ਸੀ ਜੋ ਕੇਂਦਰ ਸਰਕਾਰ ਸਟੇਟਾਂ ਨੂੰ ਦਿੰਦੀ ਸੀ ਪਰ ਇਥੇ ਸਾਡਾ ਹੱਕ ਵੀ ਮਾਰ ਲਿਆ ਗਿਆ ਹੈ, ਇਨ੍ਹਾਂ ਨੇ ਸਾਡੇ ਹੱਕ ਦੇ ਪੈਸੇ ਵੀ ਰੋਕ ਲਏ ਹਨ। ਸੋ, ਜਿਹੜਾ ਪਿਛਲੀਆਂ ਸਰਕਾਰਾਂ ਨੇ ਉਹ ਸੰਘੀ ਢਾਂਚੇ ਦੇ ਤਹਿਤ ਕਰਜ਼ਾ ਲੈ ਲਿਆ ਸੀ, ਉਸ ਕਰਜ਼ੇ ਨੂੰ ਕਿਥੋਂ ਮੋੜਿਆ ਜਾਵੇਗਾ ਜੀ? ਹੁਣ ਸਾਲ 2027 ਤੱਕ ਕਰਜ਼ਾ ਦੇਣਾ ਹੈ, ਪੰਜਾਬ ਸਰਕਾਰ ਉਸ ਕਰਜ਼ੇ ਦੀਆਂ ਕਿਸ਼ਤਾਂ ਦੇਵੇਗੀ। ਸੋ, ਇਸ ਤਰੀਕੇ ਦੇ ਨਾਲ ਮੈਂ ਸਮਝਦਾ ਹਾਂ ਕਿ ਇਹ ਕੇਂਦਰ ਸਰਕਾਰ ਜੋ ਹੈ, ਇਹ ਕਦਮ ਕਦਮ ਉਤੇ ਪੰਜਾਬ ਸਰਕਾਰ ਦੇ ਨਾਲ ਵਿਤਕਰਾ ਕਰ ਰਹੀ ਹੈ, ਪੰਜਾਬ ਸਰਕਾਰ ਦੀ ਜੋ ਲੋਕ ਪੱਖੀ ਨੀਤੀਆਂ, ਜੋ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਇਹ ਸਰਕਾਰ

ਲੋਕਾਂ ਦੇ ਹਿੱਤਾਂ ਲਈ ਕੰਮ ਕਰ ਰਹੀ ਹੈ, ਮੈਂ ਸਮਝਦਾ ਹਾਂ ਕਿ ਕੇਂਦਰ ਸਰਕਾਰ ਉਸ ਗੱਲ ਤੋਂ ਨਰਾਜ਼ ਹੈ, ਕੇਂਦਰ ਸਰਕਾਰ ਉਹ ਪੱਖ ਦੇਖ ਰਹੀ ਹੈ ਕਿ ਕਿਸ ਤਰੀਕੇ ਦੇ ਨਾਲ ਇਹ ਅੱਗੇ ਵੱਧ ਰਹੇ ਹਨ ।ਸਰਦਾਰ ਹਰਪਾਲ ਸਿੰਘ ਚੀਮਾ, ਸਾਡੇ ਮਾਣਯੋਗ ਵਿੱਤ ਮੰਤਰੀ ਜੀ, ਇਹ ਸਭ ਕੁਝ ਹੋਣ ਦੇ ਬਾਵਜੂਦ ਟੈਕਸ ਰਹਿਤ ਬਜਟ ਪੇਸ਼ ਕਰ ਦਿੱਤਾ, 29000 ਨੌਕਰੀਆਂ ਦੇ ਦਿੱਤੀਆਂ ਅਤੇ 600 ਯੂਨਿਟ ਬਿਜਲੀ ਦੇ ਮਾਫ ਕਰ ਦਿੱਤੇ। ਕੇਂਦਰ ਸਰਕਾਰ ਉਸ ਨਜ਼ਰੀਏ ਦੇ ਨਾਲ ਦੇਖ ਰਹੀ ਹੈ ਕਿ ਇਹ ਸਾਰਾ ਕੁਝ ਕਿਉਂ ਕੀਤਾ ਜਾ ਰਿਹਾ ਹੈ, ਉਨ੍ਹਾਂ ਨੂੰ ਪੰਜਾਬ ਦੇ ਹਿੱਤਾਂ ਦਾ ਨਹੀਂ, ਉਨ੍ਹਾਂ ਨੂੰ ਸਿਰਫ ਤੇ ਸਿਰਫ ਇਸ ਗੱਲ ਦਾ ਹੀ ਫਿਕਰ ਹੈ ਕਿ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਇਹ ਚੰਗੇ ਕੰਮ ਕਿਉਂ ਕਰ ਰਹੀ ਹੈ, ਇਸ ਦੇ ਵਿੱਚ ਕਿਵੇਂ ਰੋੜਾ ਅਟਕਾਇਆ ਜਾਵੇ ਔਰ ਇਸ ਦੇ ਵਿੱਚ ਰੋੜੇ ਅਟਕਾਏ ਜਾ ਰਹੇ ਹਨ, ਹਰ ਕਦਮ ਦੇ ਉਤੇ ਅਟਕਾਏ ਜਾ ਰਹੇ ਹਨ। ਹੁਣ ਮੁਹੱਲਾ ਕਲੀਨਿਕਾਂ ਦੇ ਨਾਂ ਉਤੇ 800 ਕਰੋੜ ਰੁਪਿਆ ਰੋਕ ਲਿਆ ਹੈ, ਇਸ ਦੀ ਦਲੀਲ ਕੀ ਦਿੱਤੀ ਜਾ ਰਹੀ ਹੈ ਕਿ ਇਨ੍ਹਾਂ ਨੇ ਡਿਸਪੈਂਸਰੀ ਦੀ ਜਗ੍ਹਾ ਮੁਹੱਲਾ ਕਲੀਨਿਕ ਨਾਂ ਰੱਖ ਦਿੱਤੇ। ਸੋ, ਭਾਵੇਂ ਮੁਹੱਲਾ ਕਲੀਨਿਕ ਨਾਮ ਰੱਖ ਲਵੋ, ਬੇਸ਼ੱਕ ਉਸ ਨੂੰ ਹਸਪਤਾਲ ਜਾਂ ਡਿਸਪੈਂਸਰੀ ਕਹਿ ਲਵੋ, ਗੱਲ ਤਾਂ ਇਕੋ ਹੀ ਹੈ, ਲੋਕਾਂ ਨੂੰ ਸਿਹਤ ਸਹੂਲਤਾਂ ਹੀ ਦੇਣੀਆਂ ਹਨ। ਸਿਹਤ ਸਹੂਲਤਾਂ ਕਿਸੇ ਵੀ ਤਰੀਕੇ ਨਾਲ ਦਿੱਤੀਆਂ ਜਾ ਸਕਦੀਆਂ ਹਨ ਲੇਕਿਨ ਉਨ੍ਹਾਂ ਨੇ ਅੜਿੱਕੇ ਲਗਾਉਣੇ ਹਨ, ਪੰਜਾਬ ਸਰਕਾਰ ਨੂੰ ਤੰਗ ਕਰਨਾ ਹੈ, ਪ੍ਰੇਸ਼ਾਨ ਕਰਨਾ ਹੈ। ਇਸ ਲਈ ਉਹ ਮੁਹੱਲਾ ਕਲੀਨਿਕ ਦੇ ਨਾਂ ਉਤੇ ਇਤਰਾਜ਼ ਕਰਕੇ ਪੈਸੇ ਰੋਕ ਕੇ ਬਹਿ ਗਏ ਹਨ। ਸੋ, ਸਾਡੇ ਅੱਜ ਮਾਣਯੋਗ ਵਿਰੋਧੀ ਧਿਰ ਦੇ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਵੱਲ ਇਸ਼ਾਰਾ) ਲੋਕ ਵਾਕ ਆਊਟ ਕਰ ਗਏ ਹਨ ਪਰ ਇਨ੍ਹਾਂ ਨੂੰ ਅੱਜ ਬੈਠਣਾ ਚਾਹੀਦਾ ਸੀ । ਇਨ੍ਹਾਂ ਨੇ ਕਿਸ ਗੱਲ ਦੇ ਉਤੇ ਵਾਕ ਆਊਟ ਕੀਤਾ ਹੈ ਕਿ ਦੱਸੋ ਜੀ ਕਿਸ ਲਈ ਇਹ ਸੈਸ਼ਨ ਬੁਲਾਇਆ ਗਿਆ ਹੈ, ਸੈਸ਼ਨ ਬੁਲਾਇਆ ਗਿਆ ਹੈ ਕਿਉਂਕਿ ਮਹੱਤਵਪੂਰਨ ਮੁੱਦਾ ਇਹ ਹੈ ਕਿ ਕੇਂਦਰ ਸਰਕਾਰ ਸਾਡੇ ਆਰ.ਡੀ.ਐਫ.ਦੇ ਤੇ ਮੁਹੱਲਾ ਕਲੀਨਿਕਾਂ ਦੇ ਸਾਰੇ ਪੈਸੇ ਰੋਕ ਕੇ ਬੈਠ ਗਈ ਹੈ ਤਾਂ ਫਿਰ ਇਸ ਦੇ ਲਈ ਸੈਸ਼ਨ ਨਹੀਂ ਬੁਲਾਵਾਂਗੇ ਤਾਂ ਹੋਰ ਫਿਰ ਕੀ ਕਰਾਂਗੇ? ਸਾਨੂੰ ਇਸ ਚੀਜ਼ ਦਾ ਦੁੱਖ ਹੈ ਕਿ ਜੇ ਅਸੀਂ ਵਿਧਾਨ ਸਭਾ ਦਾ ਸੈਸ਼ਨ ਬੁਲਾਉਣਾ ਹੈ ਤਾਂ ਵੀ ਅਸੀਂ ਸੁਪਰੀਮ ਕੋਰਟ ਜਾ ਰਹੇ ਹਾਂ, ਜੇ ਦਿੱਲੀ ਦੇ ਵਿੱਚ ਕੋਈ ਚੋਣ ਹੋ ਰਹੀ ਹੈ, ਉਹ ਚੋਣ ਨਹੀਂ ਹੋਣ ਦਿੱਤੀ ਜਾ ਰਹੀ, ਉਸ ਦੇ ਲਈ ਵੀ ਸੁਪਰੀਮ ਕੋਰਟ ਜਾ ਰਹੇ ਹਾਂ। ਸਾਡੇ ਮਾਣਯੋਗ ਮੁੱਖ ਮੰਤਰੀ ਸਾਹਿਬ ਕਿੰਨੀ ਵਾਰੀ ਕੇਂਦਰ ਵਿਚ ਜਾ ਕੇ ਆਏ ਹਨ, ਉਥੇ ਜਾ ਕੇ ਗੱਲ ਰੱਖ ਕੇ ਆਏ ਹਨ ਕਿ ਸਾਡਾ ਹੱਕ ਸਾਨੂੰ ਦਿਉ ਪਰ ਕੋਈ ਗੱਲ ਸੁਣੀ ਨਹੀਂ ਜਾ ਰਹੀ ਤਾਂ ਇੱਕ ਇਹੀ ਸਦਨ ਹੈ ਜਿਸ ਦੇ ਰਾਹੀਂ ਅਵਾਜ਼ ਪਹੁੰਚਾਈ ਜਾ ਸਕਦੀ ਹੈ। ਅੱਜ ਵਿਰੋਧੀ ਧਿਰ ਨੇ ਵਾਕ ਆਊਟ ਕੀਤਾ ਹੈ, ਅੱਜ ਇਥੇ ਬੈਠ ਕੇ ਦਲੀਲ ਨਾਲ ਗੱਲ ਕਰਦੇ ਕਿ ਅਸੀਂ ਜਿਹੜਾ ਆਰ.ਡੀ.ਐਫ. ਦਾ ਪੈਸਾ ਮੰਗ ਰਹੇ ਹਾਂ, ਕੀ

ਇਕੱਲੇ ਆਮ ਆਦਮੀ ਪਾਰਟੀ ਦੇ ਵਰਕਰ ਹੀ ਉਨ੍ਹਾਂ ਸੜਕਾਂ ਦੇ ਉਤੇ ਤੁਰਨਗੇ? ਕੀ ਇਨ੍ਹਾਂ ਦੇ ਲੋਕ ਨਹੀਂ ਤੁਰਨਗੇ, ਇਨ੍ਹਾਂ ਨੂੰ ਨਹੀਂ ਫਾਇਦਾ ਹੋਵੇਗਾ? ਸੋ, ਇਧਰੋਂ ਬੀ.ਜੇ.ਪੀ. ਵਾਲਿਆਂ ਨੇ ਤਾਂ ਪਹਿਲਾਂ ਹੀ ਬਾਈਕਾਟ ਕੀਤਾ ਹੈ ਪਰ ਪੰਜਾਬ ਦੇ ਹਿਤੈਸ਼ੀ ਕਹਾਉਣ ਵਾਲੇ, ਪੰਜਾਬ ਵਿੱਚ ਇਨ੍ਹਾਂ ਲੋਕਾਂ ਨੂੰ ਵੀ ਵੋਟਾਂ ਮਿਲੀਆਂ ਹਨ, ਇਨ੍ਹਾਂ ਨੂੰ ਵੀ ਲੋਕਾਂ ਨੇ ਚੁਣਿਆ ਹੈ ਤਾਂ ਇਹ ਵੀ ਜਵਾਬਦੇਹ ਹਨ। ਸੋ, ਇਸ ਤਰੀਕੇ ਦੇ ਨਾਲ ਮੈਂ ਕਹਿ ਸਕਦਾ ਹਾਂ ਕਿ ਇਹ ਸਾਰੇ ਇਕੋ ਹੀ ਨਜ਼ਰੀਏ ਨਾਲ ਦੇਖ ਰਹੇ ਹਨ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਚੰਗੇ ਕੰਮ ਕਿਉਂ ਕਰ ਰਹੀ ਹੈ, ਇਨ੍ਹਾਂ ਨੂੰ ਹੋਰ ਕੋਈ ਮਤਲਬ ਨਹੀਂ ਹੈ, ਇਹ ਸੋਚਦੇ ਹਨ ਕਿ ਕਿਵੇਂ ਇਨ੍ਹਾਂ ਨੂੰ ਖਰਾਬ ਕੀਤਾ ਜਾਵੇ। ਸੋ, ਆਰ.ਡੀ.ਐਫ. ਜਿਹੜੀ ਮੈਂ ਸਮਝਦਾ ਹਾਂ ਕਿ ਪੰਜਾਬ ਦੀ ਜਿੰਦ ਜਾਨ ਹੈ ਕਿਉਂਕਿ ਪਿੰਡਾਂ ਦਾ ਜੋ ਮੁਕੰਮਲ ਵਿਕਾਸ ਹੋਣਾ ਹੈ, ਉਹ ਇਸ ਆਰ.ਡੀ.ਐਫ. ਦੇ ਪੈਸਿਆਂ ਦੇ ਨਾਲ ਹੋਣਾ ਹੈ। ਇਸ ਨੂੰ ਰੋਕ ਕੇ ਕੇਂਦਰ ਸਰਕਾਰ ਬਹੁਤ ਵੱਡਾ ਧੱਕਾ ਪੰਜਾਬ ਦੇ ਨਾਲ ਕਰ ਰਹੀ ਹੈ, ਮੁਹੱਲਾ ਕਲੀਨਿਕਾਂ ਦੇ ਉਤੇ ਧੱਕਾ ਕਰ ਰਹੀ ਹੈ । ਸੋ, ਕੇਂਦਰ ਸਰਕਾਰ ਨੂੰ ਇਹ ਫੰਡ ਤੁਰੰਤ ਰਿਲੀਜ਼ ਕਰਨੇ ਚਾਹੀਦੇ ਹਨ ਅਤੇ ਜਿਹੜਾ 3% ਆਰ.ਡੀ.ਐਫ. ਬੰਦ ਕੀਤਾ ਹੈ, ਉਹ ਅੱਗੇ ਵਾਂਗ ਰੈਗੂਲਰ ਤਰੀਕੇ ਨਾਲ ਹੀ ਦਿੱਤਾ ਜਾਵੇ। ਸੈਂਟਰ ਸਰਕਾਰ ਵੱਲੋਂ ਇਹ ਪੰਜਾਬ ਤੇ ਕੋਈ ਅਹਿਸਾਨ ਨਹੀਂ ਸੀ ਕਿ ਆਰਡੀਐਫ ਦਿੱਤਾ ਹੈ। ਉਸ ਸਮੇਂ ਜ਼ਰੂਰਤ ਸੀ ਕਿ ਪੰਜਾਬ ਦੇ ਲੋਕਾਂ ਨੂੰ ਸਹੂਲਤ ਦਿਓ ਤਾਂ ਜੋ ਪੰਜਾਬ ਦੇ ਲੋਕ ਵੱਧ ਤੋਂ ਵੱਧ ਅਨਾਜ ਪੈਦਾ ਕਰ ਸਕਣ। ਪੰਜਾਬ ਦੇ ਲੋਕਾਂ ਨੂੰ ਸਹੂਲਤਾਂ ਦੇਣਾ ਇਸ ਆਰ.ਡੀ.ਐਫ. ਦਾ ਮਕਸਦ ਸੀ ਪਰ ਅੱਜ ਲਗਦਾ ਹੈ ਕਿ ਕੇਂਦਰ ਸਰਕਾਰ ਦੀ ਅਨਾਜ ਦੀ ਜ਼ਰੂਰਤ ਪੂਰੀ ਹੋ ਗਈ ਹੈ। ਅੱਜ ਪੂਰੀ ਦੁਨੀਆ ਵਿੱਚ ਅਨਾਜ ਦੀ ਕਮੀ ਚੱਲ ਰਹੀ ਹੈ ਔਰ ਇਸ ਸਮੇਂ ਕੇਂਦਰ ਸਰਕਾਰ ਸਾਡੇ ਪੰਜਾਬ ਦੇ ਬਹਾਦਰ ਕਿਸਾਨਾਂ ਨੂੰ ਦਬਾ ਕੇ ਮਜ਼ਬੂਰ ਕਰ ਰਹੀ ਹੈ ਕਿ ਤੁਸੀਂ ਘੱਟ ਅਨਾਜ ਪੈਦਾ ਕਰੋ। ਜਦ ਕਿ ਕੇਂਦਰ ਸਰਕਾਰ ਨੂੰ ਕਿਸਾਨਾਂ ਨੂੰ ਐਨਕਰੇਜ ਕਰਨਾ ਚਾਹੀਦਾ ਸੀ। ਪੰਜਾਬ ਦੇ ਬਹਾਦਰ ਲੋਕ, ਕਿਸਾਨ ਜਿਹੜੇ ਅੱਜ ਕਰਜ਼ੇ ਦੀ ਮਾਰ ਹੇਠਾਂ ਹਨ, ਉਨ੍ਹਾਂ ਨੂੰ ਕੋਈ ਰਾਹਤ ਦੇਣ ਦੀ ਬਜਾਏ ਉਨ੍ਹਾਂ ਦੇ ਹੱਕ ਖੋਹੇ ਜਾ ਰਹੇ ਹਨ। ਸੋ, ਕੇਂਦਰ ਸਰਕਾਰ ਨੂੰ ਦੇਸ਼ ਦੀਆਂ ਸਮੁੱਚੀਆਂ ਆਪੋਜ਼ੀਸ਼ਨ ਪਾਰਟੀਆਂ ਬੇਨਤੀ ਕਰਦੀਆਂ ਹਨ ਕਿ ਇਹ ਫੰਡ ਛੇਤੀ ਹੀ ਰਿਲੀਜ਼ ਕੀਤੇ ਜਾਣ। ਸਾਡੇ ਮਾਣਯੋਗ ਮੰਤਰੀ ਸ਼੍ਰੀ ਗੁਰਮੀਤ ਸਿੰਘ ਖੁੱਡੀਆਂ ਜੀ ਨੇ ਬਹੁਤ ਹੀ ਮਹੱਤਵਪੂਰਣ ਮਤਾ ਪੇਸ਼ ਕੀਤਾ ਹੈ, ਮੈਂ ਇਸ ਮਤੇ ਦੀ ਪ੍ਰੋੜ੍ਹਤਾ ਕਰਦਾ ਹਾਂ। ਬਹੁਤ ਬਹੁਤ ਧੰਨਵਾਦ।

**ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ (ਸਰਦੂਲਗੜ੍ਹ)** : ਸਪੀਕਰ ਸਾਹਿਬ, ਧੰਨਵਾਦ। ਤੁਸੀਂ ਮੈਨੂੰ ਬਹੁਤ ਹੀ ਮਹੱਤਵਪੂਰਣ ਵਿਸ਼ੇ ਤੇ ਬੋਲਣ ਦਾ ਬੋਲਣ ਦਾ ਮੌਕਾ ਦਿੱਤਾ ਹੈ।ਇੱਕ ਕਹਾਵਤ ਹੈ ਕਿ:

*ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ।*

ਪੰਜਾਬ ਹਮੇਸ਼ਾ ਦੇਸ਼ ਲਈ ਹਿੱਕ ਡਾਹ ਕੇ ਖੜ੍ਹਦਾ ਰਿਹਾ ਹੈ, ਚਾਹੇ ਅਜ਼ਾਦੀ ਦੀ ਲੜਾਈ ਸੀ ਜਾਂ ਅਜ਼ਾਦੀ ਤੋਂ ਪਹਿਲਾਂ ਜਾਂ ਅਜ਼ਾਦੀ ਤੋਂ ਬਾਅਦ ਕੋਈ ਲੜਾਈ ਹੋਈ, ਚਾਹੇ ਪਾਕਿਸਤਾਨ ਨਾਲ ਹੋਈ, ਚੀਨ ਨਾਲ ਹੋਈ, ਕਾਰਗਿਲ ਵਿੱਚ ਹੋਈ, ਉੱਥੇ ਸਾਡੇ ਨੌਜਵਾਨਾਂ ਦੀਆਂ ਸ਼ਹੀਦੀਆਂ ਹੋਈਆਂ ਹਨ। ਤੁਸੀਂ ਪਿੰਡ ਪਿੰਡ ਜਾ ਕੇ ਦੇਖੋ, ਹਰ ਪਿੰਡ ਵਿੱਚ ਜਦੋਂ ਤੁਸੀਂ ਐਂਟਰ ਕਰੋਗੇ ਤਾਂ ਉਥੇ ਸਾਡੇ ਸ਼ਹੀਦਾਂ ਦਾ ਬੁੱਤ ਲੱਗਿਆ ਹੁੰਦਾ ਹੈ। ਜਿੱਥੋਂ ਪਤਾ ਲਗਦਾ ਹੈ ਕਿ ਅਸੀਂ ਦੇਸ਼ ਲਈ ਕੁਰਬਾਨੀਆਂ ਕਰਨ ਵਾਲੇ ਪੰਜਾਬੀ ਹਾਂ। ਜਿੱਥੇ ਪੰਜਾਬੀਆਂ ਨੇ ਦੇਸ਼ ਦੀ ਅਜ਼ਾਦੀ ਲਈ ਕੁਰਬਾਨੀਆਂ ਕੀਤੀਆਂ, ਜਵਾਨਾਂ ਨੇ ਸ਼ਹੀਦੀਆਂ ਦਿੱਤੀਆਂ, ਉਥੇ ਇਸ ਦੇਸ਼ ਨੂੰ ਅਨਾਜ ਵਿੱਚ ਨਿਰਭਰ ਬਣਾਉਣ ਵਾਸਤੇ ਵੀ ਕਿਸਾਨਾਂ ਨੇ ਦਿਨ-ਰਾਤ ਮਿਹਨਤ ਕੀਤੀ ਪਰ ਮੈਂ ਇੱਥੇ ਕਹਾਂਗਾ ਕਿ ਕੇਂਦਰ ਦੀਆਂ ਸਰਕਾਰਾਂ ਨੇ ਸਾਡੇ ਕਿਸਾਨਾਂ ਨਾਲ, ਸਾਡੇ ਜਵਾਨਾਂ ਨਾਲ ਹਮੇਸ਼ਾ ਧੱਕਾ ਕੀਤਾ ਹੈ। ਅੱਜ ਜੋ ਰੂਰਲ ਡਿਵੈਲਪਮੈਂਟ ਫੰਡ ਦੀ ਗੱਲ ਕੀਤੀ ਜਾ ਰਹੀ ਹੈ, ਜੋ ਰੋਕਿਆ ਗਿਆ ਹੈ, ਮੈਂ ਕਹਾਂਗਾ ਕਿ ਜਦੋਂ ਸਾਡੇ ਦੇਸ਼ ਨੂੰ ਲੋੜ ਸੀ ਅਤੇ ਦੇਸ਼ ਕੋਲ ਅਨਾਜ ਨਹੀਂ ਸੀ, ਉਸ ਵੇਲੇ ਸਾਡੇ ਪੰਜਾਬ ਨੇ ਇਕੱਲੇ ਦੇਸ਼ ਨੂੰ ਹੀ ਅਨਾਜ ਨਹੀਂ ਦਿੱਤਾ ਸੀ ਸਗੋਂ ਅਸੀਂ ਵਿਦੇਸ਼ਾਂ ਵਿੱਚ ਵੀ ਅਨਾਜ ਭੇਜਣ ਦੇ ਕਾਬਲ ਹੋਏ ਸੀ। ਅੱਜ ਜਦੋਂ ਸਾਡੀ ਧਰਤੀ ਉਪਜਾਊ ਨਹੀਂ ਰਹੀ, ਸਾਡੇ ਪਾਣੀ ਖਤਮ ਹੋ ਗਏ, ਸਾਨੂੰ ਕੈਂਸਰ ਵਰਗੀਆਂ ਬਿਮਾਰੀਆਂ ਲੱਗ ਗਈਆਂ, ਅਸੀਂ ਅੱਜ ਵੱਖ ਵੱਖ ਬਿਮਾਰੀਆਂ ਤੋਂ ਪੀੜ੍ਹਤ ਹਾਂ ਕਿਉਂਕਿ ਸਾਡਾ ਵਾਤਾਵਰਣ ਸਾਫ ਨਹੀਂ ਰਿਹਾ ਹੈ ਤਾਂ ਹੁਣ ਕੇਂਦਰ ਸਰਕਾਰ ਨੇ ਪੰਜਾਬ ਦੇ ਕਿਸਾਨਾਂ ਉਤੋਂ ਆਪਣਾ ਹੱਥ ਇਵੇਂ ਚੁੱਕ ਲਿਆ ਜਿਵੇਂ ਪੰਜਾਬ ਨੂੰ ਕੋਈ ਸਬਕ ਸਿਖਾਉਣਾ ਹੋਵੇ। ਮੈਨੂੰ ਲਗਦਾ ਹੈ ਕਿ ਜਿਹੜਾ ਦਿੱਲੀ ਵਿੱਚ ਕਿਸਾਨ ਅੰਦੋਲਨ ਚੱਲਿਆ ਸੀ, ਜਿਵੇਂ ਪੰਜਾਬ ਨੇ ਹਮੇਸ਼ਾ ਦੇਸ਼ ਦੀ ਅਗਵਾਈ ਕੀਤੀ ਹੈ, ਉਵੇਂ ਪੰਜਾਬ ਦੇ ਕਿਸਾਨਾਂ ਅਤੇ ਮਜ਼ਦੂਰਾਂ ਨੇ ਰਲ ਕੇ ਬਿਲਾਂ ਦੇ ਖਿਲਾਫ ਵੀ ਦੇਸ਼ ਦੀ ਅਗਵਾਈ ਕੀਤੀ ਹੈ, ਇਹੀ ਗੱਲ ਦੇਸ਼ ਦੇ ਪ੍ਰਧਾਨ ਮੰਤਰੀ ਅਤੇ ਕੇਂਦਰ ਦੀ ਸਰਕਾਰ ਨੂੰ ਰੜਕ ਰਹੀ ਹੈ ਕਿ ਸਾਡੇ ਅੱਗੇ ਹੋਰ ਤਾਂ ਕੋਈ ਨਹੀਂ ਬੋਲਦਾ ਪਰ ਜਦੋਂ ਅਸੀਂ ਕਿਸੇ ਪ੍ਰਕਾਰ ਦਾ ਕਾਨੂੰਨ ਲਿਆਈਏ ਤਾਂ ਪੰਜਾਬ ਦਾ ਬਹਾਦਰ ਕਿਸਾਨ, ਪੰਜਾਬ ਦਾ ਮਜ਼ਦੂਰ, ਪੰਜਾਬ ਦਾ ਵਾਸੀ ਜਿੱਥੇ ਵਿਤਕਰਾ ਹੁੰਦਾ ਹੈ, ਇਹ ਆ ਕੇ ਖੜ੍ਹ ਜਾਂਦੇ ਹਨ। ਇਹੀ ਕਾਰਨ ਹੈ ਕਿ ਸਾਨੂੰ ਅੱਜ ਇਕੱਲਾ ਰੂਰਲ ਡਿਵੈਲਪਮੈਂਟ ਫੰਡ ਵਾਸਤੇ ਹੀ ਨਹੀਂ, ਸਿਹਤ ਸਹੂਲਤਾਂ ਦੇ ਫੰਡ ਲਈ, ਯੂਨੀਵਰਸਿਟੀਆਂ ਦੇ ਵੀ.ਸੀ ਲਾਉਣ ਸਬੰਧੀ ਜੇ ਕੋਈ ਮਤਾ ਪਾਸ ਕਰਕੇ ਭੇਜਦੇ ਹਾਂ ਤਾਂ ਹਰ ਗੱਲ ਤੇ ਪੰਜਾਬ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਸਾਮ੍ਹਣੇ ਜਿਹੜੇ ਆਪੋਜ਼ੀਸ਼ਨ ਵਾਲੇ ਸੱਜਣ ਬੈਠੇ ਹਨ, ਕੀ ਇਨ੍ਹਾਂ ਦੇ ਏਰੀਏ ਵਿੱਚ ਲਿੰਕ ਸੜਕਾਂ ਨਹੀਂ ਹਨ? ਇਹ ਰੋਜ਼ ਪਿੰਡਾਂ ਵਿੱਚ ਜਾਂਦੇ ਹੋਣਗੇ ਅਤੇ ਸੜਕ ਤੇ ਜਾਂਦਿਆਂ ਖੱਡਿਆਂ ਵਿੱਚ ਵੱਜਦੇ ਹੋਣਗੇ। ਇਹ ਵੀ ਆਪਣੇ ਪਿੰਡਾਂ ਦੇ ਨੁਮਾਇੰਦਿਆਂ ਨੂੰ ਮਿਲਦੇ ਹੋਣਗੇ, ਜਿੱਥੇ ਲੋਕ ਸੜਕਾਂ ਦੀ ਮੁਰੰਮਤ ਦੀ ਮੰਗ ਕਰਦੇ ਹਨ ਜਾਂ ਨਵੀਆਂ ਸੜਕਾਂ

ਬਣਾਉਣ ਦੀ ਮੰਗ ਕਰਦੇ ਹਨ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਜ ਇਨ੍ਹਾਂ ਨੂੰ (ਆਪੋਜ਼ੀਸ਼ਨ ਵਾਲਿਆਂ ਨੂੰ) ਇੱਥੇ ਬੈਠਣਾ ਚਾਹੀਦਾ ਸੀ, ਸਾਡੇ ਨਾਲ ਖੜ੍ਹਨਾ ਚਾਹੀਦਾ ਸੀ ਕਿਉਂਕਿ ਇਨ੍ਹਾਂ ਦੇ ਇਲਾਕਿਆਂ ਨੂੰ ਵੀ ਸੜਕਾਂ ਦੀ ਲੋੜ ਹੈ, ਮੰਡੀਆਂ ਦੀ ਲੋੜ ਹੈ। ਜੇਕਰ ਕਿਸੇ ਕਿਸਾਨ ਨਾਲ ਖੇਤੀ ਕਰਦਿਆਂ ਕੋਈ ਹਾਦਸਾ ਹੋ ਜਾਂਦਾ ਹੈ ਤਾਂ ਉਸ ਸਥਿਤੀ ਵਿੱਚ ਉਸ ਨੂੰ ਇਸ ਵਾਸਤੇ ਮਾੜੀ-ਮੋਟੀ ਸਹਾਇਤਾ ਮੰਡੀਕਰਨ ਬੋਰਡ ਤੋਂ ਇਸ ਫੰਡ ਤਹਿਤ ਮਿਲਦੀ ਸੀ। ਜੇਕਰ ਕਿਸੇ ਮਜ਼ਦੂਰ ਦਾ ਹੱਥ ਕੱਟਿਆ ਜਾਂਦਾ ਸੀ ਜਾਂ ਮੌਤ ਹੋ ਜਾਂਦੀ ਸੀ ਤਾਂ ਉਸ ਨੂੰ ਵੀ ਇਸੇ ਫੰਡ ਵਿਚੋਂ ਸਹਾਇਤਾ ਮਿਲਦੀ ਸੀ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਜ ਇਸ ਮਹੱਤਵਪੂਰਨ ਵਿਸ਼ੇ ਤੇ ਸਾਨੂੰ ਸਾਰਿਆਂ ਨੂੰ ਸਿਰ ਜੋੜ ਕੇ ਬੈਠਣਾ ਚਾਹੀਦਾ ਸੀ ਪਰ ਅੱਜ ਉਹ ਲੋਕ ਜਿਹੜੇ ਸਪੀਕਰਾਂ ਤੇ ਤਾਂ ਪੰਜਾਬ ਦੀ ਗੱਲ ਕਰਨ ਦਾ ਦਾਅਵਾ ਕਰਦੇ ਹਨ ਜਾਂ ਟੀਵੀ ਤੇ ਬੋਲਦੇ ਹਨ, ਪਰ ਜਦੋਂ ਸਦਨ ਵਿੱਚ ਗੱਲ ਆਉਂਦੀ ਹੈ ਤਾਂ ਇਥੋਂ ਭੱਜ ਜਾਂਦੇ ਹਨ।

ਸਪੀਕਰ ਸਾਹਿਬ, ਅੱਜ ਮੇਨ ਗੱਲ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਅਸੀਂ ਦਿਹਾਤੀ ਵਿਕਾਸ ਫੰਡ ਦੀ ਗੱਲ ਕਰਦੇ ਹਾਂ ਤਾਂ ਸੈਂਟਰ ਵਾਲੇ ਇੱਕ ਗੱਲ ਕਹਿ ਦਿੰਦੇ ਹਨ ਕਿ ਪੰਜਾਬ ਨੇ ਫੰਡ ਦੀ ਦੁਰਵਰਤੋਂ ਕੀਤੀ ਹੈ। ਮੈਂ ਕਹਿੰਦਾ ਹਾਂ ਕਿ ਜਦੋਂ ਦੀ ਸਾਡੀ ਸਰਕਾਰ ਬਣੀ ਹੈ, ਸਾਡੇ ਵੇਲੇ ਤਾਂ ਇਹ ਫੰਡ ਆਇਆ ਹੀ ਨਹੀਂ। ਜਿਨ੍ਹਾਂ ਨੇ ਦੁਰਵਰਤੋਂ ਕੀਤੀ ਸੀ, ਉਨ੍ਹਾਂ ਵਿੱਚੋਂ ਇੱਕ ਮੁੱਖ ਮੰਤਰੀ ਤਾਂ ਤੁਹਾਡੇ ਵਿੱਚ ਭਾਵ ਬੀ.ਜੇ.ਪੀ. ਵਿੱਚ ਸ਼ਾਮਲ ਹੋ ਗਿਆ ਤੇ ਤੁਸੀਂ ਆ ਕੇ ਉਨ੍ਹਾਂ ਨੂੰ ਮਿਲਦੇ ਹੋ, ਇਸ ਫੰਡ ਦੀ ਦੁਰਵਰਤੋਂ ਕਰਨ ਵਾਲੇ ਉਸ ਸਾਬਕਾ ਮੁੱਖ ਮੰਤਰੀ ਨੂੰ ਪੁੱਛ ਤਾਂ ਲਵੋ ਕਿ ਫੰਡ ਕਿੱਥੇ ਗਿਆ। ਉਸ ਦੀ ਸਜ਼ਾ ਪੰਜਾਬ ਦੇ ਲੋਕਾਂ ਨੂੰ ਕਿਉਂ ਦੇ ਰਹੇ ਹੋ? ਇਸ ਤੋਂ ਇਲਾਵਾ ਜੋ ਪੰਜਾਬ ਵਿੱਚ ਕਾਂਗਰਸ ਤੋਂ ਪਹਿਲੀਆਂ ਸਰਕਾਰਾਂ ਸੀ, ਉਨ੍ਹਾਂ ਦੇ ਵਿੱਚ ਤੁਸੀਂ (ਬੀ.ਜੇ.ਪੀ.) ਭਾਈਵਾਲ ਸੀ। ਜੇ ਉਨ੍ਹਾਂ ਨੇ ਦੁਰਵਰਤੋਂ ਕੀਤੀ ਹੈ, ਉਸ ਸਰਕਾਰ ਵਿੱਚ ਤੁਸੀਂ ਵੀ (ਬੀ.ਜੇ.ਪੀ. ਵਾਲੇ) ਮੰਤਰੀ ਸੀ, ਤੁਸੀਂ ਬਰਾਬਰ ਬੈਠਦੇ ਸੀ। ਫਿਰ ਉਸ ਦੁਰਵਰਤੋਂ ਕਰਨ ਵਾਲੀ ਸਰਕਾਰ ਦੇ ਭਾਗੀਦਾਰ ਹੋ ਕੇ ਜਦੋਂ ਤੁਸੀਂ ਵੀ ਦੁਰਵਰਤੋਂ ਕਰ ਗਏ ਤਾਂ ਅੱਜ ਸਾਡਾ ਫੰਡ ਕਿਉਂ ਰੋਕਿਆ ਜਾ ਰਿਹਾ ਹੈ? ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸਲ ਗੱਲ ਇਹ ਹੈ ਕਿ ਸਰਦਾਰ ਭਗਵੰਤ ਸਿੰਘ ਮਾਨ ਜੀ ਅੱਜ ਹਰੇਕ ਖੇਤਰ ਵਿੱਚ ਪੰਜਾਬ ਨੂੰ ਅੱਗੇ ਲੈ ਕੇ ਜਾ ਰਹੇ ਹਨ। ਅੱਜ ਪੰਜਾਬ ਵਿੱਚ ਟੇਲਾਂ ਤੇ ਪਾਣੀ ਮਿਲ ਰਿਹਾ ਹੈ, ਨਹਿਰਾਂ ਵਿੱਚ ਪਾਣੀ ਆ ਰਿਹਾ ਹੈ ਅਤੇ 24 ਘੰਟੇ ਬਿਜਲੀ ਆ ਰਹੀ ਹੈ। ਨਵੀਆਂ ਨੌਕਰੀਆਂ ਦਿੱਤੀਆਂ ਰਹੀਆਂ ਹਨ। ਬਿਜਲੀ ਵਾਸਤੇ ਹਰ ਘਰ ਵਿੱਚ ਸਬਸਿਡੀ ਦਿੱਤੀ ਜਾ ਰਹੀ ਹੈ। ਲੋਕਾਂ ਦੇ ਬਿਜਲੀ ਦੇ ਬਿਲ ਜ਼ੀਰੋ ਆ ਰਹੇ ਹਨ। ਕੇਂਦਰ ਸਰਕਾਰ ਚਾਹੁੰਦੀ ਹੈ ਕਿ ਸਾਰੇ ਫੰਡ ਰੋਕ ਕੇ ਕਿਵੇਂ ਨਾ ਕਿਵੇਂ ਪੰਜਾਬ ਸਰਕਾਰ ਨੂੰ ਬਦਨਾਮ ਕੀਤਾ ਜਾਵੇ ਪਰ ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਇਨ੍ਹਾਂ ਦਾ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦਾ ਇਕੱਲਾ ਮੁੱਖ ਮੰਤਰੀ ਹੀ

ਬੀ.ਜੇ.ਪੀ. ਵਿੱਚ ਨਹੀਂ ਗਿਆ, ਸਗੋਂ 7-8 ਸਾਬਕਾ ਕੈਬਨਿਟ ਮੰਤਰੀ ਵੀ ਬੀ.ਜੇ.ਪੀ. ਵਿੱਚ ਬੈਠੇ ਹਨ। ਜੇ ਉਨ੍ਹਾਂ ਨੇ ਦੁਰਵਰਤੋਂ ਕੀਤੀ ਹੈ ਤਾਂ ਘੱਟੋ-ਘੱਟ ਜਦੋਂ ਕਿਸੇ ਸਟੇਜ ਤੇ ਚੜ੍ਹਦੇ ਹੁੰਦੇ ਹੋ ਤਾਂ ਉਥੇ ਇਨ੍ਹਾਂ ਤੋਂ ਕੰਨ ਵਿੱਚ ਹੀ ਪੁੱਛ ਲਿਆ ਕਰੋ ਕਿ ਰੂਰਲ ਡਿਵੈਲਪਮੈਂਟ ਫੰਡ ਕਿੱਥੇ ਲਗਾ ਦਿੱਤਾ। ਸਾਨੂੰ ਪੁੱਛਣ ਦੀ ਬਜਾਏ ਜਿਹੜੇ ਹੁਣ ਤੁਹਾਡੇ ਹਿੱਸੇਦਾਰ ਹਨ, ਉਨ੍ਹਾਂ ਨਾਲ ਗੱਲ ਕਰੋ।

ਸਪੀਕਰ ਸਾਹਿਬ, ਸੋ, ਮੈਂ ਸਾਰੇ ਸਦਨ ਵਿੱਚ ਬੇਨਤੀ ਕਰਦਾ ਹਾਂ ਕਿ ਅਸੀਂ ਇਕੱਠੇ ਹੋ ਕੇ ਕਹਿੰਦੇ ਹਾਂ ਕਿ ਵਿਰੋਧੀ ਧਿਰਾਂ ਇੱਥੇ ਆ ਕੇ ਬੈਠਣ। ਜੇ ਤੁਸੀਂ ਪੰਜਾਬ ਦੇ ਹਿੱਤਾਂ ਦੀ ਰਾਖੀ ਕਰਨ ਵਾਲੇ ਹੋ, ਜੇ ਪੰਜਾਬ ਦਾ ਭਲਾ ਚਾਹੁੰਣ ਵਾਲੇ ਹੋ, ਜੇ ਤੁਸੀਂ ਕਹਿੰਦੇ ਹੋ ਕਿ ਅਸੀਂ ਪੰਜਾਬ ਹਿਤੈਸ਼ੀ ਹਾਂ, ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਇਲਾਕੇ ਦੀਆਂ ਸੜਕਾਂ ਵੀ ਬਣਨ, ਤੁਹਾਡੇ ਇਲਾਕੇ ਦੇ ਫੜ੍ਹ ਪੱਕੇ ਹੋਣ, ਪੇਂਡੂ ਡਿਸਪੈਂਸਰੀਆਂ ਵਿੱਚ ਡਾਕਟਰ ਆਉਣ ਅਤੇ ਪਸ਼ੂ ਡਿਸਪੈਂਸਰੀਆਂ ਵਿੱਚ ਵੈਟਰਨਰੀ ਡਾਕਟਰ ਵੀ ਆਉਣ, ਜੇ ਤੁਸੀਂ ਪੇਂਡੂ ਇਲਾਕਿਆਂ ਵਿੱਚ ਵਧੀਆ ਸਿਹਤ ਤੇ ਸਿੱਖਿਆ ਦੀਆਂ ਸੁਵਿਧਾਵਾਂ ਚਾਹੁੰਦੇ ਹੋ ਤਾਂ ਅੱਜ ਵਿਰੋਧੀ ਧਿਰ ਨੂੰ ਇਥੇ ਬੈਠਣਾ ਚਾਹੀਦਾ ਸੀ।

**ਮਾਣਯੋਗ ਸਪੀਕਰ:** ਠੀਕ ਹੈ ਜੀ। ਕਨਕਲੂਡ ਕਰੋ ਜੀ।

**ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ:** ਜੋ ਸੈਂਟਰ ਸਾਡੇ ਨਾਲ ਹਰ ਗੱਲ ਤੇ ਵਿਤਕਰਾ ਕਰ ਰਿਹਾ ਹੈ, ਸਾਡਾ ਰੂਰਲ ਡਿਵੈਲਪਮੈਂਟ ਫੰਡ ਰੋਕਿਆ ਜਾ ਰਿਹਾ ਹੈ, ਇਸ ਦੇ ਅਗੇਂਸਟ ਵਿਰੋਧੀ ਧਿਰ ਨੂੰ ਅੱਜ ਸਾਡਾ ਸਾਥ ਦੇਣਾ ਚਾਹੀਦਾ ਸੀ ਅਤੇ ਜਿਹੜੇ ਇਨ੍ਹਾਂ ਦੇ ਵਿੱਚ ਬੈਠੇ ਹਨ, ਮੈਂ ਸਦਨ ਦੇ ਰਾਹੀਂ ਦੁਬਾਰਾ ਕਹਿਣਾ ਚਾਹੁੰਦਾ ਹਾਂ ਕਿ ਜੇ ਰੂਰਲ ਵਿਕਾਸ ਫੰਡ ਦੀ ਦੁਰਵਰਤੋਂ ਪਹਿਲਾਂ ਕਿਸੇ ਨੇ ਕੀਤੀ ਹੈ, ਉਦੋਂ ਦਾ ਮੁੱਖ ਮੰਤਰੀ ਹੁਣ ਤੁਹਾਡਾ ਹਿੱਸੇਦਾਰ ਬਣਿਆ ਬੈਠਾ ਹੈ, ਉਸ ਵੇਲੇ ਦੇ ਮੰਤਰੀ ਵੀ ਤੁਹਾਡੇ ਹਿੱਸੇਦਾਰ ਬਣੇ ਬੈਠੇ ਹਨ, ਪੁਰਾਣੀ ਸਰਕਾਰ ਦੇ ਤੁਸੀਂ ਭਾਗੀਦਾਰ ਸੀ, ਤੁਸੀਂ ਉਨ੍ਹਾਂ ਤੋਂ ਹਿਸਾਬ ਲਵੋ। ਸਾਡੇ ਪੰਜਾਬ ਦੇ ਕਿਸਾਨਾਂ ਤੇ ਮਜ਼ਦੂਰਾਂ ਨਾਲ ਧੱਕਾ ਨਾ ਕਰੋ। ਸਾਡਾ ਰੂਰਲ ਡਿਵੈਲਪਮੈਂਟ ਫੰਡ ਜਾਰੀ ਕੀਤਾ ਜਾਣਾ ਚਾਹੀਦਾ ਹੈ, ਇਸ ਤੇ ਜੋ ਕੱਟ ਲਗਾਇਆ ਹੈ, ਜਿਹੜਾ ਜ਼ੀਰੋ ਪਰਸੈਂਟ ਕੀਤਾ ਹੈ, ਇਹ ਦੁਬਾਰਾ ਬਹਾਲ ਕੀਤਾ ਜਾਣਾ ਚਾਹੀਦਾ ਹੈ। ਮੈਂ ਇਸ ਮਤੇ ਦੀ ਪ੍ਰੋੜ੍ਹਤਾ ਕਰਦਾ ਹੋਇਆ ਆਪਣਾ ਸਥਾਨ ਲੈਂਦਾ ਹਾਂ। ਧੰਨਵਾਦ ਜੀ।

Mr. Speaker : Thank you. ਡਾਕਟਰ ਨਛੱਤਰ ਪਾਲ ਜੀ, ਤੁਸੀਂ ਬੋਲੋ।

**ਡਾਕਟਰ ਨਛੱਤਰ ਪਾਲ (ਨਵਾਂ ਸ਼ਹਿਰ):** ਮਾਣਯੋਗ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਸਾਡੇ ਬਹੁਤ ਹੀ ਸਤਿਕਾਰਯੋਗ ਸਰਦਾਰ ਗੁਰਮੀਤ ਸਿੰਘ ਖੁੱਡੀਆਂ ਜੀ, ਮੰਤਰੀ ਸਾਹਿਬ ਜਿਹੜਾ ਮਤਾ ਲੈ ਕੇ ਆਏ ਹਨ, ਬਹੁਜਨ ਸਮਾਜ ਪਾਰਟੀ ਉਸ ਦੀ ਪ੍ਰੋੜ੍ਹਤਾ ਕਰਦੀ ਹੈ। ਪੰਜਾਬ ਦੇ ਅੰਦਰ 9 ਅਪ੍ਰੈਲ, 1987 ਨੂੰ ਰੂਰਲ

ਡਿਵੈਲਪਮੈਂਟ ਬੋਰਡ ਬਣਿਆ। ਫਸਲਾਂ ਦੀ ਮਾਰਕੀਟ ਫੀਸ 3% ਨਾਲ ਰੂਰਲ ਡਿਵੈਲਪਮੈਂਟ ਫੰਡ ਦੀ ਕੁਲੈਕਸ਼ਨ ਸ਼ੁਰੂ ਹੋਈ। ਪੰਜਾਬ ਦੀ ਸਰਕਾਰ ਨੇ ਇਨ੍ਹਾਂ ਫੰਡਾਂ ਦੀ ਵਰਤੋਂ ਆਪਣੇ ਸੂਬੇ ਦੀ ਤਰੱਕੀ ਲਈ ਕਰਨੀ ਹੁੰਦੀ ਹੈ। ਫਸਲਾਂ ਦੀ ਪੈਦਾਵਾਰ ਵਿੱਚ ਵਾਧਾ ਕਰਨਾ, ਕੁਦਰਤੀ ਕਰੋਪੀ ਦੌਰਾਨ ਫਸਲਾਂ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਦੇਣਾ, ਫਸਲਾਂ ਨੂੰ ਸੰਭਾਲਣਾ ਤੇ ਭੰਡਾਰਨ ਕਰਨਾ, ਕਿਸਾਨਾਂ ਲਈ ਮੰਡੀਆਂ, ਫੋਕਲ ਪੁਆਇੰਟਾਂ ਤੇ ਆਰਾਮ ਘਰਾਂ ਦਾ ਪ੍ਰਬੰਧ ਕਰਨਾ, ਫਸਲਾਂ ਨੂੰ ਮੰਡੀ ਤੱਕ ਲਿਆਉਣ ਲਈ ਪੇਂਡੂ ਸੜਕਾਂ ਦਾ ਨਿਰਮਾਣ ਕਰਨਾ, ਪਿੰਡਾਂ ਵਿੱਚ ਡਿਸਪੈਂਸਰੀਆਂ ਅਤੇ ਪਸ਼ੂਆਂ ਦੇ ਹਸਪਤਾਲ ਬਣਾਉਣ ਦਾ ਪ੍ਰਬੰਧ ਕਰਨਾ, ਪਿੰਡਾਂ ਵਿੱਚ ਪਾਣੀ ਦੀ ਨਿਕਾਸੀ ਅਤੇ ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰਨਾ, ਖੇਤੀ ਕਾਮਿਆਂ ਦੀ ਭਲਾਈ ਲਈ ਪੈਸੇ ਦੇਣਾ, ਪੇਂਡੂ ਇਲਾਕਿਆਂ ਵਿੱਚ ਬਿਜਲੀ ਦੀ ਸਪਲਾਈ ਦੇਣੀ, ਬਿਜਲੀ ਘਰ ਬਣਾਉਣੇ ਅਤੇ ਮੰਡੀਆਂ ਨੂੰ ਆਧੁਨਿਕ ਬਣਾਉਣਾ ਆਦਿ ਸਾਰੇ ਕੰਮ ਇਸ ਫੰਡ ਰਾਹੀਂ ਕੀਤੇ ਜਾਂਦੇ ਹਨ। ਇਸ ਦੇ ਨਾਲ ਨਾਲ ਕੇਂਦਰ ਦੀ ਸਰਕਾਰ, ਰਾਜਾਂ ਦੇ ਵੱਧ ਅਧਿਕਾਰਾਂ, ਜਿਨ੍ਹਾਂ ਵਾਸਤੇ ਪੰਜਾਬ ਹਮੇਸ਼ਾ ਮੁਦੱਈ ਰਿਹਾ ਹੈ, ਪੰਜਾਬ ਹਮੇਸ਼ਾ ਵੱਧ ਅਧਿਕਾਰਾਂ ਲਈ ਲੜਾਈ ਲੜਦਾ ਰਿਹਾ ਹੈ, ਉਸ ਦੇ ਨਾਲ ਕੇਂਦਰ ਸਰਕਾਰ ਬਹੁਤ ਵੱਡਾ ਧੱਕਾ ਕਰ ਰਹੀ ਹੈ। ਅੱਜ ਸਾਨੂੰ ਸਾਰਿਆਂ ਨੂੰ ਇਕੱਠੇ ਹੋ ਕੇ ਇਹ ਮਤਾ ਸਰਬਸੰਮਤੀ ਨਾਲ ਪਾਸ ਕਰਨਾ ਚਾਹੀਦਾ ਹੈ ਔਰ ਸਾਡੇ ਜਿਹੜੇ ਸਾਥੀ ਸਦਨ ਵਿੱਚੋਂ ਚਲੇ ਗਏ ਹਨ, ਉਨ੍ਹਾਂ ਨੂੰ ਵੀ ਇੱਥੇ ਬੈਠਣਾ ਚਾਹੀਦਾ ਸੀ ਕਿਉਂਕਿ ਅੱਜ ਪੰਜਾਬ ਦੀ ਤਰੱਕੀ ਲਈ ਲੋੜੀਂਦੇ ਜਿਹੜੇ ਪੈਸੇ ਕੇਂਦਰ ਰੋਕ ਕੇ ਬੈਠਾ ਹੈ, ਜਿਨ੍ਹਾਂ ਨਾਲ ਸਾਡੇ ਪੰਜਾਬ ਦੀ ਤਰੱਕੀ/ਡਿਵੈਲਪਮੈਂਟ ਹੋਣੀ ਹੈ, ਉਨ੍ਹਾਂ ਨੂੰ ਆਪਾਂ ਰਲ਼ ਮਿਲ ਕੇ ਲੈ ਕੇ ਆਈਏ। ਇਸ ਲਈ ਮੈਂ ਬਹੁਜਨ ਸਮਾਜ ਪਾਰਟੀ ਵੱਲੋਂ ਇਸ ਮਤੇ ਦੀ ਹਮਾਇਤ ਕਰਦਾ ਹਾਂ। ਬਹੁਤ ਬਹੁਤ ਧੰਨਵਾਦ।

*11.59 ਵਜੇ ਪੂਰਵ ਦੁਪਹਿਰ) (*ਇਸ ਸਮੇਂ ਮਾਣਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

**ਮਾਣਯੋਗ ਡਿਪਟੀ ਸਪੀਕਰ:** ਧੰਨਵਾਦ ਜੀ। ਸ਼੍ਰੀ ਜਗਦੀਪ ਕੰਬੋਜ ਗੋਲਡੀ।

**ਸ਼੍ਰੀ ਜਗਦੀਪ ਕੰਬੋਜ ਗੋਲਡੀ (ਜਲਾਲਾਬਾਦ):** ਬਹੁਤ ਬਹੁਤ ਧੰਨਵਾਦ, ਡਿਪਟੀ ਸਪੀਕਰ ਸਾਹਿਬ। ਸਭ ਤੋਂ ਪਹਿਲਾਂ ਸਾਡੇ ਖੇਤੀਬਾੜੀ ਮੰਤਰੀ ਜੀ ਦਾ ਧੰਨਵਾਦ ਹੈ ਕਿ ਜਿਨ੍ਹਾਂ ਨੇ ਪੰਜਾਬ ਦੇ ਹਿੱਤਾਂ ਨੂੰ ਵੇਖਦੇ ਹੋਏ ਇਹ ਮਤਾ ਲਿਆਂਦਾ ਹੈ। ਕੇਂਦਰ ਸਰਕਾਰ ਸਾਡੇ ਨਾਲ ਵਿਤਕਰਾ ਕਰ ਰਹੀ ਹੈ, ਉਨ੍ਹਾਂ ਨੇ ਸਾਡੇ ਪੰਜਾਬ ਦਾ 3622 ਕਰੋੜ ਰੁਪਏ ਦਾ ਆਰ.ਡੀ.ਐਫ. ਰੋਕਿਆ ਹੋਇਆ ਹੈ। ਪੰਜਾਬ ਦੇ ਲੋਕਾਂ ਨੇ ਬਹੁਤ ਮਿਹਨਤ ਕਰਕੇ ਅਤੇ ਆਪਣਾ ਪਸੀਨਾ ਵਹਾ ਕੇ ਫਸਲਾਂ ਉਗਾਈਆਂ ਅਤੇ ਪੂਰੇ ਦੇਸ਼ ਲਈ ਅਨਾਜ ਪੈਦਾ ਕੀਤਾ ਪਰ ਜਦੋਂ ਪੰਜਾਬ ਨਾਲ ਖੜਨ ਦੀ ਜ਼ਰੂਰਤ ਸੀ ਤਾਂ ਕੇਂਦਰ ਨੇ ਸਾਡੇ ਨਾਲ ਵਿਤਕਰਾ ਕਰਨ ਦੇ ਨਵੇਂ ਨਵੇਂ ਤਰੀਕੇ ਲੱਭ ਲਏ। ਸਾਡੀ ਸਰਕਾਰ ਬਣੇ ਨੂੰ ਹਾਲੇ ਤਕਰੀਬਨ ਸਵਾ ਸਾਲ ਦਾ ਸਮਾਂ ਹੋਇਆ ਹੈ। ਜਿਹੜੇ ਸਾਡੇ ਵਿਰੋਧੀ ਪਾਰਟੀ ਦੇ ਮੈਂਬਰ ਇੱਥੇ ਬੈਠੇ

ਹਨ, ਇਨ੍ਹਾਂ ਦੀ ਸਰਕਾਰ ਨੇ 4600 ਕਰੋੜ ਰੁਪਿਆ ਕਰਜ਼ਾ ਲਿਆ ਸੀ ਅਤੇ ਜਿਹੜੇ ਵਿਰੋਧੀ ਪਾਰਟੀ ਦੇ ਮੈਂਬਰ ਚਲੇ ਗਏ ਹਨ, ਉਨ੍ਹਾਂ ਦੀ ਸਰਕਾਰ ਨੇ 800 ਕਰੋੜ ਕਰਜ਼ਾ ਰੁਪਿਆ ਲਿਆ ਸੀ ਪਰ ਉਹ ਪੈਸਾ ਕਿੱਥੇ ਲਗਾਇਆ, ਇਸ ਬਾਰੇ ਇਹੀ ਦੱਸ ਸਕਦੇ ਹਨ। ਸਾਲ 2027 ਤੱਕ ਤਾਂ ਅਸੀਂ ਇਸ ਕਰਜ਼ੇ ਦੀਆਂ ਕਿਸ਼ਤਾਂ ਹੀ ਲਾਹੁਣੀਆਂ ਹਨ। ਇਹ ਸਾਡੇ ਮੰਡੀ ਬੋਰਡ ਲਈ ਬਹੁਤ ਵੱਡਾ ਆਰਥਿਕ ਸੰਕਟ ਬਣਿਆ ਹੋਇਆ ਹੈ। ਸਾਡੀ ਸਰਕਾਰ ਨੇ ਇਸ ਕਰਜ਼ੇ ਦੀਆਂ ਕਿਸ਼ਤਾਂ ਵੀ ਲਾਹੀਆਂ ਅਤੇ ਵਿਕਾਸ ਦੇ ਕੰਮ ਵੀ ਕੀਤੇ ਪਰ ਜਦੋਂ ਤੱਕ 3622 ਕਰੋੜ ਨਹੀਂ ਆਉਂਦਾ ਤਾਂ ਵਿਕਾਸ ਕੰਮ ਕਿਸ ਤਰ੍ਹਾਂ ਹੋਣਗੇ? 2100 ਕਰੋੜ ਰੁਪਿਆ ਤਾਂ ਮੰਡੀ ਬੋਰਡ ਵੱਲੋਂ ਬਣਾਈਆਂ ਜਾਂਦੀਆਂ ਸੜਕਾਂ ਦੀ ਰਿਪੇਅਰ ਵਾਸਤੇ ਹੀ ਖਰਚ ਹੋਣਾ ਹੈ। ਇਸ ਤੋਂ ਇਲਾਵਾ ਮੰਡੀਆਂ ਦੀ ਡਿਵੈਲਪਮੈਂਟ ਵਾਸਤੇ ਵੀ ਪੈਸਾ ਖਰਚ ਹੋਣਾ ਹੈ ਤਾਂ ਕਿ ਮੰਡੀਆਂ ਵਿਚ ਸ਼ੈਡ ਲੱਗ ਸਕਣ ਅਤੇ ਫਸਲਾਂ ਖਰਾਬ ਨਾ ਹੋਣ। ਕੇਂਦਰ ਸਰਕਾਰ ਨੇ ਪੁਰਾਣੀਆਂ ਸਰਕਾਰਾਂ ਦੀਆਂ ਗਲਤ ਨੀਤੀਆਂ ਦੀ ਸਜ਼ਾ ਸਾਡੀ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਦਿੱਤੀ ਹੈ। ਇਹ ਗੱਲ ਸਹੀ ਨਹੀਂ ਹੈ।ਇਹ ਸਰਾਸਰ ਧੱਕਾ ਹੈ। ਸੋ, ਮੇਰੀ ਬੇਨਤੀ ਹੈ ਕਿ ਪੰਜਾਬ ਨੂੰ ਪੰਜਾਬ ਦਾ ਬਣਦਾ ਹੱਕ ਦਿੱਤਾ ਜਾਣਾ ਚਾਹੀਦਾ ਹੈ। ਪਿੱਛੇ ਜਿਹੇ ਕੇਂਦਰ ਸਰਕਾਰ ਕਾਲੇ ਕਾਨੂੰਨ ਲੈ ਕੇ ਆਈ ਸੀ ਅਤੇ ਪੰਜਾਬ ਦੇ ਲੋਕਾਂ ਨੇ ਬੜੀ ਹਿੰਮਤ ਕਰਕੇ ਉਹ ਕਾਲੇ ਕਾਨੂੰਨ ਵਾਪਸ ਕਰਵਾਏ। ਮੇਰਾ ਖਿਆਲ ਹੈ ਕਿ ਕੇਂਦਰ ਸਰਕਾਰ ਉਸੇ ਕਰਕੇ ਸਾਡੇ ਨਾਲ ਵਿਤਕਰਾ ਕਰ ਰਹੀ ਹੈ। ਜਦੋਂ ਸਾਡੀ ਲੋੜ ਸੀ, ਉਦੋਂ ਕੇਂਦਰ ਸਾਡੇ ਪਿੱਛੇ ਪਿੱਛੇ ਸੀ ਪਰ ਜਦੋਂ ਹੁਣ ਸਾਡੇ ਦੇਸ਼ ਵਿੱਚ ਫਸਲ ਪੈਦਾ ਹੋਣ ਲੱਗ ਪਈ ਤਾਂ ਸਾਡੇ ਆਰ.ਡੀ.ਐਫ. ਤੇ ਰੋਕ ਲਗਾ ਦਿੱਤੀ ਗਈ। ਇਹ ਕੇਂਦਰ ਸਰਕਾਰ ਦਾ ਬਹੁਤ ਮੰਦਭਾਗਾ ਫੈਸਲਾ ਹੈ। ਸੋ, ਮੇਰੀ ਕੇਂਦਰ ਸਰਕਾਰ ਨੂੰ ਬੇਨਤੀ ਹੈ ਕਿ ਸਾਡਾ ਆਰ.ਡੀ.ਐਫ. ਸਾਨੂੰ ਜਾਰੀ ਕੀਤਾ ਜਾਵੇ। ਜਿਹੜੇ ਸਾਡੇ ਵਿਰੋਧੀ ਪਾਰਟੀਆਂ ਦੇ ਮੈਂਬਰ ਅੱਜ ਚਲੇ ਗਏ, ਇਨ੍ਹਾਂ ਨੂੰ ਇੱਥੇ ਰੁਕਣਾ ਚਾਹੀਦਾ ਸੀ ਅਤੇ ਇੱਥੇ ਬਹਿ ਕੇ ਪੰਜਾਬ ਦੇ ਲੋਕਾਂ ਦੀ ਹਮਾਇਤ ਕਰਨੀ ਚਾਹੀਦੀ ਸੀ ਨਾ ਕਿ ਸੈਸ਼ਨ ਦੇ ਪਹਿਲੇ ਮਿੰਟ ਵਿੱਚ ਹੀ ਰੌਲਾ ਪਾ ਕੇ ਬਾਹਰ ਚਲੇ ਜਾਣਾ ਚਾਹੀਦਾ ਸੀ। ਇਹ ਪਤਾ ਨਹੀਂ ਆਪਣੇ ਹਲਕਿਆਂ ਵਿਚ ਜਾ ਕੇ ਕੀ ਸੁਨੇਹਾ ਦੇਣਾ ਚਾਹੁੰਦੇ ਹਨ? ਕੱਲ੍ਹ ਪਰਸੋਂ ਦਾ ਟੀ.ਵੀ. ਤੇ ਬੜਾ ਰੌਲਾ ਪਾਇਆ ਗਿਆ ਕਿ ਸਾਡਾ ਮੁੱਖ ਮੰਤਰੀ ਕਿਸੇ ਦਾ ਪਾਇਲਟ ਬਣਿਆ ਫਿਰਦਾ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡਾ ਮੁੱਖ ਮੰਤਰੀ ਪਾਇਲਟ ਹੈ ਪੰਜਾਬ ਦੇ ਲੋਕਾਂ ਦਾ, ਪੰਜਾਬੀਅਤ ਦਾ। ਅੱਜ ਤੱਕ ਪੰਜਾਬ ਵਿਚ ਇਕੋ ਐਸਾ ਮੁੱਖ ਮੰਤਰੀ ਬਣਿਆ ਹੈ ਕਿ ਜਿਸ ਨੇ ਪੰਜਾਬ ਦੀ ਗੱਲ ਕੀਤੀ ਹੈ। ਜਿਹੜੇ ਸਾਡੇ ਪੁਰਾਣੇ ਮੁੱਖ ਮੰਤਰੀ ਸੀ, ਉਨ੍ਹਾਂ ਨੇ ਆਰ.ਡੀ.ਐਫ. ਦੀ ਦੁਰਵਰਤੋਂ ਕੀਤੀ। ਇਕ ਪੁਰਾਣੇ ਮੁੱਖ ਮੰਤਰੀ ਨੇ ਆਪਣੇ ਸੰਗਤ ਦਰਸ਼ਨਾਂ ਦੌਰਾਨ ਇਸ ਪੈਸੇ ਵਿੱਚੋਂ ਕਦੇ 80 ਲੱਖ ਦਿੱਤਾ, ਕਦੇ 1 ਕਰੋੜ ਦਿੱਤਾ, ਇਸ ਤਰ੍ਹਾਂ ਇਸ ਫੰਡ ਦੀ ਦੁਰਵਰਤੋਂ ਹੋਈ। ਅਸੀਂ ਤਾਂ ਇਸ ਤਰ੍ਹਾਂ ਕੋਈ ਫੰਡ ਨਹੀਂ ਦਿੱਤਾ। ਸੋ, ਜਿਹੜਾ ਮਤਾ

ਸਾਡੇ ਖੇਤੀਬਾੜੀ ਮੰਤਰੀ ਜੀ ਲੈ ਕੇ ਆਏ ਹਨ, ਮੈਂ ਇਸ ਦੀ ਪ੍ਰੋੜ੍ਹਤਾ ਕਰਦਾ ਹਾਂ ਅਤੇ ਉਮੀਦ ਕਰਦਾ ਹਾਂ ਕਿ ਕੇਂਦਰ ਸਰਕਾਰ ਸਾਨੂੰ ਸਾਡਾ ਬਣਦਾ ਹੱਕ ਦੇਵੇਗਾ ਅਤੇ ਆਰ.ਡੀ.ਐਫ. ਜਾਰੀ ਕਰੇਗਾ ਤਾਂ ਜੋ ਪੰਜਾਬ ਦੇ ਵਿਕਾਸ ਦੇ ਕੰਮ ਹੋ ਸਕਣ। ਬਹੁਤ ਬਹੁਤ ਧੰਨਵਾਦ ਜੀ।

**ਮਾਣਯੋਗ ਡਿਪਟੀ ਸਪੀਕਰ:** ਧੰਨਵਾਦ ਜੀ। ਰਾਣਾ ਇੰਦਰ ਪ੍ਰਤਾਪ ਸਿੰਘ ਜੀ।

*12.05 ਵਜੇ ਬਾਅਦ ਦੁਪਹਿਰ) (*ਇਸ ਸਮੇਂ ਮਾਣਯੋਗ ਸਪੀਕਰ ਸਾਹਿਬ ਨੇ ਸਦਨ ਦੀ ਕੁਰਸੀ ਸੰਭਾਲੀ।)

**ਰਾਣਾ ਇੰਦਰ ਪ੍ਰਤਾਪ ਸਿੰਘ (ਸੁਲਤਾਨਪੁਰ ਲੋਧੀ):** ਬਹੁਤ ਹੀ ਸਤਿਕਾਰਯੋਗ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਪੰਜਾਬ ਦੇ ਜ਼ਿੰਮੀਦਾਰਾਂ ਨੇ ਹਮੇਸ਼ਾ ਮੁਲਕ ਦਾ ਢਿੱਡ ਭਰਿਆ ਹੈ। ਜਦੋਂ ਜਦੋਂ ਅਨਾਜ ਦੀ ਸ਼ੌਰਟੇਜ ਆਈ, ਪੰਜਾਬ ਦੇ ਜ਼ਿੰਮੀਦਾਰਾਂ ਨੇ ਉਸ ਸ਼ੌਰਟੇਜ ਨੂੰ ਪੂਰਾ ਕੀਤਾ। ਅੱਜ ਵੀ ਪੰਜਾਬ ਦੇ ਵਿੱਚ ਜੇ ਕਣਕ ਦੀ ਗੱਲ ਕਰ ਲਈਏ ਤਾਂ 125 ਤੋਂ ਲੈ ਕੇ 135 ਲੱਖ ਮੀਟਰਿਕ ਟਨ ਕਣਕ ਪ੍ਰੋਕਿਓਰ ਹੁੰਦੀ ਹੈ, ਜੋ ਕਿ ਤਕਰੀਬਨ 32000 ਕਰੋੜ ਰੁਪਏ ਦੇ ਮੁੱਲ ਦੀ ਹੁੰਦੀ ਹੈ। ਜੇਕਰ ਝੋਨੇ ਦੀ ਗੱਲ ਕਰ ਲਈਏ ਤਾਂ 180 ਤੋਂ 190 ਲੱਖ ਮੀਟਰਿਕ ਟਨ ਝੋਨਾ ਪ੍ਰੋਕਿਓਰ ਕੀਤਾ ਜਾਂਦਾ ਹੈ, ਜਿਹੜੀ ਕਿ ਤਕਰੀਬਨ 40,000 ਕਰੋੜ ਰੁਪਏ ਦੇ ਮੁੱਲ ਦੀ ਹੁੰਦੀ ਹੈ। ਦੇਸ਼ ਦੇ ਵਿੱਚ ਅੱਜ ਵੀ 60% ਕਣਕ ਸੈਂਟਰਲ ਪੂਲ ਦੇ ਵਿੱਚ ਜੋ ਐਫ.ਸੀ.ਆਈ ਪ੍ਰੋਕਿਓਰ ਕਰਦੀ ਹੈ, ਇਹ ਪੰਜਾਬ ਰਾਹੀਂ ਕੀਤੀ ਜਾਂਦੀ ਹੈ, ਇਹ ਕੰਟਰੀਬਿਊਸ਼ਨ ਪੰਜਾਬ ਦੀ ਹੈ। ਜਿਹੜਾ ਸਾਡਾ ਐਮ.ਡੀ.ਐਫ ਤੇ ਆਰ.ਡੀ.ਐਫ ਹੈ, ਇਸ ਤੇ 3% ਟੈਕਸ ਰੇਟ ਡਿਸਾਈਡ ਕੀਤਾ ਹੈ। ਇਹ prerogative ਸਾਡੀ ਪੰਜਾਬ ਦੀ ਸਰਕਾਰ ਦਾ ਹੈ। ਇਸ ਨੂੰ ਘਟਾਉਣ ਦਾ ਸੈਂਟਰ ਦਾ ਕੋਈ prerogative ਨਹੀਂ ਹੈ। ਮੈਂ ਇੱਕ ਐਗਜ਼ਾਂਪਲ ਦੇਣਾ ਚਾਹੁੰਦਾ ਹਾਂ ਕਿ ਜੇ ਅੱਜ ਜੀ.ਐਸ.ਟੀ ਸੈਂਟਰ ਦਾ prerogative ਹੈ ਤਾਂ ਸਟੇਟ ਉਸ ਤੇ ਆਪਣੇ ਆਪ ਰੇਟ ਆਫ ਇੰਟਰਸਟ ਨਹੀਂ ਘਟਾ ਸਕਦੀ ਹੈ।ਇਸ ਲਈ ਇਹ ਸਾਡਾ ਰਾਈਟ ਹੈ, ਇਹ ਸਾਨੂੰ ਮਿਲਣਾ ਚਾਹੀਦਾ ਹੈ। 3600 ਕਰੋੜ ਰੁਪਿਆ ਗੌਰਮਿੰਟ ਆਫ ਇੰਡੀਆ ਤੋਂ ਡਿਊ ਹੈ ਜਿਹੜਾ ਕਿ ਆਰ.ਡੀ.ਐਫ ਅਤੇ ਐਮ.ਡੀ.ਐਫ ਦਾ ਹੈ। ਆਰ.ਡੀ.ਐਫ ਵਿੱਚ ਜਿੰਨੀਆਂ ਸਾਡੀਆਂ ਪੇਂਡੂ ਸੜਕਾਂ, ਚਾਹੇ ਨਵੀਂਆਂ ਬਣਨੀਆਂ ਹੁੰਦੀਆਂ ਹਨ, ਚਾਹੇ ਰਿਪੇਅਰ ਕਰਨੀਆਂ ਹੁੰਦੀਆਂ ਹਨ, ਉਨ੍ਹਾਂ ਦੇ ਵਿੱਚ ਯੂਟੀਲਾਈਜ਼ ਕਰਨਾ ਹੁੰਦਾ ਹੈ। ਜ਼ਿੰਮੀਂਦਾਰ ਉਨ੍ਹਾਂ ਸੜ੍ਹਕਾਂ ਨੂੰ ਵਰਤ ਕੇ ਆਪਣੇ ਖੇਤਾਂ ਵਿੱਚੋਂ ਆਪਣੀ ਫਸਲ ਮੰਡੀਆਂ ਦੇ ਵਿੱਚ ਲੈ ਕੇ ਆਉਂਦਾ ਹੈ। 64000 ਕਿਲੋਮੀਟਰ ਸੜਕ ਹੈ, ਇਹ ਰਿਪੇਅਰ ਵੀ ਹੋਣੀ ਹੈ, ਨਵੀਂ ਵੀ ਬਣਨੀ ਹੈ। ਜੇ ਪੈਸੇ ਨਹੀਂ ਆਉਣਗੇ ਤਾਂ ਇਹ ਰਿਪੇਅਰ ਕਿਵੇਂ ਹੋਵੇਗੀ? ਜੇ ਐਮ.ਡੀ.ਐਫ ਦੀ ਗੱਲ ਕਰ ਲਈਏ, ਮੰਡੀ ਦੇ ਵਿੱਚ ਜਿਹੜੇ ਪ੍ਰੋਕਿਓਰਮੈਂਟ ਸੈਂਟਰ ਹਨ, ਇਨ੍ਹਾਂ ਦਾ ਇਨਫਰਾਸਟਰੱਕਚਰ ਡਿਵੈਲਪ ਕਰਨ ਲਈ ਇਹ ਫੰਡ ਯੂਟੀਲਾਈਜ਼ ਹੋਣਾ ਹੈ। ਸਬੰਧਿਤ ਇੰਪਲਾਈਜ਼

ਦੀ ਪੇਮੈਂਟ ਵਾਸਤੇ, ਮੰਡੀਆਂ ਦੇ ਵਿੱਚ ਬਿਜਲੀ ਦੇ ਸਾਧਨ, ਪਾਣੀ ਦੇ ਸਾਧਨ ਅਤੇ ਡਰੇਨੇਜ ਦੇ ਸਾਧਨ ਇਸ ਫੰਡ ਵਿੱਚੋਂ ਮੁਹੱਈਆ ਕਰਵਾਏ ਜਾਂਦੇ ਹਨ। ਜਦੋਂ ਬਾਰਸ਼ ਪੈਂਦੀ ਹੈ ਤਾਂ ਜ਼ਿੰਮੀਦਾਰ ਦੀ ਫਸਲ ਮੰਡੀ ਵਿੱਚ ਹੁੰਦੀ ਹੈ ਤੇ ਪਾਣੀ ਰੁਕਿਆ ਹੁੰਦਾ ਹੈ। ਸੋ, ਸਮੇਂ ਸਿਰ ਉਸ ਇਨਫਰਾਸਟਰੱਕਚਰ ਨੂੰ ਪਰਾਪਰਲੀ ਅਪਗਰੇਡ ਕਰਨ ਦੀ ਲੋੜ ਹੁੰਦੀ ਹੈ। ਮੰਡੀਆਂ ਦੇ ਵਿੱਚ ਫੜ੍ਹ ਪੱਕੇ ਹੁੰਦੇ ਹਨ। ਅੱਜ ਆਪਾਂ ਡਾਈਵਰਸੀਫਿਕੇਸ਼ਨ ਦੀ ਗੱਲ ਕਰਦੇ ਹਾਂ। ਪੰਜਾਬ ਦੀ ਸੋਚ ਡਾਈਵਰਸੀਫਿਕੇਸ਼ਨ ਦੀ ਹੈ। ਸਬਜ਼ੀਆਂ ਦੇ ਲਈ ਕੂਲਿੰਗ ਚੈਂਬਰਾਂ ਦੀ ਲੋੜ ਹੈ। ਇਹ ਸਭ ਦੇ ਲਈ ਪੈਸੇ ਕਿਥੋਂ ਆਉਣਗੇ? ਇਹ ਐਮ.ਡੀ.ਐਫ ਵਿੱਚੋਂ ਪੈਸੇ ਆਉਣੇ ਹਨ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਇੱਕ ਗੱਲ ਹੋਰ ਦੱਸਣੀ ਚਾਹੁੰਦਾ ਹਾਂ ਕਿ ਅੱਜ ਮੱਕੀ ਦੀ ਗੱਲ ਕਰ ਲਈਏ, ਕਲਾਈਮੇਟ ਚੇਂਜ ਕਾਰਨ ਬੜਾ ਫਰਕ ਪੈ ਰਿਹਾ ਹੈ, ਸਾਨੂੰ ਉਸ ਦੇ ਤਿਆਰ ਹੋਣ ਦੀ ਲੋੜ ਹੈ। ਇਨਫਰਾਸਟਰੱਕਚਰ ਡਿਵੈਲਪ ਕਰਨ ਦੀ ਲੋੜ ਹੁੰਦੀ ਹੈ।

ਸਪੀਕਰ ਸਾਹਿਬ, ਅੱਜ 75% ਮੱਕੀ ਖੜ੍ਹੀ ਹੈ। ਮੱਕੀ ਐਮ.ਐਸ.ਪੀ ਤੋਂ ਥੱਲੇ ਵਿਕ ਰਹੀ ਹੈ। ਮੈਂ ਸੀ.ਐਮ ਸਾਹਿਬ ਅਤੇ ਸਰਕਾਰ ਦੀ ਨਿੰਦਿਆ ਨਹੀਂ ਕਰ ਰਿਹਾ ਹਾਂ। ਮੈਂ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਦੋਂ ਮਰਜ਼ੀ ਮੈਨੂੰ ਤੁਸੀਂ ਟਾਈਮ ਦੇ ਦਿਓ, ਮੈਂ ਤੁਹਾਨੂੰ ਇਸ ਦਾ ਇਲਾਜ ਕੱਢ ਕੇ ਦੇ ਦਿਆਂਗਾ। ਉਸ ਤੋਂ ਬਾਅਦ ਪੰਜਾਬ ਦੇ ਵਿੱਚ ਕਦੇ ਵੀ ਮੱਕੀ ਐਮ.ਐਸ.ਪੀ ਤੋਂ ਥੱਲੇ ਨਹੀਂ ਵਿਕੇਗੀ। ਮੈਂ ਸਾਂਝੇ ਤੌਰ ਤੇ ਸੁਜੈਸ਼ਨ ਦਿਆਂਗਾ। ਜੇਕਰ ਚੰਗਾ ਲੱਗਿਆ ਤਾਂ ਇੰਪਲੀਮੈਂਟ ਕਰ ਦੇਣਾ ਨਹੀਂ ਤਾਂ ਰਿਜੈਕਟ ਕਰ ਦਿਓ। ਇਸ ਨਾਲ ਜ਼ਿੰਮੇਂਦਾਰਾਂ ਦਾ ਵੀ ਫਾਇਦਾ ਹੋਵੇਗਾ ਅਤੇ ਸਰਕਾਰ ਦਾ ਵੀ ਫਾਇਦਾ ਹੋਵੇਗਾ।

**ਮਾਣਯੋਗ ਸਪੀਕਰ:** ਤੁਸੀਂ ਮਤੇ ਤੇ ਆ ਜਾਓ। ਕਨਕਲੂਡ ਕਰੋ ਜੀ।

**ਰਾਣਾ ਇੰਦਰ ਪ੍ਰਤਾਪ ਸਿੰਘ:** ਸਰ, ਮੈਨੂੰ 2 ਮਿੰਟ ਦੇ ਦਿਓ ਜੀ। ਮੈਂ ਤਾਂ ਕੰਮ ਦੀ ਗੱਲ ਕਰਨੀ ਹੈ। ਮੈਨੂੰ ਇਨ੍ਹਾਂ ਦਾ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ ਕਰਦੇ ਹੋਏ) ਟਾਈਮ ਦੇ ਦਿਓ ਜੀ। ਇੰਨਾ ਹੱਕ ਤਾਂ ਮੇਰਾ ਬਣਦਾ ਹੈ ਜੀ। ਜੇਕਰ ਕੁਝ ਗਲਤ ਕਹਾਂਗਾ ਤਾਂ ਤਾਰ ਕੱਟ ਦਿਓ ਜੀ।

**ਮੁੱਖ ਮੰਤਰੀ (ਬੈਠੇ ਬੈਠੇ):** ਬਾਪੂ ਜੀ ਵਾਲਾ ਟਾਈਮ ਦੇ ਦਿਓ ਜੀ।(ਹਾਸਾ)

**ਰਾਣਾ ਇੰਦਰ ਪ੍ਰਤਾਪ ਸਿੰਘ:** ਹਾਂ ਜੀ, ਬਾਪੂ ਜੀ ਵਾਲਾ ਟਾਈਮ ਦੇ ਦਿਓ ਜੀ।ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਇਸ ਤਰ੍ਹਾਂ ਕਹਿੰਦਾ ਹਾਂ ਕਿ ਜਿਵੇਂ ਜੱਟ ਨੂੰ ਡਰ ਹੁੰਦਾ ਹੈ ਕਿ ਜੇਕਰ ਮੋਟਰ ਦਾ ਕੁਨੈਕਸ਼ਨ ਕੱਟਿਆ ਗਿਆ ਤਾਂ ਪਾਣੀ ਬੰਦ ਹੋ ਜਾਣਾ ਹੈ, ਮੈਨੂੰ ਡਰ ਹੁੰਦਾ ਕਿ ਸਪੀਕਰ ਸਾਹਿਬ ਨੇ ਮੇਰਾ ਸਪੀਕਰ ਬੰਦ ਕਰ ਦੇਣਾ ਜੀ।(ਹਾਸਾ)

**ਮਾਣਯੋਗ ਸਪੀਕਰ:** ਨਹੀਂ ਜੀ, ਨਹੀਂ। ਤੁਸੀਂ ਗੱਲ ਕਰੋ ਜੀ।

**ਰਾਣਾ ਇੰਦਰ ਪ੍ਰਤਾਪ ਸਿੰਘ:** ਧੰਨਵਾਦ ਜੀ। ਸਪੀਕਰ ਸਾਹਿਬ, ਸਾਨੂੰ ਇੱਕ ਚੀਜ਼ ਹੋਰ ਸੋਚਣ ਦੀ ਲੋੜ ਹੈ ਕਿ ਨੈਚੂਰਲ ਕਲੈਮਿਟੀ ਕਰਕੇ ਸਾਡੀਆਂ ਫਸਲਾਂ ਖਰਾਬ ਹੋ ਰਹੀਆਂ ਹਨ। ਸਟੇਟ ਨੂੰ ਪੰਜਾਬ ਦੇ ਸੂਬੇ ਨੂੰ ਪਨੈਲਟੀਆਂ ਭਰਨੀਆਂ ਪੈਂਦੀਆਂ ਹਨ, ਜੇਕਰ ਬਾਰਸ਼ ਹੋ ਜਾਵੇ। ਜੇ ਸ਼ਰਿੰਕਿੰਗ ਆਫ ਗਰੇਨਜ਼ ਹੋ ਜਾਵੇ, ਜਿਸ ਨੂੰ ਕਹੀਦਾ ਹੈ ਕਿ ਕਣਕ ਦਾ ਦਾਣਾ ਸੁੰਗੜ ਗਿਆ ਹੈ ਤਾਂ ਨੁਕਸਾਨ ਜ਼ਿੰਮੀਂਦਾਰ ਨੂੰ ਭਰਨਾ ਪੈਂਦਾ ਹੈ। ਅਸੀਂ ਤਾਂ ਸਿਰਫ ਪ੍ਰੋਕਿਓਰ ਕਰ ਰਹੇ ਹਾਂ, ਅਸੀਂ ਉਸ ਚੀਜ਼ ਦਾ ਖਰਚਾ ਕਿਉਂ ਦੇਈਏ? ਡਿਸਕਲਰ ਹੋ ਜਾਵੇ, ਦਾਣਾ ਦਾਗੀ ਹੋ ਜਾਵੇ ਤਾਂ ਸਾਨੂੰ ਭਰਨਾ ਪੈਂਦਾ, ਜੇ ਚਮਕ ਘੱਟ ਹੋ ਜਾਵੇ ਤਾਂ ਸਾਡੇ ਜ਼ਿੰਮੀਂਦਾਰ ਤੇ, ਸਰਕਾਰ ਦੇ ਉੱਤੇ ਖਰਚਾ ਪੈਂਦਾ ਹੈ। ਸੋ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਨਾਲ ਬਹੁਤ ਧੱਕਾ ਹੋ ਰਿਹਾ ਹੈ, ਇਸ ਦਾ ਛੋਟਾ ਇਫੈਕਟ ਨਹੀਂ ਹੋਵੇਗਾ, ਸਗੋਂ ਬਹੁਤ ਵੱਡਾ ਇਫੈਕਟ ਹੋਵੇਗਾ। ਜੇ ਆਪਾਂ ਪੰਜਾਬ ਦੀ ਐਗਰੀਕਲਚਰ ਗਰੋਥ ਦੀ ਗੱਲ ਕਰੀਏ ਤਾਂ ਉਸ ਤੇ ਵੀ ਇਸ ਦਾ ਇਫੈਕਟ ਰਹੇਗਾ। ਅਨਇੰਪਲਾਇਮੈਂਟ ਵੀ ਵਧੇਗੀ। ਅਸੀਂ ਕਿਸੇ ਵੀ ਕੀਮਤ ਤੇ ਰੂਰਲ ਡਿਵੈਲਪਮੈਂਟ ਵਾਸਤੇ ਇਨਵੈਸਟਮੈਂਟ ਦੀ ਕੌਸਟ ਘਟਾ ਨਹੀਂ ਸਕਦੇ। ਸਾਨੂੰ ਇਸ ਸੈਕਸ਼ਨ ਤੇ, ਰੂਰਲ ਡਿਵੈਲਪਮੈਂਟ ਤੇ ਅਤੇ ਆਪਣਾ ਇਨਫਰਾਸਟਰੱਕਚਰ ਮੇਨਟੇਨ ਕਰਨ ਲਈ ਖਰਚਾ ਕਰਨਾ ਹੀ ਪੈਣਾ ਹੈ।

ਸਪੀਕਰ ਸਾਹਿਬ, ਪਿੰਡਾਂ ਵਿੱਚ, ਮੰਡੀਆਂ ਵਿੱਚ ਡਰਾਇਰ ਲਗਾਉਣ ਦੀ ਲੋੜ ਹੈ ਤਾਂ ਕਿ ਅੱਜ ਜਿਹੜੀ ਮੱਕੀ ਐਮ.ਐਸ.ਪੀ. ਤੋਂ ਘੱਟ ਵਿਕ ਰਹੀ ਹੈ, ਉਸ ਨੂੰ ਅਸੀਂ ਆਉਣ ਵਾਲੇ ਸਮੇਂ ਵਿੱਚ ਬਿਹਤਰ ਕਰ ਸਕੀਏ।

ਮੈਂ ਇੱਕ ਹੋਰ ਸੁਜੈਸ਼ਨ ਦੇਣੀ ਚਾਹੁੰਦਾ ਹਾਂ, ਜੇਕਰ ਸਮੁੱਚੇ ਸਦਨ ਦੀ ਸਹਿਮਤੀ ਹੋਵੇ ਤਾਂ ਇਸ ਤੇ ਸੋਚ ਵਿਚਾਰ ਕੀਤੀ ਜਾਵੇ। ਪਿਛਲੇ ਸਾਲ ਬਾਰੇ ਹੀ ਸੋਚ ਲਈਏ ਕਿ ਜਦੋਂ ਤੋਂ ਯੂਕਰੇਨ ਦੀ ਲੜਾਈ ਲੱਗੀ ਹੈ, ਉਦੋਂ ਤੋਂ ਇੰਟਰਨੈਸ਼ਨਲ ਮਾਰਕੀਟ ਵਿੱਚ ਕਣਕ ਦਾ ਉਤਪਾਦਨ ਘਟਿਆ ਹੈ ਪਰ ਕਣਕ ਦੇ ਭਾਅ ਵਧੇ ਹਨ। ਪਿਛਲੇ ਸਾਲ ਟਰੇਡਰਾਂ ਨੇ ਕਣਕ ਖਰੀਦੀ ਅਤੇ ਐਕਸਪੋਰਟ ਕੀਤੀ ਹੈ। ਉਨ੍ਹਾਂ ਨੇ ਕਣਕ 20/-ਰੁਪਏ ਲੈ ਕੇ 30/-ਰੁਪਏ ਨੂੰ ਐਕਸਪੋਰਟ ਕੀਤੀ ਹੈ। ਆਪਣੇ ਸੂਬੇ ਕੋਲ ਅੱਜ ਵੀ ਕਣਕ ਪਈ ਹੈ ਅਤੇ ਬਾਕੀ ਪੂਰੇ ਮੁਲਕ ਵਿੱਚ ਕਣਕ ਦੀ ਸ਼ਾਰਟੇਜ ਚੱਲ ਰਹੀ ਹੈ। ਸੈਂਟਰ ਸਰਕਾਰ ਨੇ ਸਟਾਕ ਲਿਮਿਟ ਲਗਾ ਦਿੱਤੀ ਹੈ ਕਿ ਕੋਈ ਬੰਦਾ ਉਸ ਤੋਂ ਜ਼ਿਆਦਾ ਕਣਕ ਨਹੀਂ ਰੱਖ ਸਕਦਾ। ਇਹ ਸਿਚੂਏਸ਼ਨ ਉਦੋਂ ਆਉਂਦੀ ਹੈ ਜਦੋਂ ਗਰੇਨਜ਼ ਦੀ ਸ਼ਾਰਟੇਜ ਆਉਂਦੀ ਹੈ। ਜੇਕਰ ਕੇਂਦਰ ਸਰਕਾਰ ਨੇ ਸਾਡੇ ਆਰ.ਡੀ.ਐਫ. ਤੇ ਐਮ.ਡੀ.ਐਫ. ਦੇ ਪੈਸੇ ਨਹੀਂ ਦੇਣੇ ਤਾਂ ਆਪਾਂ ਵਿਚਾਰ ਕਰੀਏ ਕਿ....

**ਮਾਣਯੋਗ ਸਪੀਕਰ : ਧੰਨਵਾਦ ਜੀ।**

**ਰਾਣਾ ਇੰਦਰ ਪ੍ਰਤਾਪ ਸਿੰਘ :** ਸਰ, ਬੱਸ ਇੱਕ ਲਾਸਟ ਪੁਆਇੰਟ ਕੰਪਲੀਟ ਕਰ ਲੈਣ ਦਿਉ। ਆਪਾਂ ਭਾਰਤ ਸਰਕਾਰ ਨੂੰ ਲਿਖੀਏ ਕਿ ਸਾਨੂੰ ਕਣਕ ਦਾ ਸਿੱਧਾ ਐਕਸਪੋਰਟ ਕਰਨ ਦੀ ਇਜਾਜ਼ਤ ਦਿੱਤੀ ਜਾਵੇ। ਇਰਾਕ ਅਤੇ ਚਾਈਨਾ ਵੀ ਇੰਪੋਰਟ ਕਰ ਰਹੇ ਹਨ।

ਮੈਂ ਅਖੀਰ ਵਿੱਚ ਸਿਰਫ ਇੱਕ ਗੱਲ ਕਰਨੀ ਚਾਹੁੰਦਾ ਹਾਂ ਕਿ ਇਹ ਪ੍ਰਾਬਲਮ ਆਈ ਕਿਉਂ ਹੈ। ਇਹ ਪ੍ਰਾਬਲਮ ਇਸ ਕਰਕੇ ਆਈ ਹੈ ਕਿਉਂਕਿ ਪੁਰਾਣੀਆਂ ਸਰਕਾਰਾਂ ਨੇ ਇਹ ਪੈਸੇ ਸੰਗਤ ਦਰਸ਼ਨ ਵਿੱਚ ਵਰਤੇ, ਅਕਾਲੀ ਦਲ ਨੇ ਇਹ ਪੈਸੇ ਟਰਾਂਸਪੋਰਟ ਵਿਭਾਗ ਵਿੱਚ ਵਰਤੇ ਅਤੇ ਕਾਂਗਰਸ ਸਰਕਾਰ ਨੇ 4600 ਕਰੋੜ ਰੁਪਏ ਦਾ ਲੋਨ ਲੈ ਕੇ ਕਰਜ਼ਾ ਮੁਆਫੀ ਦੇ ਇਲੈਕਸ਼ਨ ਪ੍ਰਾਮਿਸ ਤੇ ਖਰਚੇ ਅਤੇ ਕਰਜ਼ੇ ਮੁਆਫੀ ਕਰ ਦਿੱਤੀ। ਅਸੀਂ ਇਸ ਦਾ ਇਫੈਕਟ ਅੱਜ ਭੁਗਤ ਰਹੇ ਹਾਂ। ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸੋਚ ਵਿਚਾਰ ਕੇ ਆਪਣੀ ਪਲਾਨਿੰਗ ਕਰੀਏ, ਸੋਚ ਵਿਚਾਰ ਕੇ ਪੈਸੇ ਖਰਚੀਏ, ਗਲਤ ਨਾ ਖਰਚੀਏ ਤਾਂ ਕਿ ਆਉਣ ਵਾਲੀ ਪੀੜੀ ਨੂੰ ਅੱਜ ਵਰਗਾ ਇਫੈਕਟ ਨਾ ਭੁਗਤਣਾ ਪਵੇ। ਧੰਨਵਾਦ ਜੀ।

**ਮਾਣਯੋਗ ਸਪੀਕਰ :** ਧੰਨਵਾਦ ਜੀ। ਮਾਣਯੋਗ ਮੁੱਖ ਮੰਤਰੀ ਸਾਹਿਬ।

**ਮੁੱਖ ਮੰਤਰੀ (ਸ਼੍ਰੀ ਭਗਵੰਤ ਮਾਨ) :** ਮਾਣਯੋਗ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਸਭ ਤੋਂ ਪਹਿਲਾਂ ਮੈਂ ਮਾਣਯੋਗ ਖੇਤੀਬਾੜੀ ਮੰਤਰੀ, ਗੁਰਮੀਤ ਸਿੰਘ ਖੁੱਡੀਆਂ ਜੀ ਦਾ ਧੰਨਵਾਦ ਕਰਦਾ ਹਾਂ, ਜੋ ਇਹ ਪ੍ਰਸਤਾਵ ਲੈ ਕੇ ਆਏ ਹਨ। ਆਰ.ਡੀ.ਐਫ. (ਰੂਰਲ ਡਿਵੈਲਪਮੈਂਟ ਫੰਡ) ਦਾ ਪੈਸਾ ਸਾਡਾ ਹੱਕ ਹੈ, ਜੋ ਕਿ ਕੇਂਦਰ ਸਰਕਾਰ ਨਹੀਂ ਦੇ ਰਹੀ। ਇਸ ਨਾਲ ਸਾਡੇ ਪੇਂਡੂ ਵਿਕਾਸ ਢਾਂਚੇ ਤੇ ਅਸਰ ਪੈ ਰਿਹਾ ਹੈ। ਮੈਂ ਇਸ ਪ੍ਰਸਤਾਵ ਦੇ ਹੱਕ ਵਿੱਚ ਅਤੇ ਕੇਂਦਰ ਸਰਕਾਰ ਉਹ ਪੈਸਾ ਕਿਉਂ ਨਹੀਂ ਦੇ ਰਹੀ, ਉਸ ਦੀ ਨਿਖੇਧੀ ਕਰਨ ਲਈ ਖੜ੍ਹਾ ਹੋਇਆ ਹਾਂ।

ਮੇਰੇ ਬਹੁਤ ਸਾਰੇ ਸਾਥੀਆਂ ਨੇ ਬੋਲਦੇ ਹੋਏ ਦੱਸਿਆ ਹੈ ਕਿ ਕਿਵੇਂ ਇਹ ਪੈਸਾ ਪਿੰਡਾਂ ਦੇ ਵਿਕਾਸ ਲਈ ਵਰਤਿਆ ਜਾਂਦਾ ਹੈ। ਸ਼ੁਕਰ ਹੈ ਕਿ ਰਾਣਾ ਜੀ ਆਜ਼ਾਦ ਉਮੀਦਵਾਰ ਬਣ ਗਏ, ਨਹੀਂ ਤਾਂ ਇਨ੍ਹਾਂ ਨੂੰ ਵੀ ਉਲਾਂਭੇ ਆਉਣੇ ਸੀ। ਇਨ੍ਹਾਂ ਨੇ ਖੁਦ ਹੀ ਕਹਿ ਦਿੱਤਾ ਕਿ ਜਿਹੜਾ ਪਹਿਲਾਂ ਵਾਲਾ 4600 ਕਰੋੜ ਰੁਪਿਆ ਸੀ, ਉਸ ਦਾ ਗਲਤ ਇਸਤੇਮਾਲ ਕੀਤਾ ਗਿਆ ਸੀ। ਇਸੇ ਕਰਕੇ ਕੇਂਦਰ ਸਰਕਾਰ ਨੇ ਰੋਕ ਲਗਾਈ ਸੀ। ਮੈਂ ਇਸ ਪੈਸੇ ਦੀ ਸਾਰੀ ਹਿਸਟਰੀ ਦੱਸ ਦਿੰਦਾ ਹਾਂ। ਕੈਪਟਨ ਸਾਹਿਬ ਨੇ ਇਸ ਪੈਸੇ ਦਾ ਗਲਤ ਇਸਤੇਮਾਲ ਕਰ ਲਿਆ ਸੀ, ਜਿਸ ਨੂੰ Financial Indiscipline ਕਿਹਾ ਜਾਂਦਾ ਹੈ। ਕੇਂਦਰ ਸਰਕਾਰ ਨੇ ਪੈਸੇ ਰੋਕ ਦਿੱਤੇ ਕਿ ਤੁਸੀਂ ਕਿਸੇ ਹੋਰ ਕੰਮ ਵਾਸਤੇ ਲਏ ਸੀ ਅਤੇ ਕਿਤੇ ਹੋਰ ਵਰਤੀ ਜਾ ਰਹੇ ਹੋ, ਇਸ ਲਈ ਹੋਰ ਪੈਸੇ ਨਹੀਂ ਦਿੱਤੇ ਜਾਣਗੇ। ਉਨ੍ਹਾਂ ਨੇ ਕਿਹਾ ਕਿ ਪਹਿਲਾਂ ਐਕਟ ਬਣਾਉ ਕਿ ਇਹ ਪੈਸਾ ਸਿਰਫ ਇੱਥੇ ਹੀ ਵਰਤਿਆ ਜਾਵੇਗਾ। ਇਸ ਤੋਂ

ਬਾਅਦ ਆਮ ਆਦਮੀ ਪਾਰਟੀ ਦੀ ਸਰਕਾਰ ਆ ਗਈ। ਅਸੀਂ ਐਕਟ ਵੀ ਬਣਾ ਦਿੱਤਾ ਕਿ ਇਹ ਪੈਸਾ ਇੱਥੇ ਹੀ ਵਰਤਿਆ ਜਾਵੇਗਾ। ਸਾਡੇ ਦਿਲ ਵਿੱਚ ਕੋਈ ਛਲ-ਕਪਟ ਨਹੀਂ ਹੈ, ਨਾ ਹੀ ਕੋਈ ਭਤੀਜੇ-ਭਾਣਜਿਆਂ ਨੂੰ ਫਾਇਦਾ ਪਹੁੰਚਾਉਣ ਦਾ ਚੱਕਰ ਹੈ ਅਤੇ ਨਾ ਹੀ ਕੋਈ ਸਾਲੇ-ਜੀਜੇ ਦਾ ਚੱਕਰ ਹੈ। ਸਾਡਾ ਤਾਂ ਇਹੀ ਮਕਸਦ ਹੈ ਕਿ ਲੋਕਾਂ ਦੀ ਭਲਾਈ ਤੇ ਪੈਸਾ ਲੱਗੇ। ਅਸੀਂ ਉਨ੍ਹਾਂ ਕੋਲ ਗਏ ਤਾਂ ਉਹ ਕਹਿੰਦੇ ਕਿ ਇਹ ਬਹੁਤ ਵਧੀਆ ਕੀਤਾ ਹੈ, ਹੁਣ ਤੁਹਾਨੂੰ ਤੁਹਾਡੇ ਪੈਸੇ ਜਾਰੀ ਕਰ ਦੇਵਾਂਗੇ। ਮਾਣਯੋਗ ਫੂਡ ਸਪਲਾਈ ਮੰਤਰੀ, ਸ਼੍ਰੀ ਪਿਯੂਸ਼ ਗੋਇਲ ਜੀ ਨਾਲ ਮੀਟਿੰਗ ਹੋਈ ਸੀ, ਮੇਰੇ ਸਾਰੇ ਅਫਸਰ ਗਏ ਸਨ। ਸਾਨੂੰ ਹਾਂ-ਪੱਖੀ ਹੁੰਗਾਰਾ ਮਿਲਿਆ, ਅਸੀਂ ਬੜਾ ਖੁਸ਼ ਹੋ ਕੇ ਆਏ, ਅਸੀਂ ਧੰਨਵਾਦੀ ਪੱਤਰ ਵੀ ਲਿਖ ਦਿੱਤਾ ਕਿ ਤੁਹਾਡਾ ਬਹੁਤ ਧੰਨਵਾਦ ਜੀ ਕਿ ਤੁਸੀਂ ਸਾਡੇ ਪੈਸੇ ਜਾਰੀ ਕਰ ਰਹੇ ਹੋ। ਜਦੋਂ ਇਹ ਮੀਡੀਆ ਵਿੱਚ ਆ ਗਿਆ ਤਾਂ ਜਿਹੜੇ ਉਸ ਤੋਂ ਉਤਾਂਹ ਬੈਠੇ ਹਨ, ਉਹ ਕਹਿੰਦੇ ਕਿ ਇਸ ਤਰ੍ਹਾਂ ਕਿਵੇਂ? ਇਹ ਪੈਸਾ ਰੋਕੋ। ਫਿਰ ਪੈਸੇ ਰੋਕ ਲਏ, ਉਸ ਤੋਂ ਉਤਾਂਹ ਵਾਲਿਆਂ ਕੋਲ ਗਏ ਕਿ ਪੰਜਾਬ ਦਾ ਪੈਸਾ ਹੈ ਜੀ, ਤੁਸੀਂ ਦੇ ਦਿਉ। ਉਹ ਵੀ ਕਹਿੰਦੇ ਕਿ ਕੀ ਕਰੀਏ? ਬਸ ਇਵੇਂ ਹੀ ਹੈ। ਸੋ, ਸੈਂਟਰ ਨਾਨ-ਬੀ.ਜੇ.ਪੀ. ਸਰਕਾਰਾਂ ਨੂੰ ਇਵੇਂ ਹੀ ਤੰਗ ਕਰਦਾ ਹੈ, ਚਾਹੇ ਬੰਗਾਲ, ਕੇਰਲਾ, ਤਿਲੰਗਾਨਾ, ਤਾਮਿਲਨਾਡੂ, ਦਿੱਲੀ ਜਾਂ ਪੰਜਾਬ ਦੀ ਗੱਲ ਕਰ ਲਵੋ। ਉਨ੍ਹਾਂ ਨੇ ਤੰਗ ਕਰਨ ਵਾਸਤੇ ਸਾਰੀਆਂ ਸਟੇਟਾਂ ਵਿੱਚ ਇੱਕ-ਇੱਕ ਬੰਦਾ ਬਿਠਾ ਰੱਖਿਆ ਹੈ, ਉਸ ਨੂੰ ਰਾਜਪਾਲ ਕਹਿੰਦੇ ਹਨ। ਵੈਸੇ ਅੰਗਰੇਜ਼ੀ ਵਿੱਚ ਗਵਰਨਰ ਵੀ ਕਹਿ ਦਿੰਦੇ ਹਨ। ਅੰਗਰੇਜ਼ਾਂ ਵੇਲੇ ਵਾਇਸਰਾਇ ਹੁੰਦਾ ਸੀ। ਉਨ੍ਹਾਂ ਦੇ ਘਰ ਵੀ ਉਹੀ ਹਨ, ਵੱਡੀਆਂ ਵੱਡੀਆਂ ਤੋਪਾਂ ਲੱਗੀਆਂ ਹੋਈਆਂ ਹਨ, ਘਰ ਦੇ ਮੂਹਰੇ ਤੋਪਾਂ ਲੱਗੀਆਂ ਹੋਣ ਤਾਂ ਕੌਣ ਬੰਦਾ ਅੰਦਰ ਵੜਨ ਦੀ ਹਿੰਮਤ ਕਰ ਲਵੇਗਾ? ਉਹ ਕੀ ਕਰਦੇ ਰਹਿੰਦੇ ਹਨ? ਜੇ 2-3 ਦਿਨ ਕਿਸੇ ਸਟੇਟ ਦੇ ਚੀਫ ਮਨਿਸਟਰ ਨੂੰ ਤੰਗ ਨਾ ਕਰਨ, ਕੋਈ ਚਿੱਠੀ ਨਾ ਲਿਖਣ ਜਾਂ ਫਿਰ ਕੋਈ ਪੰਗਾ ਨਾ ਪਾਉਣ ਤਾਂ ਫਿਰ ਸੈਂਟਰ ਸਰਕਾਰ ਵੱਲੋਂ ਉਨ੍ਹਾਂ ਨੂੰ ਫੋਨ ਆਉਂਦਾ ਹੈ ਕਿ ਤੈਨੂੰ ਰਾਜਪਾਲ ਲਗਾਏ ਦਾ ਕੀ ਫਾਇਦਾ ਹੈ? ਤੂੰ ਤੰਗ ਹੀ ਨਹੀਂ ਕਰ ਰਿਹਾ। ਜਿਹੜੀ ਇਹ (ਫਾਈਲ ਦਿਖਾਉਂਦੇ ਹੋਏ) ਚੀਜ਼ ਹੈ, ਤੁਸੀਂ ਸਪੀਕਰ ਸਾਹਿਬ, ਸੋਚ ਸਕਦੇ ਹੋ ਕਿ ਇਹ ਕੀ ਹੈ? ਇਸ ਵਿੱਚ ਮੈਂ ਕੋਈ ਆਰ.ਡੀ.ਐਫ. ਬਾਰੇ ਹੋਮਵਰਕ ਲਿਖ ਕੇ ਨਹੀਂ ਲਿਆਇਆ, ਮੈਂ ਕਿਸੇ ਬਿਲ ਬਾਰੇ ਲਿਖ ਕੇ ਨਹੀਂ ਲਿਆਇਆ। ਇਹ ਮਾਣਯੋਗ ਰਾਜਪਾਲ ਵੱਲੋਂ ਮੈਨੂੰ ਲਿਖੇ ਹੋਏ ਲਵ ਲੈਟਰ ਹਨ। ਇਹ ਦੇਖੋ (ਫਾਈਲ ਦਿਖਾਉਂਦੇ ਹੋਏ) ਇੰਨੇ ਹਨ। ਇਹ ਉੱਥੇ ਇਸ ਕੰਮ ਤੇ ਵਿਹਲੇ ਬੈਠੇ ਹਨ ਕਿ ਚੁੱਕ ਕੇ ਲੈਟਰ ਲਿਖ ਦਿਉ, ਫਿਰ ਕਹਿੰਦੇ ਹਨ ਕਿ ਜਵਾਬ ਕਿਉਂ ਨਹੀਂ ਦਿੰਦੇ? ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਸਰਕਾਰ ਚਲਾ ਲੈਣ ਦਿਉ ਜੀ, ਅਸੀਂ ਇਲੈਕਟਿਡ ਹਾਂ। ਇਸ ਹਾਊਸ ਬਾਰੇ ਵੀ ਕਹਿੰਦੇ ਸੀ ਕਿ ਕੀ ਜ਼ਰੂਰਤ ਸੀ? ਉਨ੍ਹਾਂ ਨੂੰ ਕੀ ਪਤਾ ਕਿ ਕੀ ਜ਼ਰੂਰਤ ਸੀ। ਕੀ ਪੰਜਾਬ ਵਿੱਚ ਆਰ.ਡੀ.ਐਫ. ਦੀ ਜ਼ਰੂਰਤ ਨਹੀਂ ਸੀ? ਇਹ ਮੇਰੇ ਸਾਥੀ (ਇੰਡੀਅਨ ਨੈਸ਼ਨਲ

ਕਾਂਗਰਸ ਪਾਰਟੀ ਵੱਲ ਇਸ਼ਾਰਾ) ਚਲੇ ਗਏ, ਉਹ ਤਾਂਹੀਓਂ ਚਲੇ ਜਾਂਦੇ ਹਨ ਕਿਉਂਕਿ ਅਸਲ ਵਿੱਚ ਉਨ੍ਹਾਂ ਕੋਲ ਕੋਈ ਜਵਾਬ ਨਹੀਂ ਹੈ। ਮੈਂ ਕਹਿੰਦਾ ਹਾਂ ਕਿ ਅਗਲੀ ਵਾਰ, ਸਪੀਕਰ ਸਾਹਿਬ, ਇਨ੍ਹਾਂ ਨੂੰ ਬੁਲਾਇਆ ਹੀ ਨਾ ਕਰੋ। ਇਨ੍ਹਾਂ ਨੇ ਤਾਂ 15 ਮਿੰਟ ਵਿੱਚ ਹਾਊਸ ਤੋਂ ਬਾਹਰ ਜਾਣਾ ਹੁੰਦਾ ਹੈ, ਇਸ ਦਾ ਕੋਈ ਫਾਇਦਾ ਹੈ? (ਥੰਪਿੰਗ) ਕੋਈ ਨਾ ਕੋਈ ਮਾਮਲਾ ਉਠਾ ਕੇ ਰੌਲਾ ਪਾ ਕੇ ਬਾਹਰ ਚਲੇ ਜਾਂਦੇ ਹਨ, ਇਸ ਵੇਲੇ ਤਾਂ ਉਹ ਘਰਾਂ ਵਿੱਚ ਜਾ ਕੇ ਏ.ਸੀ. ਲਗਾ ਕੇ ਆਰਾਮ ਨਾਲ ਸੌਂ ਗਏ ਹੋਣੇ। ਜਿਹੜੇ ਇਹ ਲੈਟਰ ਹਨ, ਇਨ੍ਹਾਂ ਵਿੱਚੋਂ ਬਹੁਤਿਆਂ ਦੇ ਜਵਾਬ ਵੀ ਦਿੰਦੇ ਹਾਂ, ਬਹੁਤਿਆਂ ਬਾਰੇ ਕਹਿ ਵੀ ਦਿੰਦੇ ਹਾਂ ਕਿ ਥੋੜ੍ਹਾ ਜਿਹਾ ਟਾਈਮ ਮਿਲ ਜਾਵੇ ਤਾਂ ਜਵਾਬ ਦੇ ਦੇਵਾਂਗੇ, ਕੋਈ ਗੱਲ ਨਹੀਂ। ਸੋ, ਇਹ ਆਰ.ਡੀ.ਐਫ. ਦਾ ਇਸ ਨਾਲ ਲਿੰਕ ਹੈ ਜੀ, ਫਰਜ਼ ਗਵਰਨਰ ਦਾ ਬਣਦਾ ਹੈ ਕਿ ਉਹ ਪੰਜਾਬ ਦੇ ਹੱਕ ਵਿੱਚ ਉੱਪਰ ਜਾ ਕੇ ਸਿਫਾਰਸ਼ ਕਰੇ ਕਿ ਪੰਜਾਬ ਦਾ ਪੈਸਾ ਦਿਉ। ਉਹ ਗਵਰਨਰ ਪੰਜਾਬ ਹੈ, ਉਹ ਉਲਟਾ ਕਰਦਾ ਹੈ, ਉਹ ਯੂਨੀਵਰਸਿਟੀ ਬਾਰੇ ਹਰਿਆਣਾ ਵੱਲੋਂ ਬੋਲੀ ਜਾਂਦਾ ਹੈ ਕਿ ਪੰਜਾਬ ਯੂਨੀਵਰਸਿਟੀ ਵਿੱਚ ਹਰਿਆਣਾ ਦੇ ਕਾਲਜ ਪਾ ਲਵੋ। ਮੈਂ ਉਨ੍ਹਾਂ ਨੂੰ ਪੁੱਛਿਆ ਕਿ ਅੱਜ ਤੁਸੀਂ ਕਿਹੜੇ ਪਾਸਿਓਂ ਆਏ ਹੋ? ਹਰਿਆਣਾ ਵੱਲੋਂ ਜਾਂ ਪੰਜਾਬ ਵੱਲੋਂ? ਸੋ, ਮਤਲਬ ਸਿੱਧਾ ਹੀ ਹੋ ਗਿਆ ਕਿ ਰਾਜ ਭਵਨ ਕੇਂਦਰੀ ਸੱਤਾਧਾਰੀ ਪਾਰਟੀ ਦੇ ਮੁੱਖ ਦਫਤਰ ਬਣ ਗਏ ਹਨ। ਕੋਈ ਪੈਸਾ ਆਉਣ ਨਹੀਂ ਦਿੰਦੇ, ਕੋਈ ਸਕੀਮ ਆਉਣ ਨਹੀਂ ਦਿੰਦੇ। ਸਾਡਾ ਹੱਕ ਬਣਦਾ ਹੈ, ਅਸੀਂ ਕੋਈ ਭੀਖ ਨਹੀਂ ਮੰਗ ਰਹੇ, ਆਰ.ਡੀ.ਐਫ. ਦਾ ਸਾਡਾ ਆਪਣਾ ਪੈਸਾ ਹੈ, ਜੋਕਿ 3622 ਕਰੋੜ ਰੁਪਏ ਬਣਦਾ ਹੈ। 3622 ਕਰੋੜ ਰੁਪਏ ਨਾਲ ਪੂਰੇ ਪੰਜਾਬ ਦੀਆਂ ਸੜਕਾਂ ਚਮਕਾ ਦੇਵਾਂਗਾ। (ਥੰਪਿੰਗ) ਇਹ ਸਾਨੂੰ ਸਾਡੇ ਫੰਡਜ਼ ਦੇਣ ਤਾਂ ਸਹੀ। ਹੁਣ ਪੰਜਾਬ ਦੀਆਂ ਮੰਡੀਆਂ ਕਸਬਿਆਂ ਤੇ ਪਿੰਡਾਂ ਦੇ ਵਿਚਾਲੇ ਆ ਗਈਆਂ ਹਨ, ਪਹਿਲਾਂ ਪਿੰਡਾਂ ਦੇ ਬਾਹਰ ਬਣਾਈਆਂ ਸੀ ਪਰੰਤੂ ਹੁਣ ਆਬਾਦੀ ਆਲੇ-ਦੁਆਲੇ ਆ ਗਈ ਹੈ।ਹੁਣ ਇਹ ਮੰਡੀਆਂ ਬਾਹਰ ਕੱਢਣੀਆਂ ਪੈਣਗੀਆਂ ਪਰ ਪੈਸਾ ਕਿੱਥੋਂ ਆਵੇਗਾ? ਅਸੀਂ ਆਰ.ਡੀ.ਐਫ. ਦਾ ਪੈਸਾ ਵਰਤ ਸਕਦੇ ਸੀ। ਉਨ੍ਹਾਂ (ਕੇਂਦਰ ਸਰਕਾਰ) ਕੋਲ ਹੋਰ ਕੋਈ ਤਰੀਕਾ ਨਹੀਂ ਹੈ, ਬਸ ਪੈਸੇ ਰੋਕ ਲਵੋ, ਇਹ ਉਸ ਸਟੇਟ ਦੇ ਪੈਸੇ ਰੋਕੀ ਜਾਂਦੇ ਹਨ ਜਿਨ੍ਹਾਂ ਨੇ ਆਜ਼ਾਦੀ ਲੈ ਕੇ ਦਿੱਤੀ।ਜਿਨ੍ਹਾਂ ਕਰਕੇ ਤੁਸੀਂ ਪ੍ਰਾਨ ਮੰਤਰੀ ਬਣੀ ਬੈਠੇ ਹੋ । ਖੁਰਾਕ ਮੰਤਰੀ ਬਣੀ ਬੈਠੇ ਹੋ । ਕੀ ਉਸ ਸਟੇਟ ਦੀ ਵੀ ਕੋਈ ਕੀਮਤ ਹੈ ? ਕੀ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ, ਸੁਖਦੇਵ, ਸ਼ਹੀਦ ਉਧਮ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ ਹੋਰਾਂ ਦੀ ਕੁਰਬਾਨੀ ਦੀ ਕੋਈ ਕੀਮਤ ਹੈ? ਅਸੀਂ ਇਹ 3622 ਕਰੋੜ ਰੁਪਏ ਨੂੰ ਠੁੱਡਾ ਨਹੀਂ ਮਾਰਦੇ। ਇਹ ਸਾਡੇ ਪੈਸੇ ਰੋਕ ਕੇ ਕੀ ਸਾਡੀ ਬਾਂਹ ਮਰੋੜ ਲੈਣਗੇ? ਸੋ, ਇਸ ਕਰਕੇ ਮੈਂ ਕਹਿੰਦਾ ਹਾਂ ਕਿ ਇਕੱਲੀ ਇਹ ਸਕੀਮ ਹੀ ਨਹੀਂ, ਇਸ ਤੋਂ ਇਲਾਵਾ ਵੀ ਬਹੁਤ ਸਾਰੀਆਂ ਸਕੀਮਾਂ ਦੇ ਪੈਸੇ ਰੋਕੀ ਬੈਠੇ ਹਨ ਪਰ ਜਿਸ ਤਰ੍ਹਾਂ ਮੇਰੇ ਸਾਥੀ ਬੋਲ ਰਹੇ ਸਨ, ਦਾਣਾ ਸੁੱਕ ਗਿਆ, ਦਾਣਾ ਸੁੰਗੜ ਗਿਆ, ਧੁੱਪ ਜ਼ਿਆਦਾ ਪੈ ਗਈ, ਠੰਢ ਜ਼ਿਆਦਾ ਪੈ ਗਈ,

ਕਹਿੰਦੇ ਹਨ ਕਿ ਇਸ ਖਰਾਬੀ ਵਾਸਤੇ 20/- ਰੁਪਏ ਕੱਟਾਂਗੇ, 22/-ਰੁਪਏ ਕੱਟਾਂਗੇ। ਇਹ ਬੋਝ ਸਾਡੇ ਉੱਤੇ ਪੈਂਦਾ ਹੈ। ਸਪੀਕਰ ਸਾਹਿਬ, ਇਸ ਕਾਰਨ ਸਾਡੇ ਉੱਤੇ 70 ਕਰੋੜ ਰੁਪਿਆ ਪਿਆ ਹੈ। ਇਸ ਵਾਰ ਕਹਿੰਦੇ ਹਨ ਕਿ ਦਾਣਾ ਛੋਟਾ ਹੈ, ਸੁੰਗੜ ਗਿਆ ਹੈ, ਇਸ ਕਾਰਨ 21/- ਰੁਪਏ ਪ੍ਰਤੀ ਕੁਇੰਟਲ ਦੇ ਕੱਟਾਂਗੇ। ਅਸੀਂ ਦਿੱਤੇ ਹਨ । ਜੇਕਰ ਅਸੀਂ ਦਾਣੇ ਨਾ ਦੇਈਏ, ਜੇ ਇੱਕ ਵਾਰੀ ਪੰਜਾਬ ਰੋਕ ਲਏ ਤਾਂ ਫਿਰ ਕੀ ਕਰਨਗੇ? ਜਦੋਂ ਮੈਂ ਛੋਟਾ ਹੁੰਦਾ ਸੀ ਤਾਂ ਪੜ੍ਹਦਾ ਹੁੰਦਾ ਸੀ, ਇੱਕ ਕਿਸਾਨ ਯੂਨੀਅਨ ਦਾ ਸਲੋਗਨ ਚੱਲਿਆ ਸੀ ਕਿ ਭਾਈ ਲੋਕੋ, ਕਣਕ ਰੋਕੋ। ਜੇ ਅਸੀਂ ਫਸਲ ਰੋਕ ਲਈ, ਫਿਰ ਉਹ ਕੀ ਕਰਨਗੇ? ਯੂਕਰੇਨ ਦੀ ਜੰਗ ਕਾਰਨ ਉੱਧਰ ਤਾਂ ਅੱਧੀ ਦੁਨੀਆਂ ਭੁੱਖੀ ਮਰਨ ਲੱਗ ਗਈ ਅਤੇ ਇਨ੍ਹਾਂ ਕੋਲ ਪੀ.ਡੀ.ਐਸ. ਵਾਸਤੇ ਦਾਣੇ ਨਹੀਂ ਹਨ। ਜੇਕਰ ਪੰਜਾਬ ਨੇ ਕਹਿ ਦਿੱਤਾ ਕਿ ਅਸੀਂ ਦਾਣੇ ਨਹੀਂ ਦੇਵਾਂਗੇ ਤਾਂ ਫਿਰ ਕੀ ਕਰਨਗੇ? ਪਰ ਨਹੀਂ, ਪੰਜਾਬ ਬਹੁਤ ਵੱਡੇ ਦਿਲ ਵਾਲਾ ਹੈ, ਪੰਜਾਬੀ ਦਰਿਆ-ਦਿਲ ਹਨ। ਪੰਜਾਬੀ ਕਹਿੰਦੇ ਹਨ ਕਿ ਕੋਈ ਗੱਲ ਨਹੀਂ, ਅਸੀਂ ਤਾਂ ਜਾਨਵਰਾਂ ਵਾਸਤੇ ਵੀ ਖੇਤਾਂ ਵਿੱਚ ਦਾਣੇ ਛੱਡ ਦਿੰਦੇ ਹਾਂ, ਖੇਤ ਵਿੱਚ ਜਨੌਰ ਚੁੱਗ ਲੈਣਗੇ, ਅਸੀਂ ਕਿਸੇ ਨੂੰ ਭੁੱਖੇ ਨਹੀਂ ਮਰਨ ਦੇਣਾ ਹੈ, ਪਰੰਤੂ ਇਨ੍ਹਾਂ ਨੂੰ ਆਪਣੀਆਂ ਹਰਕਤਾਂ ਉੱਤੇ ਧਿਆਨ ਦੇਣਾ ਚਾਹੀਦਾ ਹੈ। ਮੇਰੇ ਕੋਲ ਦੋ-ਤਿੰਨ ਸਟੇਟਾਂ ਦੀਆਂ ਆੱਫਰਾਂ ਆਈਆਂ ਹਨ ਕਿ ਸਾਨੂੰ ਫਸਲ ਦਿਓ। ਉਹ ਸਿੱਧਾ ਦਾਣੇ ਮੰਗ ਰਹੇ ਹਨ। ਮੈਂ ਕਿਹਾ ਕਿ ਦੇ ਦੇਵਾਂਗੇ। ਮੈਂ ਪਾਰਲੀਮੈਂਟ ਵਿੱਚ ਐਫ.ਸੀ.ਆਈ. ਕਮੇਟੀ ਦਾ ਮੈਂਬਰ ਰਿਹਾ ਹਾਂ। ਐਫ.ਸੀ.ਆਈ. ਭੱਜਣ ਨੂੰ ਫਿਰਦੀ ਹੈ ਕਿ ਪੰਜਾਬ ਤੋਂ ਖਹਿੜਾ ਛੁਡਾ ਦਿਓ। ਹਰਿਆਣਾ ਤੋਂ ਖਹਿੜਾ ਛੁਡਾ ਦਿਓ ਕਿਉਂਕਿ ਸਾਡੇ ਮੰਡੀ ਸਿਸਟਮ ਬਹੁਤ ਕਮਾਲ ਹੈ, ਉਹ ਕਹਿੰਦੇ ਹਨ ਕਿ ਅਸੀਂ ਉੜੀਸਾ ਤੋਂ, ਮੱਧ ਪ੍ਰਦੇਸ਼ ਤੋਂ, ਬਿਹਾਰ ਤੋਂ, ਝਾਰਖੰਡ ਤੋਂ ਅਤੇ ਯੂ.ਪੀ. ਤੋਂ ਖਰੀਦ ਲਿਆ ਕਰਾਂਗੇ। ਉਥੇ ਐਮ.ਐਸ.ਪੀ. ਨਹੀਂ ਦੇਣੀ ਪੈਂਦੀ। ਸਾਨੂੰ ਕਹਿੰਦੇ ਹਨ ਕਿ ਯੂ.ਪੀ. ਤੇ ਬਿਹਾਰ ਵਾਂਗੂੰ ਜ਼ੀਰੋ ਪਰਸੈਂਟ ਤੇ ਆਓ, ਮੈਂ ਕਿਹਾ ਕਿ ਤੁਸੀਂ ਸਾਨੂੰ ਯੂ.ਪੀ. ਤੇ ਬਿਹਾਰ ਨਾਲ ਕਿਵੇਂ ਕੰਪੇਅਰ ਕਰ ਸਕਦੇ ਹੋ। ਯੂ.ਪੀ. ਅਤੇ ਬਿਹਾਰ ਵਿੱਚ ਤਿੰਨ ਸੌ ਕਿਲੋਮੀਟਰ ਦੇ ਰੇਡੀਅਸ ਵਿੱਚ ਮੰਡੀ ਹੈ ਪਰੰਤੂ ਸਾਡੇ ਪੰਜਾਬ ਵਿੱਚ ਤਿੰਨ ਕਿਲੋਮੀਟਰ ਦੇ ਰੇਡੀਅਸ ਵਿੱਚ ਮੰਡੀ ਹੈ।

ਉਹ ਸਾਡੇ ਨਾਲ ਯੂ.ਪੀ. ਅਤੇ ਬਿਹਾਰ ਨੂੰ ਕਿਵੇਂ ਕੰਪੇਅਰ ਕਰ ਲੈਣਗੇ? ਇਸ ਦਾ ਮਤਲਬ ਸਿੱਧਾ ਹੀ ਹੈ ਕਿ ਇਨ-ਡਾਇਰੈਕਟ ਜਿਹਾ ਜਵਾਬ ਹੈ। ਸੋ, ਇਸ ਵਾਰ ਜ਼ੀਰੋ ਪਰਸੈਂਟ ਦਾ ਇਸ਼ੂ ਚੁੱਕ ਲਿਆ ਅਤੇ ਪੈਸੇ ਰੋਕ ਲਏ। ਸਪੀਕਰ ਸਾਹਿਬ, ਜਿਹੜੀਆਂ ਉਨ੍ਹਾਂ ਦੀਆਂ ਦਮਨਕਾਰੀ ਨੀਤੀਆਂ ਹਨ, ਉਹ ਬਹੁਤੀ ਦੇਰ ਨਹੀਂ ਚੱਲਣਗੀਆਂ ਕਿਉਂਕਿ ਕਾਠ ਦੀ ਹਾਂਡੀ ਵਾਰ-ਵਾਰ ਨਹੀਂ ਚੜ੍ਹਦੀ। ਭਾਵੇਂ ਕੋਈ ਆਰਡੀਨੈਂਸ ਲਿਆ ਕੇ, ਭਾਵੇਂ ਕੋਈ ਬਾਇ-ਇਲੈਕਸ਼ਨ ਜਾਂ ਕੋਈ ਹੋਰ ਤਰੀਕਾ ਵਰਤ ਕੇ ਉਹ ਚੁਣੀਆਂ ਹੋਈਆਂ ਸਰਕਾਰਾਂ ਨੂੰ ਤੰਗ ਕਰਦੇ ਹਨ ਔਰ ਮੇਰੇ ਕੁਝ ਮਿੱਤਰ ਇੱਥੇ ਬੋਲ ਰਹੇ ਸਨ ਕਿ ਹੋਰ ਸਟੇਟਾਂ ਵਿੱਚ ਕਿਉਂ ਜਾਂਦੇ ਹੋ? ਕੀ ਗੱਲ ਪੂਰੇ ਦੇਸ਼ ਨੂੰ

ਦੱਸਣਾ ਨਹੀਂ ਹੈ ਕਿ ਪੰਜਾਬ ਵਿੱਚ ਇਮਾਨਦਾਰ ਸਰਕਾਰ ਆ ਗਈ ਹੈ, ਤੁਸੀਂ ਵੀ ਆਪਣੀ ਸਰਕਾਰ ਤੋਂ ਇਹ ਕੰਮ ਕਰਵਾਓ ਕਿ ਪੰਜਾਬ ਵਿੱਚ ਬਿਜਲੀ ਫਰੀ ਕਰ ਦਿੱਤੀ। ਕੋਲਾ 52 ਦਿਨ ਦਾ ਪਿਆ ਹੈ। ਮੁਹੱਲਾ ਕਲੀਨਿਕ ਚੱਲ ਪਏ ਹਨ। ਸਕੂਲਾਂ ਤੇ ਲੱਗੇ ਹੋਏ ਹਾਂ। ਇਹ ਸਾਰਾ ਕੁਝ ਦੂਜੇ ਰਾਜਾਂ ਨੂੰ ਵੀ ਦੱਸਣ ਦਾ ਫਰਜ਼ ਬਣਦਾ ਹੈ। ਸ਼ਹੀਦ-ਏ-ਆਜ਼ਮ ਭਗਤ ਸਿੰਘ ਹੋਰਾਂ ਨੇ ਇਕੱਲਾ ਪੰਜਾਬ ਹੀ ਥੋੜ੍ਹਾ ਆਜ਼ਾਦ ਕਰਵਾਇਆ ਸੀ, ਪੂਰਾ ਭਾਰਤ ਦੇਸ਼ ਆਜ਼ਾਦ ਕਰਵਾਇਆ ਸੀ। ਅਸੀਂ ਤਾਂ ਉਨ੍ਹਾਂ ਦੇ ਕਦਮ ਚਿੰਨ੍ਹਾਂ ਤੇ ਥੋੜ੍ਹਾ-ਥੋੜ੍ਹਾ ਚੱਲਾਂਗੇ। ਜੇਕਰ ਹੁਣ ਤੁਹਾਡੀ ਪਾਰਟੀ ਸ਼ੰਭੂ ਬਾਰਡਰ ਤੋਂ ਅੱਗੇ ਨਹੀਂ ਜਾ ਸਕਦੀ ਤਾਂ ਫਿਰ ਮੈਂ ਕੀ ਕਰਾਂ? ਸਪੀਕਰ ਸਾਹਿਬ, ਇਹ ਬੋਲਣ ਵੇਲੇ ਪਤਾ ਨਹੀਂ ਕੀ ਖਾ ਕੇ ਆਉਂਦੇ ਹਨ, ਕੀ ਸੋਚ ਕੇ ਆਉਂਦੇ ਹਨ? ਹੁਣ ਤੁਸੀਂ ਦੇਖ ਲਓ, ਉਹ ਬੈਠੇ ਨਹੀਂ। ਉਹ ਇੱਥੇ ਬੈਠਦਾ ਹੈ (ਲੀਡਰ ਆਫ ਦਿ ਆਪੋਜ਼ੀਸ਼ਨ ਦੀ ਸੀਟ ਵੱਲ ਇਸ਼ਾਰਾ ਕਰਦੇ ਹੋਏ।) ਹੁਣ ਇੱਥੇ ਪ੍ਰਤਾਪ ਸਿੰਘ ਭਾਜਪਾ ਹੈ ਨਹੀਂ। ਉਸ ਨੂੰ ਭਾਜਪਾ ਦੀ ਬੜੀ ਫਿਕਰ ਲੱਗੀ ਰਹਿੰਦੀ ਹੈ। ਸਾਨੂੰ ਕਹਿੰਦੇ ਹਨ ਕਿ ਦੱਸੋ ਫਿਰ ਆਪਰੇਸ਼ਨ ਲੋਟਸ ਦਾ ਕੀ ਹੋਇਆ? ਉਹ ਆਪਣਾ ਰਸਤਾ ਭਾਲਦੇ ਹਨ ਕਿ ਕੀ ਬਣਿਆ? (ਹਾਸਾ) ਉਨਾਂ ਦੇ ਘਰ ਦੀ ਉੱਪਰਲੀ ਮੰਜ਼ਿਲ ਤੇ ਭਾਜਪਾ ਦਾ ਹੀ ਝੰਡਾ ਲੱਗਾ ਹੋਇਆ ਹੈ। ਥੱਲੇ ਕਾਂਗਰਸ ਦਾ ਝੰਡਾ ਲੱਗਾ ਹੋਇਆ ਹੈ। ਸਿਰਫ 12 ਪੌੜੀਆਂ ਦਾ ਫਰਕ ਹੈ। ਜੇਕਰ ਕਦੇ ਗਲਤੀ ਨਾਲ ਪੌੜੀਆਂ ਚੜ੍ਹ ਗਏ ਤਾਂ ਬੱਸ ਗਏ। ਇਹ ਸਾਰੇ ਚੁਣੇ ਹੋਏ ਹੀਰੇ ਹਨ। ਲੋਕਾਂ ਨੇ ਸਾਰੇ ਹੀਰੇ ਹੀ ਚੁਣੇ ਹਨ। ਲੋਕਾਂ ਦੀ ਚੁਆਇਸ ਗਲਤ ਨਹੀਂ ਹੋ ਸਕਦੀ। ਇਨ੍ਹਾਂ ਬਾਰੇ ਕੀ ਕਹਿੰਦੇ ਸੀ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਕਿ ਮੈਂ ਤਾਂ ਬਹੁਤ ਹੈਰਾਨ ਹਾਂ ਕਿ ਇੱਥੇ ਕਿਹੋ ਜਿਹਾ ਮੈਟੀਰੀਅਲ ਆ ਗਿਆ ਹੈ। ਅਗਰ ਇਹੀ ਗੱਲ ਮੈਂ ਕਹਾਂ ਕਿ ਰਾਹੁਲ ਗਾਂਧੀ ਟਰੱਕਾਂ ਤੇ ਚੜ੍ਹਿਆ ਫਿਰਦਾ ਹੈ। ਰਾਜਾ ਵੜਿੰਗ ਬੱਸਾਂ ਤੋਂ ਡਰਦਾ ਫਿਰਦਾ ਹੈ। ਇਹ ਕਹਿੰਦੇ ਹਨ ਕਿ ਦੇਸ਼ ਵਿੱਚ ਕਿਹੋ ਜਿਹਾ ਮੈਟੀਰੀਅਲ ਆ ਗਿਆ ਹੈ? (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਇਹ ਸਾਨੂੰ ਮੈਟੀਰੀਅਲ ਦੱਸਦੇ ਹਨ। ਸਾਨੂੰ ਲੋਕਾਂ ਨੇ ਚੁਣ ਕੇ ਭੇਜਿਆ ਹੈ। ਕੀ ਇਨ੍ਹਾਂ ਨੇ ਕੋਈ ਠੇਕਾ ਲਿਆ ਹੈ ਕਿ ਹਮੇਸ਼ਾ ਇਹੀ ਚੁਣੇ ਜਾਇਆ ਕਰਨਗੇ ਜਾਂ ਇਨ੍ਹਾਂ ਦੇ ਭਾਈ-ਭਤੀਜੇ ਚੁਣੇ ਜਾਇਆ ਕਰਨਗੇ? ਇਸ ਕਰਕੇ ਜ਼ਿਆਦਾ ਕਾਲੀਆਂ ਐਨਕਾਂ ਲਗਾਉਣ ਨਾਲ ਬੰਦਾ ਸੱਚਾ ਨਹੀਂ ਹੁੰਦਾ ਬਲਕਿ ਜ਼ਿਆਦਾ ਕਾਲੀਆਂ ਐਨਕਾਂ ਲਗਾਉਣ ਨਾਲ ਲੋਕ ਸ਼ੱਕ ਕਰਨ ਲੱਗ ਜਾਂਦੇ ਹਨ ਕਿ ਬੰਦਾ ਕਿਸੇ ਗੱਲੋਂ ਕਾਣਾ ਹੈ ਜੋ ਅੱਖ ਨਹੀਂ ਮਿਲਾ ਰਿਹਾ। ਮੈਂ ਪਹਿਲਾਂ ਵੀ ਕਹਿ ਚੁੱਕਾ ਹਾਂ ਕਿ ਅੱਖ ਨਾਲ ਅੱਖ ਮਿਲਾ ਕੇ ਗੱਲ ਕਰੋ। ਹੁਣ ਵੀ ਇਹ ਕਿਉਂ ਚਲੇ ਗਏ? 5-10 ਮਿੰਟ ਬਾਅਦ ਚਲੇ ਜਾਂਦੇ ਹਨ। ਜਾਂਦੇ ਹੋਏ ਨਾਅਰੇ ਲਗਾ ਜਾਂਦੇ ਹਨ। ਪਿੰਡਾਂ ਵਿੱਚ ਤਾਂ ਤੁਸੀਂ ਵੀ ਜਾਣਾ ਹੈ। ਬਹੁਤ ਦੁਨੀਆ ਇਸ ਸਮੇਂ ਲਾਈਵ ਟੈਲੀਕਾਸਟ ਦੇਖ ਰਹੀ ਹੋਵੇਗੀ। ਕਾਂਗਰਸੀ ਵੀ ਤਾਂ ਪਿੰਡਾਂ ਵਿੱਚ ਜਾਣਗੇ। ਇਨ੍ਹਾਂ ਨੂੰ ਪਿੰਡਾਂ ਵਾਲੇ ਪੁੱਛਣਗੇ ਕਿ ਜਦੋਂ ਆਰ.ਡੀ.ਐਫ. ਤੇ ਗੱਲ ਚੱਲਦੀ ਸੀ, ਸੈਂਟਰ ਦੇ ਵਿਰੁੱਧ ਬੋਲਣਾ ਸੀ, ਮਤਾ

ਪਾਸ ਕਰਨਾ ਸੀ, ਉਦੋਂ ਕਿਉਂ ਹਾਊਸ ਵਿੱਚ ਨਹੀਂ ਬੈਠੇ। ਉਦੋਂ ਕਿਉਂ ਸੁਪੋਰਟ ਨਹੀਂ ਕੀਤੀ। ਕੀ ਇਹ ਕੋਈ ਮੇਰਾ ਮੁੱਦਾ ਹੈ? ਇਹ ਸਾਡਾ ਪਰਸਨਲ ਮੁੱਦਾ ਹੈ? ਕੀ ਇਹ ਕਿਸੇ ਇੱਕ ਮੰਡੀ ਦਾ ਮੁੱਦਾ ਹੈ? ਕਾਰਨ ਸਿਰਫ ਇਹ ਹੈ ਕਿ ਸਾਡੇ ਲਈ ਆਰ.ਡੀ.ਐਫ. ਰੂਰਲ ਡਿਵੈਲਪਮੈਂਟ ਫੰਡ ਹੈ ਅਤੇ ਉਨ੍ਹਾਂ ਲਈ ਆਰ.ਡੀ.ਐਫ. ਰਹਿਣ ਦੇ ਫੰਡ ਹੈ। ਉਨ੍ਹਾਂ ਨੇ ਹੀ ਤਾਂ ਪੰਗੇ ਪਾਏ ਹੋਏ ਹਨ। ਸਪੀਕਰ ਸਾਹਿਬ, ਥੋੜ੍ਹੀ ਬਹੁਤੀ ਯਾਰੀ ਦੋਸਤੀ ਵੀ ਚੱਲ ਜਾਂਦੀ ਹੈ। ਉਹ ਕੈਪਟਨ ਸਾਹਿਬ ਨਾਲ ਹੀ ਗੱਲ ਕਰ ਲੈਣ। ਉਹ ਤਾਂ ਹੁਣ ਉੱਧਰਲੇ ਪਾਸੇ (ਭਾਰਤੀ ਜਨਤਾ ਪਾਰਟੀ) ਹੀ ਹਨ। ਉਨ੍ਹਾਂ ਨੂੰ ਪਹਿਲਾਂ ਤਾਂ ਬਹੁਤ ਚਿੱਠੀਆਂ ਲਿਖਦੇ ਹੁੰਦੇ ਸੀ। ਉਨ੍ਹਾਂ ਦੇ ਘਰੇ ਰਾਤਰੀ ਦੇ ਭੋਜ ਵੀ ਕਰਦੇ ਸੀ। ਉਨ੍ਹਾਂ ਨੂੰ ਹੀ ਕਹਿ ਦੇਣ ਕਿ ਆਰ.ਡੀ.ਐਫ. ਦਾ ਪੈਸਾ ਤਾਂ ਦਿਵਾ ਦਿਓ। ਪਿੱਛੇ ਜਿਹੇ ਪਟਿਆਲਾ ਵਿਖੇ ਬੀ.ਜੇ.ਪੀ. ਦੀ ਰੈਲੀ ਹੋਈ। ਉਸ ਵਿੱਚ ਕੈਪਟਨ ਸਾਹਿਬ ਦੀ ਬੇਟੀ ਜੈ ਇੰਦਰ ਕੌਰ ਪਹਿਲੀ ਵਾਰ ਬੋਲੀ। ਉਸ ਨੇ ਕਹਿਣਾ ਤਾਂ ਇਹ ਸੀ ਕਿ 144 ਕਰੋੜ ਰੁਪਿਆ ਪਟਿਆਲਾ ਸ਼ਹਿਰ ਦੀ ਡਿਵੈਲਪਮੈਂਟ ਤੇ ਲਗਾ ਦਿੱਤਾ। ਉਹ ਕਹਿੰਦੀ 1 ਸੌ Fourty Four ਰੁਪਿਆ ਡਿਵੈਲਪਮੈਂਟ ਤੇ ਲਗਾਇਆ ਗਿਆ। ਇਨ੍ਹਾਂ ਦੀ ਗਿਣਤੀ ਸਿਰਫ 10 ਤੱਕ ਹੀ ਹੈ। ਇਨ੍ਹਾਂ ਨੂੰ 44 ਕਹਿਣਾ ਨਹੀਂ ਆਉਂਦਾ। ਇਨ੍ਹਾਂ ਕੋਲ 69, 59 ਵਾਲੀ ਗਿਣਤੀ ਦੇ ਸ਼ਬਦ ਹੀ ਨਹੀਂ ਹਨ। ਇਹ sixty nine, seventy nine ਵਾਲੇ ਹਨ। ਇਨ੍ਹਾਂ ਨੂੰ hundred ਦਾ ਪਤਾ ਹੈ। ਇਹ ਸਾਰੇ 1 ਸੌ fourty four ਵਾਲੇ ਹਨ। ਹੁਣ ਪੰਜਾਬ ਬਾਰੇ ਇਨ੍ਹਾਂ ਤੋਂ ਕੀ ਉਮੀਦ ਕੀਤੀ ਜਾ ਸਕਦੀ ਹੈ। ਕੀ ਇਨ੍ਹਾਂ ਨੂੰ ਪੰਜਾਬ ਦੇ ਕਲਚਰ ਬਾਰੇ ਕੁਝ ਪਤਾ ਹੋਵੇਗਾ? ਕੀ ਇਨ੍ਹਾਂ ਨੂੰ ਪੰਜਾਬ ਦੀਆਂ ਦਿਹਾਤੀ ਮੁਸ਼ਕਿਲਾਂ ਬਾਰੇ ਕੁਝ ਪਤਾ ਹੋਵੇਗਾ ਕਿ ਇਸ ਵਿੱਚ ਕੀ ਹਾਲਾਤ ਹਨ ਜਾਂ ਕੀ ਹਾਲਾਤ ਹੁੰਦੇ ਹਨ। ਸੋ, ਮੈਂ ਇਹੀ ਕਹਿਣਾ ਚਾਹੁੰਦਾ ਹਾਂ ਕਿ ਲੋਕਤੰਤਰ ਦੀ ਬਹੁਤ ਵੱਡੀ ਮਰਿਆਦਾ ਹੈ। ਕਾਸ਼ ਇੱਥੇ ਮੁੱਖ ਵਿਰੋਧੀ ਧਿਰ ਵੀ ਬੈਠੀ ਹੁੰਦੀ ਪਰ ਕੋਈ ਗੱਲ ਨਹੀਂ। ਇੱਥੇ ਅਕਾਲੀ ਦਲ ਅਤੇ ਬੀ.ਐਸ.ਪੀ. ਦੇ ਨੁਮਾਇੰਦੇ ਬੈਠੇ ਹਨ। ਉਨ੍ਹਾਂ ਨੂੰ ਬੋਲਣ ਦਾ ਵੀ ਮੌਕਾ ਦਿੱਤਾ ਗਿਆ। ਗੱਲ ਬੋਲ ਕੇ ਕਰੋ। ਇਸ ਤਰ੍ਹਾਂ ਬਾਈਕਾਟ ਜਾਂ ਵਾਕ ਆਊਟ ਕਰਨ ਦਾ ਕੋਈ ਫਾਇਦਾ ਨਹੀਂ। ਜੇਕਰ ਕੋਈ ਵਾਕ ਆਊਟ ਕਰਨ ਵਾਲਾ ਮੁੱਦਾ ਹੈ ਤਾਂ ਵਾਕ ਆਊਟ ਕਰੋ। ਉਹ ਸਾਰੇ ਆਰ.ਡੀ.ਐਫ ਲਈ ਬੋਲ ਲੈਂਦੇ ਕਿ ਉਨ੍ਹਾਂ ਨੂੰ ਕੀ-ਕੀ ਚਾਹੀਦਾ ਹੈ, ਕਿੱਥੇ-ਕਿੱਥੇ ਪੈਸੇ ਚਾਹੀਦੇ ਹਨ। ਅਸੀਂ ਇਸ ਬਾਰੇ ਗੱਲ ਕਰ ਲੈਂਦੇ। ਸੋ, ਮੈਂ ਇਸ ਪ੍ਰਸਤਾਵ ਦੇ ਹੱਕ ਵਿੱਚ ਹਾਂ ਅਤੇ ਇਸ ਦਾ ਸਮਰਥਨ ਵੀ ਕਰਦਾ ਹਾਂ। ਇਸ ਦੇ ਨਾਲ ਮੈਂ ਉਮੀਦ ਵੀ ਕਰਦਾ ਹਾਂ ਕਿ ਕੇਂਦਰ ਸਰਕਾਰ ਬਹੁਤ ਜਲਦੀ ਭਾਵ ਇੱਕ ਅੱਧੇ ਹਫਤੇ ਵਿੱਚ ਹੀ ਸਾਨੂੰ ਫੰਡ ਜਾਰੀ ਕਰ ਦੇਵੇਗੀ। ਨਹੀਂ ਤਾਂ ਫਿਰ 1 ਜੁਲਾਈ ਨੂੰ ਸੁਪਰੀਮ ਕੋਰਟ ਖੁੱਲ੍ਹ ਰਹੀ ਹੈ। ਬਹੁਤ ਬਹੁਤ ਧੰਨਵਾਦ ਜੀ। (ਥੰਪਿੰਗ)

**ਮਾਣਯੋਗ ਸਪੀਕਰ:** ਮਾਣਯੋਗ ਮੁੱਖ ਮੰਤਰੀ ਸਾਹਿਬ ਦਾ ਬਹੁਤ ਬਹੁਤ ਧੰਨਵਾਦ।

**ਮਾਣਯੋਗ ਸਪੀਕਰ : ਪ੍ਰਸ਼ਨ ਹੈ–**

''ਕਿ ਭਾਰਤ ਸਰਕਾਰ ਵੱਲੋਂ ਪਿਛਲੇ ਚਾਰ ਸੀਜ਼ਨਾਂ (KMS 2021–22, RMS 2022–23, KMS 2022–23 ਅਤੇ RMS 2023–24) ਦੀ ਦਿਹਾਤੀ ਵਿਕਾਸ ਫੀਸ (R.D.F.) ਜਾਰੀ ਨਾ ਕੀਤੇ ਜਾਣ ਕਾਰਨ ਪੰਜਾਬ ਰਾਜ ਦੇ ਦਿਹਾਤੀ ਵਿਕਾਸ ਕਾਰਜਾਂ ਤੇ ਮਾੜਾ ਅਸਰ ਪੈ ਰਿਹਾ ਹੈ ।

ਪੰਜਾਬ ਵਿਧਾਨ ਸਭਾ ਇਸ ਗੱਲ ਦੀ ਸਖਤ ਨਿਖੇਧੀ ਕਰਦੀ ਹੈ ਕਿ ਪੰਜਾਬ ਦਿਹਾਤੀ ਵਿਕਾਸ ਐਕਟ, 1987 ਵਿੱਚ ਭਾਰਤ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਲੋੜੀਂਦੀਆਂ ਸੋਧਾਂ ਨੂੰ ਮੌਜੂਦਾ ਰਾਜ ਸਰਕਾਰ ਵੱਲੋਂ ਇਸ ਪਵਿੱਤਰ ਸਦਨ ਤੋਂ ਪਾਸ ਕਰਵਾਉਣ ਅਤੇ ਇਸ ਉਪਰੰਤ ਨੋਟੀਫਿਕੇਸ਼ਨ ਨੂੰ ਮਿਤੀ 18.07.2022 ਨੂੰ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਿਤ ਕਰਨ ਦੇ ਬਾਵਜੂਦ ਵੀ ਭਾਰਤ ਸਰਕਾਰ ਨੇ ਪੰਜਾਬ ਵਿੱਚੋਂ ਪਿਛਲੇ ਚਾਰ ਸੀਜ਼ਨਾਂ ਦੌਰਾਨ ਖਰੀਦੀਆਂ ਗਈਆਂ ਖੇਤੀ ਉਪਜਾਂ ਤੇ 3% ਦੀ ਦਰ ਨਾਲ ਬਣਦੀ 3622.40 ਕਰੋੜ ਰੁਪਏ ਦੀ ਅਜੇ ਤੱਕ ਰੋਕੀ ਗਈ ਦਿਹਾਤੀ ਵਿਕਾਸ ਫੀਸ ਦੀ ਰਕਮ ਜਾਰੀ ਨਹੀਂ ਕੀਤੀ ਹੈ ।

ਪੰਜਾਬ ਰਾਜ ਨੇ ਭਾਰਤ ਦੇ ਕਿਸੇ ਵੀ ਹੋਰ ਰਾਜ ਦੇ ਮੁਕਾਬਲੇ ਬਹੁਤ ਵੱਡਾ ਮਾਰਕੀਟ ਬੁਨਿਆਦੀ ਢਾਂਚਾ ਤਿਆਰ ਕੀਤਾ ਹੋਇਆ ਹੈ। ਇਸ ਤਰ੍ਹਾਂ ਇਕੱਤਰ ਕੀਤੀ ਗਈ ਦਿਹਾਤੀ ਵਿਕਾਸ ਫੀਸ ਦੀ ਵਰਤੋਂ ਸਿਰਫ ਰਾਜ ਦੇ ਕਿਸਾਨਾਂ ਦੀ ਭਲਾਈ, ਪੇਂਡੂ ਮੰਡੀਆਂ ਅਤੇ ਪੇਂਡੂ ਲਿੰਕ ਸੜਕਾਂ ਦੇ ਰੱਖ ਰੱਖਾਅ ਅਤੇ ਨਿਰਮਾਣ ਸਮੇਤ ਪੇਂਡੂ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਕੀਤੀ ਜਾਂਦੀ ਹੈ ਤਾਂ ਜੋ ਖੇਤੀ ਉਪਜਾਂ ਨਜ਼ਦੀਕੀ ਮੰਡੀਆਂ ਤੱਕ ਆਸਾਨੀ ਨਾਲ ਪਹੁੰਚਾਈਆਂ ਜਾ ਸਕਣ।ਇਸ ਤਰ੍ਹਾਂ ਭਾਰਤ ਸਰਕਾਰ ਵੱਲੋਂ ਪੇਂਡੂ ਵਿਕਾਸ ਫੀਸ ਜਾਰੀ ਨਾ ਕੀਤੇ ਜਾਣ ਕਾਰਨ ਪੰਜਾਬ ਰਾਜ ਦੇ ਸਮੁੱਚੇ ਦਿਹਾਤੀ ਵਿਕਾਸ ਕਾਰਜ ਠੱਪ ਹੋ ਰਹੇ ਹਨ ।

ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਉਹ ਕੇਂਦਰ ਸਰਕਾਰ ਵੱਲੋਂ ਰੋਕੀ ਗਈ 3622.40 ਕਰੋੜ ਦੀ ਦਿਹਾਤੀ ਵਿਕਾਸ ਫੀਸ ਨੂੰ ਤੁਰੰਤ ਜਾਰੀ ਕਰਵਾਉਣ ਲਈ ਕੇਂਦਰ ਸਰਕਾਰ ਕੋਲ ਪਹੁੰਚ ਕਰੇ ਤਾਂ ਜੋ ਪੰਜਾਬ ਰਾਜ ਦੇ ਕਿਸਾਨਾਂ ਅਤੇ ਪੇਂਡੂ ਆਬਾਦੀ ਦੀ ਭਲਾਈ ਲਈ ਨਿਰਵਿਘਨ ਵਿਕਾਸ ਕਾਰਜਾਂ ਨੂੰ ਜਾਰੀ ਰੱਖਿਆ ਜਾ ਸਕੇ ।''

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

-----------

## LEGISLATIVE BUSINESS

## 1. THE PUNJAB AFFILIATED COLLEGES (SECURITY OF SERVICE) AMENDMENT BILL, 2023

**ਮਾਣਯੋਗ ਸਪੀਕਰ :** ਸਰਦਾਰ ਹਰਜੋਤ ਸਿੰਘ ਬੈਂਸ, ਉਚੇਰੀ ਸਿੱਖਿਆ ਮੰਤਰੀ ਬਿਲ ਪੇਸ਼ ਕਰਨ।

**ਉਚੇਰੀ ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ ) :** ਸ਼੍ਰੀਮਾਨ ਜੀ, ਮੈਂ ਪੰਜਾਬ ਐਫੀਲੀਏਟਿਡ ਕਾਲਜਜ਼ (ਸਕਿਉਰਿਟੀ ਆਫ ਸਰਵਿਸ) ਸੋਧਨਾ ਬਿਲ, 2023 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ –

ਕਿ ਪੰਜਾਬ ਐਫੀਲੀਏਟਿਡ ਕਾਲਜਜ਼ (ਸਕਿਉਰਿਟੀ ਆਫ ਸਰਵਿਸ) ਸੋਧਨਾ ਬਿਲ, 2023 ਉੱਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਣਯੋਗ ਸਪੀਕਰ :** ਪ੍ਰਸਤਾਵ ਕੀਤਾ–

ਕਿ ਪੰਜਾਬ ਐਫੀਲੀਏਟਿਡ ਕਾਲਜਜ਼ (ਸਕਿਉਰਿਟੀ ਆਫ ਸਰਵਿਸ) ਸੋਧਨਾ ਬਿਲ, 2023 ਉੱਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਲਈ ਖੜ੍ਹਾ ਨਹੀਂ ਹੋਇਆ।)

**ਮਾਣਯੋਗ ਸਪੀਕਰ : ਪ੍ਰਸ਼ਨ ਹੈ–**

ਕਿ ਪੰਜਾਬ ਐਫੀਲੀਏਟਿਡ ਕਾਲਜਜ਼ (ਸਕਿਉਰਿਟੀ ਆਫ ਸਰਵਿਸ) ਸੋਧਨਾ ਬਿਲ, 2023 ਉੱਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼–ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ–ਕਲਾਜ਼ (2)**

**ਮਾਣਯੋਗ ਸਪੀਕਰ : ਪ੍ਰਸ਼ਨ ਹੈ–**

ਕਿ ਕਲਾਜ਼ 1 ਦੀ ਸਬ–ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਅਤੇ 3**

**ਮਾਣਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਅਤੇ 3 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ** : ਹਾਂ ਜੀ, ਹਾਂ ਜੀ।)

**ਮਾਣਯੋਗ ਸਪੀਕਰ : ਪ੍ਰਸ਼ਨ ਹੈ–**

ਕਿ ਕਲਾਜ਼ਾਂ 2 ਅਤੇ 3 ਬਿਲ ਦਾ ਹਿੱਸਾ ਹਨ।

*ਪ੍ਰਸਤਾਵ ਪ੍ਰਵਾਨ ਹੋਇਆ।*

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਣਯੋਗ ਸਪੀਕਰ : ਪ੍ਰਸ਼ਨ ਹੈ–**

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

**ਸਿਰਲੇਖ**

**ਮਾਣਯੋਗ ਸਪੀਕਰ : ਪ੍ਰਸ਼ਨ ਹੈ–**

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

*ਪ੍ਰਸਤਾਵ ਪ੍ਰਵਾਨ ਹੋਇਆ।*

**ਉਚੇਰੀ ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

ਕਿ ਪੰਜਾਬ ਐਫੀਲੀਏਟਿਡ ਕਾਲਜਜ਼ (ਸਕਿਉਰਟੀ ਆਫ ਸਰਵਿਸ) ਸੋਧਨਾ ਬਿਲ, 2023 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ** : ਪ੍ਰਸਤਾਵ ਕੀਤਾ –

ਕਿ ਪੰਜਾਬ ਐਫੀਲੀਏਟਿਡ ਕਾਲਜਜ਼ (ਸਕਿਉਰਟੀ ਆਫ ਸਰਵਿਸ) ਸੋਧਨਾ ਬਿਲ, 2023 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ** : ਪ੍ਰਸ਼ਨ ਹੈ–

ਕਿ ਪੰਜਾਬ ਐਫੀਲੀਏਟਿਡ ਕਾਲਜਜ਼ (ਸਕਿਉਰਟੀ ਆਫ ਸਰਵਿਸ) ਸੋਧਨਾ ਬਿਲ, 2023 ਪਾਸ ਕੀਤਾ ਜਾਵੇ।

*ਪ੍ਰਸਤਾਵ ਪ੍ਰਵਾਨ ਹੋਇਆ।*

---------

## 2. THE PUNJAB POLICE (AMENDMENT) BILL, 2023

**ਮਾਣਯੋਗ ਸਪੀਕਰ:** ਮੁੱਖ ਮੰਤਰੀ ਜੀ ਬਿਲ ਪੇਸ਼ ਕਰਨ।

**ਮੁੱਖ ਮੰਤਰੀ (ਸ਼੍ਰੀ ਭਗਵੰਤ ਮਾਨ) :** ਸ਼੍ਰੀਮਾਨ ਜੀ, ਮੈਂ ਪੰਜਾਬ ਪੁਲਿਸ (ਸੋਧਨਾ) ਬਿਲ, 2023 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਪੁਲਿਸ (ਸੋਧਨਾ) ਬਿਲ, 2023 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਣਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਪੰਜਾਬ ਪੁਲਿਸ (ਸੋਧਨਾ) ਬਿਲ, 2023 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

**ਮਾਣਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਪੰਜਾਬ ਪੁਲਿਸ (ਸੋਧਨਾ) ਬਿਲ, 2023 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

ਮਾਣਯੋਗ ਸਪੀਕਰ :ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 2**

**ਮਾਣਯੋਗ ਸਪੀਕਰ** : ਪ੍ਰਸ਼ਨ ਹੈ-

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਣਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਣਯੋਗ ਸਪੀਕਰ** : ਪ੍ਰਸ਼ਨ ਹੈ–

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ:** ਹੁਣ ਮੁੱਖ ਮੰਤਰੀ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਮੁੱਖ ਮੰਤਰੀ (ਸ਼੍ਰੀ ਭਗਵੰਤ ਮਾਨ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ–

ਕਿ ਪੰਜਾਬ ਪੁਲਿਸ (ਸੋਧਨਾ) ਬਿਲ, 2023 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ** : ਪ੍ਰਸਤਾਵ ਕੀਤਾ–

ਕਿ ਪੰਜਾਬ ਪੁਲਿਸ (ਸੋਧਨਾ) ਬਿਲ, 2023 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ** : ਪ੍ਰਸ਼ਨ ਹੈ–

ਕਿ ਪੰਜਾਬ ਪੁਲਿਸ (ਸੋਧਨਾ) ਬਿਲ, 2023 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

----------

## *3.* THE SIKH GURDWARAS (AMENDMENT) BILL, 2023

**ਮਾਣਯੋਗ ਸਪੀਕਰ:** ਮੁੱਖ ਮੰਤਰੀ ਜੀ ਬਿਲ ਪੇਸ਼ ਕਰਨ।

**ਮੁੱਖ ਮੰਤਰੀ (ਸ਼੍ਰੀ ਭਗਵੰਤ ਮਾਨ) :** ਸ਼੍ਰੀਮਾਨ ਜੀ, ਮੈਂ ਸਿੱਖ ਗੁਰਦੁਆਰਾਜ਼ (ਸੋਧਨਾ) ਬਿਲ,2023 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ–

ਕਿ ਸਿੱਖ ਗੁਰਦੁਆਰਾਜ਼ (ਸੋਧਨਾ) ਬਿਲ, 2023 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਣਯੋਗ ਸਪੀਕਰ:** ਪ੍ਰਸਤਾਵ ਕੀਤਾ –

ਕਿ ਸਿੱਖ ਗੁਰਦੁਆਰਾਜ਼ (ਸੋਧਨਾ) ਬਿਲ, 2023 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਹਾਂ ਜੀ, ਸ਼੍ਰੀ ਬੁੱਧ ਰਾਮ ਜੀ ।

**ਸ਼੍ਰੀ ਬੁੱਧ ਰਾਮ (ਬੁੱਢਲਾਡਾ, ਐਸ.ਸੀ.):** ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਇਸ ਬਿਲ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਇਸ ਬਿਲ ਦੇ ਹੱਕ ਵਿੱਚ ਬੋਲਣ ਲਈ ਖੜ੍ਹਾ ਹੋਇਆ ਹਾਂ। ਸਪੀਕਰ ਸਾਹਿਬ, ਪ੍ਰੋਫੈਸਰ ਪੂਰਨ ਸਿੰਘ ਜੀ ਵੱਡੇ ਵਿਦਵਾਨ ਹੋਏ ਹਨ। ਉਨ੍ਹਾਂ ਨੇ ਕਿਹਾ ਸੀ ਕਿ ਪੰਜਾਬ ਵਸਦਾ ਗੁਰਾਂ ਦੇ ਨਾਂ ਤੇ।

ਗੁਰਬਾਣੀ ਸਾਡੀ ਇੱਕ ਰਮਜ਼ ਹੈ, ਸਾਡੀ ਇੱਕ ਜੀਵਨ-ਜਾਂਚ ਹੈ। ਗੁਰਬਾਣੀ ਸਰਬ-ਸਾਂਝੀ ਹੈ। ਗੁਰੂ ਘਰ ਨੇ ਕਿਸੇ ਨੂੰ ਵੀ ਇਹ ਕਾਪੀਰਾਈਟ ਨਹੀਂ ਦਿੱਤਾ ਸੀ ਕਿ ਕੋਈ ਵਿਸ਼ੇਸ਼ ਚੈਨਲ ਜਾਂ ਕੋਈ ਵਿਸ਼ੇਸ਼ ਅਦਾਰਾ ਇਸ ਦਾ ਪ੍ਰਸਾਰਣ ਕਰੇ। ਇਹ ਸਭ ਦੀ ਸਾਂਝੀ ਹੈ। ਕੀਰਤਨ ਦਾ ਜੋ ਵੀ ਪ੍ਰਸਾਰਣ ਹੁੰਦਾ ਹੈ, ਚਾਹੇ ਉਹ ਪੰਜਾਬੀ ਹੋਵੇ, ਗੈਰ ਪੰਜਾਬੀ ਹੋਵੇ, ਗੈਰ ਸਿੱਖ ਹੋਵੇ, ਜਿਸ ਦੇ ਮਨ ਵਿੱਚ ਵੀ ਗੁਰਬਾਣੀ ਪ੍ਰਤੀ ਸ਼ਰਧਾ ਅਤੇ ਇੱਛਾ ਹੈ, ਉਹ ਗੁਰਬਾਣੀ ਸੁਣ ਸਕਦਾ ਹੈ। ਸਾਡੇ ਸਿੱਖ ਧਰਮ ਦੇ ਵਿੱਚ ਇਹ ਬੜੀ ਵਿਲੱਖਣ ਗੱਲ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ, ਇੱਕ ਪਵਿੱਤਰ ਗ੍ਰੰਥ ਹੈ। ਬਾਕੀ ਜਿਹੜੇ ਗ੍ਰੰਥ ਹਨ, ਭਾਵੇਂ ਬਾਈਬਲ ਹੋਵੇ, ਭਾਵੇਂ ਕੁਰਾਨ ਹੋਵੇ, ਭਾਵੇਂ ਵੇਦ ਹੋਣ, ਭਾਵੇਂ ਗੀਤਾ ਹੈ, ਸਾਰੇ ਹੀ ਸਤਿਕਾਰਯੋਗ ਅਤੇ ਪਵਿੱਤਰ ਹਨ ਪਰੰਤੂ ਇਨ੍ਹਾਂ ਸਾਰੇ ਗ੍ਰੰਥਾਂ ਵਿੱਚੋਂ ਹਰੇਕ ਗ੍ਰੰਥ ਆਰੰਭਤਾ ਤੋਂ ਲੈ ਕੇ ਅਖੀਰ ਤੱਕ ਕਿਸੇ ਇੱਕ ਹੀ ਮਹਾਂਪੁਰਸ਼ ਵੱਲੋਂ ਲਿਖੇ ਗਏ ਹਨ। ਜਦੋਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕੁੱਲ 36 ਸਤਿਕਾਰਯੋਗ ਗੁਰੂਆਂ, ਭਗਤਾਂ, ਭੱਟਾਂ ਅਤੇ ਮਹਾਪੁਰਸ਼ਾਂ ਦੀ ਬਾਣੀ ਦਰਜ ਹੈ। ਜੇਕਰ ਅਸੀਂ ਭਗਤ ਸਾਹਿਬਾਨਾ ਦੀ ਜਿਓਗ੍ਰਾਫੀਕਲ ਸਥਿਤੀ ਦੀ ਗੱਲ ਕਰੀਏ ਤਾਂ ਉਹ ਵੱਖ-ਵੱਖ ਸੂਬਿਆਂ, ਧਰਮਾਂ ਅਤੇ ਜਾਤਾਂ ਵਿੱਚੋਂ ਆਏ ਹਨ। ਉਨ੍ਹਾਂ ਲੋਕਾਂ ਦਾ, ਜਿਨ੍ਹਾਂ ਨਾਲ ਉਹ ਸਬੰਧ ਰੱਖਦੇ ਹਨ, ਹੱਕ ਬਣਦਾ ਹੈ ਕਿ ਉੱਥੇ ਉਨ੍ਹਾਂ ਦੇ ਗੁਰੂਆਂ ਦੀ ਬਾਣੀ ਸਰਵਣ ਹੋਵੇ। ਇਸ ਕਰਕੇ ਸਰਦਾਰ ਭਗਵੰਤ ਮਾਨ ਜੀ ਦੀ ਸਰਕਾਰ ਨੇ ਇਸ ਬਿਲ ਵਿੱਚ ਸੋਧ ਲਿਆਂਦੀ ਹੈ। ਇਸ ਬਿਲ ਵਿੱਚ ਇਹ ਲਿਖਿਆ ਹੈ ਕਿ:-

> 125-A (1) "It shall be the duty of the Board to propagate the teachings of Gurus by making uninterrupted (without any on screeen running advertisements or commercials of distortion) live feed (Audio or Audio well as video) of Holy Gurbani from Sri Harmandir Sahib available free of cost to all media houses, outlets, platforms, channels etc., whoever wishes to broadcast it for broadcast anywhere (including all over the World). "

ਇਸ ਦਾ ਮਤਲਬ ਇਹ ਹੋਇਆ ਕਿ ਸੰਸਾਰ ਦੀਆਂ ਸਾਰੀਆਂ ਥਾਵਾਂ ਤੇ ਉੱਤੇ ਮੀਡੀਆ ਦੀ ਕੋਈ ਵੀ ਧਿਰ ਕਿਸੇ ਵੀ ਸਮੇਂ ਗੁਰਬਾਣੀ ਦਾ ਪ੍ਰਸਾਰਣ ਕਰ ਸਕਦੀ ਹੈ। ਹੁਣ ਸਵਾਲ ਇਹ ਪੈਦਾ ਹੁੰਦਾ ਸੀ ਕਿ 10-11 ਸਾਲ ਪਹਿਲਾਂ ਕਿਸੇ ਖਾਸ ਚੈਨਲ ਨੂੰ ਪ੍ਰਸਾਰਨ ਦਾ ਅਧਿਕਾਰ ਦੇ ਦਿੱਤਾ ਗਿਆ! ਇਸ ਲਈ ਇਹ ਸਮੱਸਿਆ ਪੈਦਾ ਹੋ ਗਈ। ਲੋਕਾਂ ਨੇ, ਵਿਦਵਾਨਾਂ ਨੇ ਵੀ ਇਹ ਗੱਲ ਕਹੀ ਕਿ ਇਹ ਗਲਤ ਹੈ, ਕੋਈ ਹੋਰ ਚੈਨਲ ਵੀ ਗੁਰਬਾਣੀ ਦਾ ਪ੍ਰਸਾਰਣ ਕਰ ਸਕਦਾ ਹੈ ਪਰ ਕਿਸੇ ਨੇ ਇਸ ਗੱਲ ਦੀ ਪ੍ਰਵਾਹ ਨਹੀਂ ਕੀਤੀ। ਕਈ ਵਿਦਵਾਨ ਸ਼੍ਰੀ ਭਗਵੰਤ ਮਾਨ ਜੀ ਨੂੰ ਵੀ ਮਿਲੇ ਅਤੇ ਅਖੀਰ ਵਿੱਚ ਸ਼੍ਰੀ ਭਗਵੰਤ ਮਾਨ ਜੀ ਦੀ ਸਰਕਾਰ ਨੇ ਮਹਿਸੂਸ ਕੀਤਾ ਕਿ ਗੁਰਬਾਣੀ ਦੇ ਪ੍ਰਸਾਰਣ ਦੀ ਆਗਿਆ ਸਾਰੇ ਚੈਨਲਾਂ ਨੂੰ ਹੋਣੀ ਚਾਹੀਦੀ ਹੈ ਤਾਂ ਜੋ ਸਾਰੇ ਮੁੱਖ ਵਾਕ ਸੁਣ ਸਕਣ।

ਜਦੋਂ ਵੀ ਕੋਈ ਖੁਸ਼ੀ ਦਾ ਸਮਾਗਮ ਹੁੰਦਾ ਹੈ ਜਾਂ ਭੋਗ ਪੈਂਦਾ ਹੈ ਤਾਂ ਅਖੀਰ ਵਿੱਚ ਗੁਰੂ ਸਾਹਿਬ ਦਾ ਇੱਕ ਸੰਦੇਸ਼ ਆਉਂਦਾ ਹੈ, ਜਿਸ ਨੂੰ ਕਿ ਮੁੱਖ ਵਾਕ ਕਿਹਾ ਜਾਂਦਾ ਹੈ।

**ਮਾਣਯੋਗ ਸਪੀਕਰ:** ਹੁਕਮਨਾਮਾ।

**ਸ਼੍ਰੀ ਬੁੱਧ ਰਾਮ:** ਹਾਂ ਜੀ, ਜਿਸ ਨੂੰ ਹੁਕਮਨਾਮਾ ਕਿਹਾ ਜਾਂਦਾ ਹੈ। ਸੋ ਸਪੀਕਰ ਸਾਹਿਬ, ਜਿਹੜਾ ਉਹ ਮੁੱਖ ਵਾਕ ਹੈ, ਉਸ ਵਿੱਚ ਇਹ ਦੱਸਿਆ ਜਾਂਦਾ ਹੈ ਕਿ ਅੱਜ ਦੇ ਪਾਠ ਦਾ ਨਿਚੋੜ ਇਹ ਹੈ, ਤੁਹਾਡੇ ਵਾਸਤੇ ਇਸ ਵਿੱਚ ਇਹ ਸੇਧ ਹੈ। ਸਾਲ 1920 ਵਿੱਚ ਇੱਕ ਅਜਿਹਾ ਵੀ ਸਮਾਂ ਆਇਆ ਸੀ ਕਿ ਦਲਿਤ ਲੋਕਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਵਿੱਚ ਪ੍ਰਸ਼ਾਦਿ ਚੜ੍ਹਾਉਣ ਦੀ ਆਗਿਆ ਨਹੀਂ ਸੀ। ਸਰਦਾਰ ਤੇਜਾ ਸਿੰਘ ਭੁੱਚਰ ਅਤੇ ਹੋਰ ਵਿਦਵਾਨਾਂ ਆਦਿ ਨੇ ਇਕੱਠ ਕੀਤਾ ਅਤੇ ਅਖੀਰ ਵਿੱਚ ਸ੍ਰੀ ਹਰਿਮੰਦਰ ਸਾਹਿਬ ਵਿਖੇ ਦੇਗ ਲੈ ਕੇ ਗਏ ਅਤੇ ਉੱਥੇ ਹੁਕਮਨਾਮਾ ਆਇਆ :

*ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ।।*

ਜਿਹੜੇ ਲੋਕ ਗੱਲ ਕਰਦੇ ਸਨ ਕਿ ਦਲਿਤ ਭਾਈਚਾਰੇ ਨਾਲ ਸਬੰਧਤ ਲੋਕਾਂ ਨੂੰ ਅੰਦਰ ਨਹੀਂ ਆਉਣ ਦੇਣਾ ਤਾਂ ਉਸ ਵਕਤ ਉਹ ਅਖੌਤੀ ਲੋਕ ਜਲ ਪਾਣੀ ਛੱਡ ਕੇ ਉੱਥੋਂ ਚਲੇ ਗਏ ਸਨ। ਸਪੀਕਰ ਸਾਹਿਬ, ਗੁਰਬਾਣੀ ਵਿੱਚ ਗੁਰੂ ਸਾਹਿਬਾਨਾਂ, ਭਗਤ ਸਾਹਿਬਾਨਾਂ ਅਤੇ ਭੱਟ ਸਾਹਿਬਾਨਾਂ ਦੀ ਬਾਣੀ ਦਰਜ ਹੈ। ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ, ਦੂਜੇ ਪਾਤਸ਼ਾਹ ਗੁਰੂ ਅੰਗਦ ਦੇਵ ਜੀ, ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰ ਦਾਸ ਜੀ, ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ, ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਅਤੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਰਜ ਹੈ। ਇਸ ਵਿੱਚ 15 ਭਗਤਾਂ ਭਗਤ ਰਾਮਾਨੰਦ ਜੀ, ਭਗਤ ਪਰਮਾਨੰਦ ਜੀ, ਭਗਤ ਸੂਰਦਾਸ ਜੀ, ਭਗਤ ਜੈ ਦੇਵ ਜੀ, ਭਗਤ ਭੀਖਣ ਜੀ, ਬਾਬਾ ਫਰੀਦ ਜੀ, ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਕਬੀਰ ਜੀ, ਭਗਤ ਤ੍ਰਿਲੋਚਨ ਜੀ, ਭਗਤ ਸਧਨਾ ਜੀ, ਭਗਤ ਸੈਣ ਜੀ, ਭਗਤ ਪੀਪਾ ਜੀ, ਭਗਤ ਧੰਨਾ ਜੀ, ਭਗਤ ਬੇਣੀ ਜੀ, ਸਤਿਗੁਰੂ ਰਵਿਦਾਸ ਜੀ ਦੀ ਬਾਣੀ ਵੀ ਦਰਜ ਹੈ। ਇਸ ਵਿੱਚ 11 ਭੱਟ ਸਾਹਿਬਾਨਾਂ (ਕਲ ਸਹਾਰ ਜੀ, ਕੀਰਤ ਜੀ, ਸਲ੍ਹ ਜੀ, ਨਲ੍ਹ ਜੀ, ਬਲ੍ਹ ਜੀ, ਭਲ੍ਹ ਜੀ, ਜਾਲਪ ਜੀ, ਭਿਖਾ ਜੀ, ਗਇੰਦ ਜੀ, ਮਥਰਾ ਜੀ, ਹਰਿਬੰਸ ਜੀ) ਦੀ ਵੀ ਬਾਣੀ ਦਰਜ ਹੈ। ਇਸ ਵਿੱਚ 04 ਮਹਾਪੁਰਸ਼ਾਂ (ਸੱਤਾ ਜੀ, ਬਲਵੰਡ ਜੀ, ਬਾਬਾ ਸੁੰਦਰ ਜੀ ਅਤੇ ਭਾਈ ਮਰਦਾਨਾ ਜੀ) ਦੀ ਵੀ ਬਾਣੀ ਦਰਜ ਹੈ।

**ਮਾਣਯੋਗ ਸਪੀਕਰ:** ਡਾ. ਸੁਖਵਿੰਦਰ ਕੁਮਾਰ ਸੁੱਖੀ ਕੁਝ ਕਹਿਣਾ ਚਾਹੁੰਦੇ ਹਨ। ਹਾਂ ਜੀ, ਡਾਕਟਰ ਸਾਹਿਬ ਜੀ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ :** ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜਿਹੜੇ ਸਾਡੇ ਗੁਰੂ ਸਾਹਿਬਾਨਾਂ ਦੇ ਨਾਂਅ ਲਏ ਹਨ, ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ

ਦਰਜ ਹੈ, ਉਨ੍ਹਾਂ ਦੇ ਨਾਂਵਾਂ ਦੇ ਅੱਗੇ ਵੀ ਸਤਿਗੁਰੂ ਲਗਾਇਆ ਜਾਵੇ। ਤੁਸੀਂ ਇਸ ਤਰ੍ਹਾਂ ਇਨ੍ਹਾਂ ਦੇ ਨਾਂਅ ਬੋਲੇ ਹਨ ਕਿ ਜਿਵੇਂ ਉਹ ਆਮ ਇਨਸਾਨ ਹੋਣ। ਮੇਰੀ ਬੇਨਤੀ ਹੈ ਕਿ ਉਨ੍ਹਾਂ ਦੇ ਨਾਂਅ ਵੀ ਸਤਿਕਾਰ ਦੇ ਨਾਲ ਲਏ ਜਾਣ।

**ਸ਼੍ਰੀ ਬੁੱਧ ਰਾਮ:** ਜਦੋਂ ਅਸੀਂ ਲਗਾਤਾਰ ਨਾਂ ਬੋਲਦੇ ਹਾਂ ਤਾਂ ਅਸੀਂ ਇੱਕ ਵਾਰ ਸਤਿਗੁਰੂ ਲਗਾ ਕੇ ਨਾਂਅ ਬੋਲ ਦਿੰਦੇ ਹਾਂ। ਠੀਕ ਹੈ ਜੀ, ਕੋਈ ਗੱਲ ਨਹੀਂ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਭਗਤ ਜੈ ਦੇਵ ਸਨ, ਉਹ ਪੱਛਮੀ ਬੰਗਾਲ ਤੋਂ ਸਨ। ਐਮ.ਏ. (ਹਿੰਦੀ) ਦੇ ਸਿਲੇਬਸ ਵਿੱਚ ਸਾਨੂੰ ਜੈ ਦੇਵ ਜੀ ਦੀ ਗੀਤ ਗੋਬਿੰਦ ਕਿਤਾਬ ਲੱਗਦੀ ਹੈ। ਸਤਿਗੁਰੂ ਕਬੀਰ ਸਾਹਿਬ ਤੇ ਸਤਿਗੁਰੂ ਰਵਿਦਾਸ ਜੀ ਬਨਾਰਸ ਨਾਲ ਸਬੰਧ ਰੱਖਦੇ ਸੀ, ਭਗਤ ਸੂਰਦਾਸ ਇਲਾਹਾਬਾਦ ਨਾਲ ਸਬੰਧ ਰੱਖਦੇ ਸੀ, ਭਗਤ ਸਧਨਾ ਜੀ ਸਿੰਧ ਨਾਲ ਸਬੰਧ ਰੱਖਦੇ ਸੀ, ਧੁਆਨ ਪਿੰਡ ਤੋਂ ਭਗਤ ਧੰਨਾ ਜੀ ਸਬੰਧ ਰੱਖਦੇ ਸੀ । ਇਸੇ ਤਰ੍ਹਾਂ ਭਗਤ ਤਰਲੋਚਨ ਜੀ ਤੇ ਸ਼੍ਰੋਮਣੀ ਭਗਤ ਨਾਮਦੇਵ ਜੀ ਮਹਾਂਰਾਸ਼ਟਰ ਨਾਲ ਸਬੰਧ ਰੱਖਦੇ ਸੀ। ਸੋ, ਉਨ੍ਹਾਂ ਸਾਰੇ ਭਗਤ ਸਾਹਿਬਾਨਾਂ, ਜਿਹੜੇ ਦੂਰ ਦੂਰ ਦੇ ਜਿਉਗਰਾਫੀਕਲ ਏਰੀਏ ਤੋਂ ਸਨ, ਜਦੋਂ ਉਨ੍ਹਾਂ ਦੀ ਬਾਣੀ ਪ੍ਰਸਾਰਣ ਹੁੰਦੀ ਹੈ ਤੇ ਜਦੋਂ ਸਤਿਗੁਰੂ ਰਵਿਦਾਸ ਜੀ ਦਾ ਜਨਮ ਦਿਨ ਹੁੰਦਾ ਹੈ ਤਾਂ ਰਵਿਦਾਸੀਆ ਭਾਈਚਾਰੇ ਵਿੱਚ ਬਹੁਤ ਵੱਡੀ ਪੱਧਰ ਉਤੇ ਖੁਸ਼ੀ ਦੀ ਲਹਿਰ ਹੁੰਦੀ ਹੈ ਔਰ ਉਹ ਸਾਰੇ ਸੰਸਾਰ ਵਿੱਚ ਹੁੰਦੀ ਹੈ । ਜਦੋਂ ਭਗਤ ਨਾਮਦੇਵ ਜੀ ਦਾ ਪਵਿੱਤਰ ਜਨਮ ਦਿਨ ਆਉਂਦਾ ਹੈ ਤਾਂ ਨਰਸੀ ਬਾਹਮਣੀ ਤੋਂ ਲੈ ਕੇ ਧੁਰ ਘੁਮਾਣ ਤੱਕ ਪੂਰਾ ਜਸ਼ਨ ਮਨਾਇਆ ਜਾਂਦਾ ਹੈ। ਜਦੋਂ ਗੁਰੂ ਗ੍ਰੰਥ ਸਾਹਿਬ ਵਿੱਚੋਂ ਉਨ੍ਹਾਂ ਦੀ ਬਾਣੀ ਦਾ ਪ੍ਰਸਾਰਣ ਹੁੰਦਾ ਹੈ ਤਾਂ ਉਨ੍ਹਾਂ ਲੋਕਾਂ ਨੂੰ ਵੀ ਅਧਿਕਾਰ ਹੋਣਾ ਚਾਹੀਦਾ ਹੈ ਕਿ ਉਹ ਇਸ ਬਾਣੀ ਨੂੰ ਸੁਣਨ, ਸਰਵਣ ਕਰਨ ਕਿ ਅੱਜ ਜੋ ਸਾਡੇ ਸਤਿਗੁਰੂ ਹਨ, ਉਨ੍ਹਾਂ ਦਾ ਸੰਦੇਸ਼, ਬਾਣੀ ਦਾ ਪ੍ਰਸਾਰਣ ਹੋਇਆ ਹੈ। ਸਰ, ਅੱਜ ਬਾਣੀ ਨੂੰ ਸਾਰੇ ਸੰਸਾਰ ਵਿਚ ਸੁਣਾਉਣ ਦਾ ਵੱਡਾ ਕਾਰਨ ਕੀ ਹੈ? ਇੱਥੇ ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਜਦੋਂ ਕਿਸੇ ਇੱਕ ਚੈਨਲ ਨੂੰ ਅਧਿਕਾਰ ਦਿੱਤਾ ਜਾਂਦਾ ਹੈ ਤਾਂ ਉਥੇ ਸਮੱਸਿਆ ਪੈਦਾ ਹੋ ਜਾਂਦੀ ਹੈ ਕਿ ਜਿਥੇ ਸਾਡੇ ਗੁਰੂ ਸਾਹਿਬਾਨ, ਸਾਡੇ ਭਗਤ ਸਾਹਿਬਾਨ ਪੈਦਾ ਹੋਏ ਸਨ, ਉਨ੍ਹਾਂ ਤੱਕ ਇਹੋ ਜਿਹੀ ਪਵਿੱਤਰ ਬਾਣੀ ਦਾ ਪ੍ਰਸਾਰਣ ਕਿਉਂ ਨਹੀਂ ਹੁੰਦਾ? ਹੁਣ ਇਹ ਸਾਰਾ ਪ੍ਰਸਾਰਣ ਵੱਖ ਵੱਖ ਚੈਨਲਾਂ ਰਾਹੀਂ ਹੋਵੇਗਾ, ਵੱਖ ਵੱਖ ਸਰੋਤਾਂ ਨਾਲ ਪ੍ਰਸਾਰਣ ਹੋਵੇਗਾ ਅਤੇ ਵਾਈਡ ਸਪਰੈਡ ਹੋਵੇਗਾ ਭਾਵ ਸਾਰੇ ਸੰਸਾਰ ਵਿੱਚ ਸੁਣਾਇਆ ਜਾਵੇਗਾ, ਕੋਈ ਵੀ ਬੰਦਾ ਸੁਣ ਲਵੇ। ਹੁਣ ਪਿਛੇ ਜਿਹੇ ਦੇਖੋ ਕੁਝ ਗੱਲਾਂ ਅਸੀਂ ਕਹਿ ਦਿੰਦੇ ਹਾਂ ਜਦਕਿ ਇਸ ਬਿਲ ਵਿੱਚ ਵੀ ਕੋਈ ਅਜਿਹੀ ਗੱਲ ਨਹੀਂ ਕਹੀ ਕਿ ਸਰਦਾਰ ਭਗਵੰਤ ਮਾਨ ਜੀ ਲੇ ਆਪ ਖੁਦ ਕਿਸੇ ਚੈਨਲ ਉੱਤੇ ਕੋਈ ਅਧਿਕਾਰ ਲੈਣਾ ਹੈ ਜਾਂ ਕੋਈ ਹੋਰ ਲੈਣਾ ਹੈ, ਇਹ ਕਿਤੇ ਕੋਈ ਗੱਲ ਨਹੀਂ ਹੋਈ। ਇੱਥੇ ਵੀ ਧਾਰਾ 125-ਏ ਦੇ ਵਿੱਚ ਇਹੀ ਲਿਖਿਆ ਹੈ: "It shall be the duty of the Board, ਬੋਰਡ ਦਾ ਮਤਲਬ,

ਐਸ.ਜੀ.ਪੀ.ਸੀ.। ਸੋ, ਐਸ.ਜੀ.ਪੀ.ਸੀ. ਨੂੰ ਇਹ ਗੱਲ ਕਹੀ ਹੈ ਕਿ ਤੁਸੀਂ ਗੁਰੂ ਸਾਹਿਬਾਨ ਦੀ ਬਾਣੀ ਨੂੰ ਅਣਇਨਟਰੱਪਟਿਡ ਬਿਨਾਂ ਕਿਸੇ ਕਮਰਸ਼ੀਲਾਈਜੇਸ਼ਨ ਤੋਂ ਸਾਰੀਆਂ ਜਗ੍ਹਾਵਾਂ ਤੇ ਸੁਣਾਉ। ਪਿਛੇ ਜਿਹੇ ਜਦੋਂ ਕਿਸੇ ਨੇ ਪੁੱਛਿਆ ਤਾਂ ਕਹਿੰਦੇ ਕਿ ਪਹਿਲਾਂ ਇੱਕ ਵਾਰੀ ਅਧਿਕਾਰ ਦੇ ਦਿੱਤਾ ਹੈ, ਅਗਲੇ ਵਾਰੀ ਟੈਂਡਰ ਕਰ ਦਿਆਂਗੇ। ਸਰ, ਟੈਂਡਰ ਕੀ ਚੀਜ਼ ਹੁੰਦੀ ਹੈ? ਜਿਵੇਂ ਕੋਈ ਕਣਕ ਦਾ ਬੜਾ ਵੱਡਾ ਢੇਰ ਪਿਆ ਹੋਇਆ ਹੋਵੇ, ਜਿਸ ਦਾ ਲੈਣ-ਦੇਣ ਕਰਨਾ ਹੋਵੇ ਤਾਂ ਉਸ ਵਾਸਤੇ ਟੈਂਡਰ ਹੁੰਦਾ ਹੈ ਤੇ ਕੋਈ ਉਚੀ ਬੋਲੀ ਦੇ ਕੇ ਲੈ ਲੈਂਦਾ ਹੈ । ਇਸ ਦਾ ਮਤਲਬ ਹੈ ਕਿ ਇਸ ਦਾ ਕਮਰਸ਼ੀਲਾਈਜੇਸ਼ਨ, ਵਪਾਰੀਕਰਨ ਹੋ ਗਿਆ। ਸਪੀਕਰ ਸਾਹਿਬ, ਕੀ ਪਵਿੱਤਰ ਬਾਣੀ ਦਾ ਵਪਾਰੀਕਰਨ ਹੋ ਸਕਦਾ ਹੈ? ਨਹੀਂ ਹੋ ਸਕਦਾ। ਪਵਿੱਤਰ ਬਾਣੀ ਤਾਂ ਸਾਰਿਆਂ ਲਈ ਸਰਬ ਸਾਂਝੀ ਬਾਣੀ ਹੈ, ਸਾਰੀ ਦੁਨੀਆਂ ਦੇ ਵਿੱਚ ਜਿਥੇ ਕਿਤੇ ਵੀ ਗੁਰੂ ਸਾਹਿਬ ਦੀ ਬੀੜ ਜਾਂਦੀ ਹੈ, ਅਸੀਂ ਪਾਠ ਕਰਵਾਉਣ ਲਈ ਲੈ ਕੇ ਆਉਂਦੇ ਹਾਂ, ਭਾਵੇਂ ਕੋਈ ਮੁਸਲਮਾਨ ਹੈ, ਭਾਵੇਂ ਕੋਈ ਹਿੰਦੂ ਭਾਈਚਾਰਾ ਹੈ, ਭਾਵੇਂ ਕੋਈ ਕਿਸੇ ਵੀ ਜ਼ਾਤ ਦਾ ਹੈ, ਉਸ ਵਕਤ ਆਪਣੇ ਸਿਰ ਉੱਤੇ ਰੁਮਾਲ ਰੱਖ ਕੇ ਸਤਿਕਾਰ ਕਰਦੇ ਹਾਂ। ਸੋ, ਇਸ ਕਰਕੇ ਇਸ ਬਿਲ ਦਾ ਜਿਹੜਾ ਮੇਨ ਉਦੇਸ਼ ਸੀ, ਜੇ ਆਪਾਂ ਪੜ੍ਹਾਂਗੇ ਤਾਂ ਕਿਤੇ ਵੀ ਇਹ ਨਹੀਂ ਲਿਖਿਆ ਕਿ ਕੋਈ ਸਰਕਾਰ ਦਖਲਅੰਦਾਜ਼ੀ ਕਰਦੀ ਹੈ, ਕੋਈ ਦਖਲਅੰਦਾਜ਼ੀ ਵਾਲੀ ਗੱਲ ਕਰਦੀ ਹੈ। ਧਾਰਾ '125-ਏ' ਵਿੱਚ ਸਿਰਫ ਇਹ ਗੱਲ ਕਹੀ ਗਈ ਹੈ ਕਿ SGPC should make Gurbani available free of cost to entire humanity and to ensure that the spread of Gurbani is not commercialized in any manner. ਕਿਸੇ ਵੀ ਥਾਂ ਉਤੇ ਇਸ ਨੂੰ ਕਮਰਸੀਲਾਈਜ ਨਾ ਕੀਤਾ ਜਾਵੇ ਔਰ ਖੁੱਲ੍ਹਾ ਕਿਹਾ ਜਾਵੇ ਕਿ ਕੋਈ ਮਰਜ਼ੀ ਆ ਕੇ ਉਥੇ ਕੈਮਰੇ ਲਗਾਉਣ, ਲੱਗੇ ਵੀ ਹੋਏ ਹਨ, ਹੁਣ ਵੀ ਲੱਗਣੇ ਹਨ, ਕੋਈ ਮਰਜ਼ੀ ਆ ਕੇ ਗੁਰਬਾਣੀ ਦਾ ਪ੍ਰਚਾਰ ਤੇ ਪ੍ਰਸਾਰ ਕਰ ਸਕਦਾ ਹੈ। ਸੋ, ਇਹ ਜਿਹੜਾ ਬਿਲ ਹੈ, ਇਸ ਬਿਲ ਦਾ ਇਕੋ ਹੀ ਮਕਸਦ ਹੈ ਕਿ ਜਦੋਂ ਇਹ ਗੱਲ ਅਗਾਂਹ ਤੱਕ ਜਾਵੇਗੀ ਤਾਂ ਅੱਜ ਭਾਵੇਂ ਕੋਈ ਬੰਦਾ ਆਲੋਚਨਾ ਕਰੇ ਜਾਂ ਨਾ ਕਰੇ ਪਰੰਤੂ ਇਹ throught the Punjab ਜਿਥੇ ਪੰਜਾਬੀ ਸਿੱਖ ਵੱਸਦਾ ਹੈ, ਉਸ ਨੂੰ ਇਸ ਗੱਲ ਦੀ ਸਮਝ ਹੈ, ਅਤੇ ਇਸ ਗੱਲ ਬਾਰੇ ਉਹ ਸਰਦਾਰ ਭਗਵੰਤ ਮਾਨ ਦੀ ਸਰਕਾਰ ਦੀ ਪ੍ਰਸ਼ੰਸਾ ਕਰੇਗਾ ਕਿ ਇਹ ਗੱਲ ਬਿਲਕੁਲ ਠੀਕ ਹੈ ਕਿਉਂਕਿ ਇਸ ਵਿੱਚ ਕਿਸੇ ਕਿਸਮ ਦੀ ਕੋਈ ਦਖਲਅੰਦਾਜ਼ੀ ਨਹੀਂ ਹੈ, ਸਿਰਫ ਇੱਕ ਇਹੀ ਹੈ ਕਿ ਗੁਰਬਾਣੀ ਦਾ ਪ੍ਰਸਾਰਣ ਖੁੱਲ੍ਹਾ ਅਤੇ ਫਰੀ ਆਫ ਕਾਸਟ ਕਰਨਾ ਹੈ ਅਤੇ ਕੋਈ ਮਰਜ਼ੀ ਕਰ ਸਕਦਾ ਹੈ। ਇਸ ਕਰਕੇ ਇਹ ਬਿਲ ਲਿਆਂਦਾ ਗਿਆ ਹੈ। ਸੋ, ਮੈਂ ਪੁਰਜ਼ੋਰ ਸ਼ਬਦਾਂ ਵਿੱਚ ਇਸ ਬਿਲ ਦੀ ਹਮਾਇਤ ਕਰਦਾ ਹਾਂ ਅਤੇ ਸਰਦਾਰ ਭਗਵੰਤ ਮਾਨ ਦੀ ਸਰਕਾਰ ਨੂੰ ਇਸ ਗੱਲ ਦਾ ਧੰਨਵਾਦ ਦੇਣਾ ਚਾਹੁੰਦਾ ਹਾਂ। ਧੰਨਵਾਦ ਜੀ।

**ਮਾਣਯੋਗ ਸਪੀਕਰ:** ਹਾਂ ਜੀ। ਸਰਦਾਰ ਮਨਪ੍ਰੀਤ ਸਿੰਘ ਇਆਲੀ ਜੀ।

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਦਾਖਾ) :** ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ, ਜੋ ਤੁਸੀਂ ਮੈਨੂੰ ਸਿੱਖ ਗੁਰਦੁਆਰਾਜ਼ ਅਮੈਂਡਮੈਂਟ ਐਕਟ, 2023 ਉਤੇ ਬੋਲਣ ਦਾ ਮੌਕਾ ਦਿੱਤਾ ਹੈ। ਇਹ ਮਾਮਲਾ ਬੜਾ ਅਹਿਮ ਹੈ ਅਤੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਸਾਹਿਬ ਤੋਂ ਜੋ ਗੁਰਬਾਣੀ ਪ੍ਰਸਾਰਣ ਹੁੰਦੀ ਹੈ, ਉਸ ਦੇ ਨਾਲ ਜੁੜਿਆ ਹੋਇਆ ਹੈ । ਇੱਕ ਸਿੱਖ ਹੋਣ ਦੇ ਨਾਤੇ ਅਤੇ ਨਿੱਜੀ ਤੌਰ ਉਤੇ ਵੀ ਮੈਂ ਸਮਝਦਾ ਹਾਂ ਕਿ ਗੁਰਬਾਣੀ ਦਾ ਪ੍ਰਸਾਰਣ ਬੜੇ ਪਾਰਦਰਸ਼ੀ ਢੰਗ ਨਾਲ ਹੋਣਾ ਚਾਹੀਦਾ ਹੈ, ਕਿਸੇ ਵੀ ਇੱਕ ਚੈਨਲ ਨੂੰ ਕਾਪੀਰਾਈਟ ਨਹੀਂ ਹੋਣੇ ਚਾਹੀਦੇ, ਅਧਿਕਾਰ ਨਹੀਂ ਹੋਣੇ ਚਾਹੀਦੇ। ਮੇਰੀ ਨਿੱਜੀ ਰਾਏ ਹੈ ਕਿ ਐਸ.ਜੀ.ਪੀ.ਸੀ. ਵਲੋਂ ਆਪਣਾ ਚੈਨਲ ਸ਼ੁਰੂ ਕਰਨਾ ਚਾਹੀਦਾ ਹੈ ਅਤੇ ਸਾਰੇ ਚੈਨਲਾਂ ਤੇ ਗੁਰਬਾਣੀ ਪ੍ਰਸਾਰਣ ਕਰਨ ਦੇ ਅਧਿਕਾਰ ਐਸ.ਜੀ.ਪੀ.ਸੀ. ਨੂੰ ਦੇਣੇ ਚਾਹੀਦੇ ਹਨ ਅਤੇ ਗੁਰਬਾਣੀ ਮਰਿਆਦਾ ਵਾਸਤੇ ਸ਼ਰਤਾਂ ਵੀ ਉਸ ਵਲੋਂ ਹੀ ਤੈਅ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਲੇਕਿਨ ਅੱਜ ਇਹ ਜਿਹੜਾ ਬਿਲ ਲਿਆਂਦਾ ਗਿਆ ਹੈ, ਮੈਂ ਡੱਟ ਕੇ ਇਸ ਦਾ ਵਿਰੋਧ ਕਰਦਾ ਹਾਂ ਕਿਉਂਕਿ ਸਰਕਾਰ ਨੂੰ ਨਹੀਂ ਚਾਹੀਦਾ ਕਿ ਉਹ ਐਸ.ਜੀ.ਪੀ.ਸੀ. ਦੇ ਮਾਮਲਿਆਂ ਵਿੱਚ ਦਖਲ ਅੰਦਾਜ਼ੀ ਕਰੇ। ਇਸ ਨਾਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੇਗੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖਾਂ ਦੀ ਸਿਰਮੌਰ ਧਾਰਮਿਕ ਸੰਸਥਾ ਹੈ, ਜਿਸ ਨੂੰ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਵੀ ਕਿਹਾ ਜਾਂਦਾ ਹੈ। ਇਸ ਸੰਸਥਾ ਨੂੰ ਹੋਂਦ ਵਿੱਚ ਲਿਆਉਣ ਲਈ ਸ਼੍ਰੋਮਣੀ ਅਕਾਲੀ ਦਲ ਨੇ, ਸਾਡੇ ਵੱਡੇ-ਵਡੇਰਿਆਂ ਨੇ ਬੜੀਆਂ ਮਹਾਨ ਕੁਰਬਾਨੀਆਂ ਕੀਤੀਆਂ ਹਨ ਤਾਂ ਜਾ ਕੇ ਇਹ ਸੰਸਥਾ ਹੋਂਦ ਵਿੱਚ ਆਈ ਸੀ। ਜਿਸ ਤਰ੍ਹਾਂ ਸਾਡੇ ਹਾਊਸ ਦੇ ਮੈਂਬਰ ਚੁਣ ਕੇ ਆਏ ਹਨ, ਉਸੇ ਤਰ੍ਹਾਂ ਇਸ ਸੰਸਥਾ ਦੇ ਮੈਂਬਰ ਸਿੱਖਾਂ ਦੀਆਂ ਵੋਟਾਂ ਨਾਲ ਚੁਣੇ ਜਾਂਦੇ ਹਨ ਅਤੇ ਜੋ ਵੀ ਫੈਸਲੇ ਲਏ ਜਾਂਦੇ ਹਨ, ਉਹ ਚੁਣੇ ਹੋਏ ਮੈਂਬਰਾਂ ਵਲੋਂ ਲਏ ਜਾਂਦੇ ਹਨ। ਕੋਈ ਵੀ ਪਾਰਟੀ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿੱਚ ਭਾਗ ਲੈ ਸਕਦੀ ਹੈ ਅਤੇ ਮੈਂਬਰ ਬਣ ਕੇ ਕੋਈ ਵੀ ਫੈਸਲਾ ਲੈ ਸਕਦੀ ਹੈ। ਜਦੋਂ ਇਹ ਸੰਸਥਾ ਹੋਂਦ ਵਿੱਚ ਆਈ ਸੀ, ਉਸ ਤੋਂ ਬਾਅਦ ਸਿੱਖਾਂ ਦਾ ਕੇਂਦਰ ਸਰਕਾਰ ਨਾਲ ਸਮਝੌਤਾ ਹੋਇਆ ਸੀ, ਜਿਸ ਨੂੰ ਮਾਸਟਰ ਤਾਰਾ ਸਿੰਘ-ਨਹਿਰੂ ਸਮਝੌਤੇ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 1920 ਵਿੱਚ ਹੋਂਦ ਵਿੱਚ ਆਈ ਸੀ ਅਤੇ ਇਸ ਦਾ ਐਕਟ 1925 ਵਿੱਚ ਬਣਿਆ ਹੈ। ਇਹ ਫੈਸਲਾ ਹੋਇਆ ਸੀ ਕਿ ਇਸ ਐਕਟ ਵਿੱਚ ਕੋਈ ਵੀ ਅਮੈਂਡਮੈਂਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਹਿਮਤੀ ਤੋਂ ਬਿਨਾਂ ਨਹੀਂ ਕੀਤੀ ਜਾਵੇਗੀ। ਕੋਈ ਵੀ ਮਤਾ ਪਹਿਲਾਂ ਐਸ.ਜੀ.ਪੀ.ਸੀ. ਦੇ ਹਾਊਸ ਵਿੱਚ ਪਾਸ ਹੋਵੇਗਾ, ਫੇਰ ਉਸ ਐਕਟ ਵਿੱਚ ਅਮੈਂਡਮੈਂਟ ਕੀਤੀ ਜਾਵੇਗੀ। ਪਿਛਲੇ ਸਮੇਂ ਵਿੱਚ ਕਈ ਅਮੈਂਡਮੈਂਟਾਂ ਹੋਈਆਂ ਹਨ, ਜਿਵੇਂ 1953 ਜਾਂ 1959 ਵਿੱਚ ਜਿਹੜੀਆਂ ਅਮੈਂਡਮੈਂਟਾਂ ਹੋਈਆਂ ਹਨ, ਉਹ ਐਸ.ਜੀ.ਪੀ.ਸੀ. ਦੀ ਸਿਫਾਰਸ਼ ਨਾਲ ਉਸ ਸਮੇਂ ਦੀ ਸਟੇਟ ਗੌਰਮਿੰਟ ਵਲੋਂ ਕੀਤੀਆਂ

ਗਈਆਂ ਹਨ। ਸਾਲ 1978, 1995, 1996, 1999 ਅਤੇ 2015 ਵਿੱਚ ਜਿਹੜੀਆਂ ਅਮੈਂਡਮੈਂਟਾਂ ਹੋਈਆਂ ਹਨ, ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਿਫਾਰਸ਼ ਤੇ ਕੇਂਦਰ ਦੀ ਸਰਕਾਰ ਵਲੋਂ ਕੀਤੀਆਂ ਗਈਆਂ ਹਨ।

ਪਿਛਲੇ ਸਮੇਂ ਵਿੱਚ ਹਰਿਆਣਾ ਦੀ ਬੀ.ਜੇ.ਪੀ. ਸਰਕਾਰ ਨੇ ਸਿੱਧੀ ਦਖਲ ਅੰਦਾਜ਼ੀ ਕਰਕੇ, ਧੱਕੇਸ਼ਾਹੀ ਨਾਲ ਜਿਹੜਾ ਐਕਟ ਬਣਾਇਆ ਹੈ, ਉਸ ਨਾਲ ਵੀ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜੋ ਕਿ ਸਿੱਖਾਂ ਦੀ ਸੰਸਥਾ ਹੈ, ਉਸ ਨੂੰ ਕਮਜ਼ੋਰ ਕੀਤਾ ਗਿਆ ਹੈ। ਬੇਸ਼ੱਕ ਉਸ ਤੋਂ ਬਾਅਦ ਸੁਪਰੀਮ ਕੋਰਟ ਦਾ ਫੈਸਲਾ ਉਸ ਦੇ ਹੱਕ ਵਿੱਚ ਆਇਆ ਹੈ, ਜਿਸ ਨੂੰ ਆਧਾਰ ਮੰਨ ਕੇ ਅੱਜ ਪੰਜਾਬ ਸਰਕਾਰ ਵਲੋਂ ਇਹ ਬਿਲ ਲਿਆਂਦਾ ਗਿਆ ਹੈ। ਮੇਰੀ ਪੰਜਾਬ ਸਰਕਾਰ ਨੂੰ ਅਪੀਲ ਹੈ ਕਿ ਇਹ ਬਿਲ ਵਾਪਸ ਲਿਆ ਜਾਵੇ।

ਅੱਜ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਵਲੋਂ ਵੀ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਗਈ ਹੈ ਕਿ ਇਹ ਬੜਾ ਅਹਿਮ ਮਸਲਾ ਹੈ ਅਤੇ ਗੁਰਬਾਣੀ ਦੇ ਪ੍ਰਸਾਰਣ ਨਾਲ ਜੁੜਿਆ ਹੋਇਆ ਹੈ। ਪੰਜਾਬ ਸਰਕਾਰ ਦੇ ਨੁਮਾਇੰਦੇ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨੁਮਾਇੰਦੇ ਮਿਲ-ਬੈਠ ਕੇ ਇਸ ਮਸਲੇ ਦਾ ਕੋਈ ਹੱਲ ਕੱਢਣ। ਬੇਸ਼ੱਕ ਮੈਂ ਸਮਝਦਾ ਹਾਂ ਕਿ ਜਿਹੜਾ ਅੱਜ ਇਹ ਬਿਲ ਲਿਆਂਦਾ ਗਿਆ ਹੈ, ਸਰਕਾਰ ਦੀ ਇਸ ਤਰ੍ਹਾਂ ਦੀ ਕੋਈ ਨੀਅਤ ਨਹੀਂ ਹੈ, ਜੇਕਰ ਸਰਕਾਰ ਚਾਹੁੰਦੀ ਹੈ ਅਤੇ ਅਸੀਂ ਵੀ ਇਹੀ ਚਾਹੁੰਦੇ ਹਾਂ ਕਿ ਗੁਰਬਾਣੀ ਦਾ ਪ੍ਰਸਾਰਣ ਪਾਰਦਰਸ਼ੀ ਢੰਗ ਨਾਲ ਹੋਵੇ ਅਤੇ ਹਰ ਇੱਕ ਸਿੱਖ ਤੱਕ ਪਹੁੰਚੇ। ਸਪੀਕਰ ਸਾਹਿਬ, ਇਸ ਤਰੀਕੇ ਨਾਲ ਇੱਕ ਨਵੀਂ ਪਿਰਤ ਸ਼ੁਰੂ ਹੋ ਗਈ ਹੈ ਅਤੇ ਜਿਹੜੀਆਂ ਪਰੰਪਰਾਵਾਂ ਪਹਿਲਾਂ ਚੱਲ ਰਹੀਆਂ ਸਨ, ਉਨ੍ਹਾਂ ਨੂੰ ਤੋੜਣ ਵਾਲੀ ਇਹ ਪਿਰਤ ਹੈ।

ਜੇਕਰ ਇਹ ਬਿਲ ਪਾਸ ਹੁੰਦਾ ਹੈ ਤਾਂ ਆਉਣ ਵਾਲੇ ਸਮੇਂ ਵਿੱਚ ਸਰਕਾਰਾਂ ਇਸ ਦੀ ਆੜ ਵਿੱਚ ਗਲਤ ਫੈਸਲੇ ਲੈਣਗੀਆਂ। ਸਿੱਖਾਂ ਦੀ ਇਸ ਸੰਸਥਾ ਵਿੱਚ ਸਰਕਾਰਾਂ ਦੀ ਦਖਲ ਅੰਦਾਜ਼ੀ ਵਧੇਗੀ, ਜਿਸ ਨਾਲ ਸਿੱਖਾਂ ਦੇ ਮਨਾਂ ਤੇ ਠੇਸ ਪਹੁੰਚੇਗੀ। ਇਸ ਲਈ ਮੈਂ ਇਸ ਬਿਲ ਦਾ ਡੱਟ ਕੇ ਵਿਰੋਧ ਕਰਦਾ ਹਾਂ, ਇਸ ਮਸਲੇ ਦਾ ਸਾਨੂੰ ਮਿਲ-ਬੈਠ ਕੇ ਹੱਲ ਕਰਨਾ ਚਾਹੀਦਾ ਸੀ। ਸਰਕਾਰ ਨੂੰ ਕਿਸੇ ਤਰ੍ਹਾਂ ਦਾ ਵੀ ਸਿੱਖਾਂ ਨਾਲ ਟਕਰਾ ਨਹੀਂ ਕਰਨਾ ਚਾਹੀਦਾ, ਸਿੱਖਾਂ ਦੀ ਇਸ ਸੰਸਥਾ ਵਿੱਚ ਕਿਸੇ ਵੀ ਤਰ੍ਹਾਂ ਦੀ ਦਖਲ ਅੰਦਾਜ਼ੀ ਨਹੀਂ ਕਰਨੀ ਚਾਹੀਦੀ। ਸਾਡੀਆਂ ਸੰਸਥਾਵਾਂ, ਚਾਹੇ ਸ੍ਰੀ ਅਕਾਲ ਤਖਤ ਸਾਹਿਬ ਹੈ, ਚਾਹੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੈ, ਚਾਹੇ ਸ਼੍ਰੋਮਣੀ ਅਕਾਲੀ ਦਲ ਹੈ, ਇਹ ਤਿੰਨੋਂ ਸੰਸਥਾਵਾਂ ਸਿੱਖਾਂ ਦੀਆਂ ਸਿਰਮੌਰ ਸੰਸਥਾਵਾਂ ਹਨ।

ਇਨ੍ਹਾਂ ਸੰਸਥਾਵਾਂ ਦਾ ਮਜ਼ਬੂਤ ਹੋਣਾ, ਸਿੱਖ ਕੌਮ ਦੇ ਭਲੇ ਵਿੱਚ ਵੀ ਹੈ, ਪੰਜਾਬ ਦੇ ਭਲੇ ਵਿੱਚ ਵੀ ਹੈ। ਠੀਕ ਹੈ, ਕਿਸੇ ਦਾ ਵਿਅਕਤੀਗਤ ਨਿੱਜੀ ਤੌਰ ਤੇ ਵਿਰੋਧ ਹੋ ਸਕਦਾ ਹੈ, ਕਿਸੇ ਵਿਅਕਤੀ ਵਿੱਚ ਕੋਈ

ਕਮੀ ਹੋ ਸਕਦੀ ਹੈ ਲੇਕਿਨ ਸਿੱਖਾਂ ਦੀਆਂ ਜਿਹੜੀਆਂ ਇਹ ਤਿੰਨੇ ਹੀ ਸੰਸਥਾਵਾਂ ਹਨ, ਇਨ੍ਹਾਂ ਸੰਸਥਾਵਾਂ ਵਿੱਚ ਕੋਈ ਵੀ ਕਮੀ ਨਹੀਂ ਹੈ। ਸਾਨੂੰ ਇਨ੍ਹਾਂ ਸੰਸਥਾਵਾਂ ਨੂੰ ਕਮਜ਼ੋਰ ਨਹੀਂ ਕਰਨਾ ਚਾਹੀਦਾ। ਸਗੋਂ ਇਨ੍ਹਾਂ ਸੰਸਥਾਵਾਂ ਨੂੰ ਸਾਡੇ ਵੱਲੋਂ ਹੋਰ ਮਜ਼ਬੂਤ ਕਰਨਾ ਚਾਹੀਦਾ ਹੈ ਤਾਂ ਜੋ ਸਾਡੀ ਸਿੱਖ ਕੌਮ, ਪੂਰੀ ਦੁਨੀਆਂ ਵਿੱਚ, ਸੰਸਾਰ ਵਿੱਚ ਜਿੱਥੇ ਵੀ ਗੁਰੂ ਨਾਨਕ ਨਾਮ ਲੇਵਾ ਸਿੱਖ ਬੈਠੇ ਹਨ, ਉਨ੍ਹਾਂ ਦੇ ਮਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਵੀ ਠੇਸ ਨਾ ਪਹੁੰਚੇ। ਮੇਰੀ ਸਰਕਾਰ ਨੂੰ ਬੇਨਤੀ ਹੈ ਕਿ ਇਹ ਬਿਲ ਪਾਸ ਨਾ ਕੀਤਾ ਜਾਵੇ। ਇਸ ਨੂੰ ਵਾਪਸ ਲਿਆ ਜਾਵੇ ਅਤੇ ਮਿਲ ਬੈਠ ਕੇ, ਸਮੁੱਚੀ ਸਿੱਖ ਕੌਮ ਦੀਆਂ ਭਾਵਨਾਵਾਂ ਅਨੁਸਾਰ, ਸਿੱਖ ਬੁੱਧੀਜੀਵੀਆਂ ਨੂੰ, ਸਮੁੱਚੀ ਸਿੱਖ ਸੰਗਤ ਨੂੰ ਭਰੋਸੇ ਵਿੱਚ ਲੈ ਕੇ ਇਸ ਮਸਲੇ ਨੂੰ ਹੱਲ ਕੀਤਾ ਜਾਵੇ। ਮੈਂ ਇਸ ਗੱਲ ਦੀ ਮੰਗ ਕਰਦਾ ਹਾਂ ਅਤੇ ਡੱਟ ਕੇ ਇਸ ਬਿਲ ਦਾ ਵਿਰੋਧ ਕਰਦਾ ਹਾਂ। ਸੋ, ਧੰਨਵਾਦ ਜੀ ਕਿ ਤੁਸੀਂ ਮੈਨੂੰ ਇਸ ਬਿਲ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ।

**ਮਾਣਯੋਗ ਸਪੀਕਰ:** ਡਾਕਟਰ ਨਛੱਤਰ ਪਾਲ ਜੀ। ਡਾਕਟਰ ਨਛੱਤਰ ਪਾਲ ਸੈਸ਼ਨ ਵਿੱਚ ਪੂਰਾ ਸਮਾਂ ਬੈਠਦੇ ਹਨ। ਮੇਰਾ ਮਨ ਹੈ ਕਿ ਇਨ੍ਹਾਂ ਨੂੰ ਬੋਲਣ ਲਈ ਖੁੱਲ੍ਹਾ ਸਮਾਂ ਦਿੱਤਾ ਜਾਵੇ।

**ਡਾਕਟਰ ਨਛੱਤਰ ਪਾਲ (ਨਵਾਂ ਸ਼ਹਿਰ):** ਬਹੁਤ ਬਹੁਤ ਧੰਨਵਾਦ ਜੀ। ਸਪੀਕਰ ਸਾਹਿਬ, ਮੈਂ ਵੀ ਇੱਕ ਬੇਨਤੀ ਕਰਾਂਗਾ ਕਿ ਪਿਛਲੇ ਦਿਨੀਂ ਕਾਂਗਰਸ ਦੇ ਇੱਕ ਆਗੂ ਨੇ ਜੋ ਬਿਆਨ ਦਿੱਤਾ ਹੈ, ਉਹ ਸਾਡੇ ਸਾਰਿਆਂ ਦੇ ਲਈ ਬੜਾ ਮੰਦਭਾਗਾ ਸੀ। ਮੈਂ ਮਾਣਯੋਗ ਸਪੀਕਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਸ ਦੇ ਉੱਤੇ ਵੀ ਅੱਜ ਸਾਨੂੰ ਜ਼ਰੂਰ ਵਿਚਾਰ-ਚਰਚਾ ਕਰਵਾਉਣੀ ਚਾਹੀਦੀ ਹੈ। ਧੰਨਵਾਦ ਜੀ।

**ਮਾਣਯੋਗ ਸਪੀਕਰ:** ਜੀ। ਬਿਲ ਤੇ ਬੋਲੋ ਜੀ।

**ਡਾਕਟਰ ਨਛੱਤਰ ਪਾਲ:** ਸਪੀਕਰ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਾਲ 1925 ਨੂੰ ਭਾਰਤ ਦੇ ਸੰਵਿਧਾਨ ਰਾਹੀਂ ਹੋਂਦ ਵਿੱਚ ਆਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇੱਕ ਇਲੈਕਟਿਡ ਸੰਸਥਾ ਹੈ, ਜਿਨ੍ਹਾਂ ਨੂੰ ਆਪਾਂ ਸਾਰੇ ਹੀ ਜਿਹੜੇ ਗੁਰੂ ਸਾਹਿਬਾਨਾਂ ਨੂੰ ਮੰਨਣ ਵਾਲੇ ਲੋਕ ਹਾਂ, ਉਹ ਚੁਣ ਕੇ ਬਣਾਉਂਦੇ ਹਾਂ। ਜਿਹੜਾ ਐਕਟ ਅੱਜ ਆਪਾਂ ਪੰਜਾਬ ਦੀ ਵਿਧਾਨ ਸਭਾ ਦੇ ਅੰਦਰ ਲੈ ਕੇ ਆਏ ਹਾਂ, ਮੈਂ ਸਮਝਦਾ ਹਾਂ ਕਿ ਇਸ ਨੂੰ ਕਿਸੇ ਨਾ ਕਿਸੇ ਤਰ੍ਹਾਂ ਸਾਨੂੰ ਸੰਸਥਾ ਦੇ ਨਾਲ ਬੈਠ ਕੇ ਤਾਲਮੇਲ ਕਰਕੇ ਹੱਲ ਕਰਨਾ ਚਾਹੀਦਾ ਹੈ। ਹੋ ਸਕਦਾ ਹੈ ਕਿ ਸਰਕਾਰ ਦੀ ਮਨਸ਼ਾ ਚੰਗੀ ਹੋਵੇ, ਅਸੀਂ ਵੀ ਚਾਹੁੰਦੇ ਹਾਂ ਕਿ ਗੁਰੂ ਸਾਹਿਬਾਨ, ਜਿਨ੍ਹਾਂ ਨੇ ਇਸ ਦੇਸ਼ ਦੇ ਅੰਦਰ ਸਰਬ ਸਾਂਝੀਵਾਲਤਾ ਦਾ ਹੋਕਾ ਦਿੱਤਾ ਅਤੇ ਹਜ਼ਾਰਾਂ ਸਾਲਾਂ ਤੋਂ ਲਿਤਾੜੇ-ਪਛਾੜੇ ਲੋਕਾਂ ਵਾਸਤੇ ਲੜਾਈ ਲੜੀ, ਉਨ੍ਹਾਂ ਦੀ ਗੁਰਬਾਣੀ ਸਭ ਤੱਕ ਪਹੁੰਚਾਈ ਜਾਵੇ। ਗੁਰੂ ਸਾਹਿਬ ਨੇ ਕਿਹਾ ਹੈ:

*ਇਨ ਗਰੀਬ ਸਿਖਨ ਕੋ ਦੈ ਪਾਤਸ਼ਾਹੀ,*

*ਯਿਹ ਯਾਦ ਰਖੈਂ ਹਮਰੀ ਗੁਰਿਆਈ।।*

ਜਿਹੜੀ ਇਹ ਹਮਰੀ ਗੁਰਿਆਈ ਦੀ ਵਿਚਾਰਧਾਰਾ ਹੈ, ਫਿਲਾਸਫੀ ਹੈ, ਇਹ ਪੂਰੇ ਵਿਸ਼ਵ ਦੇ ਅੰਦਰ ਫੈਲਣੀ ਚਾਹੀਦੀ ਹੈ। ਇਹ ਸਰਕਾਰ ਦੀ ਮਨਸ਼ਾ ਵੀ ਹੋ ਸਕਦੀ ਹੈ ਪਰ ਇਸ ਵਾਸਤੇ ਸਾਨੂੰ ਉਸ ਸੰਸਥਾ ਦੇ ਨਾਲ, ਜੋ ਕਿ ਇੱਕ ਇਲੈਕਟਿਡ ਬਾੱਡੀ ਹੈ, ਉਨ੍ਹਾਂ ਨਾਲ ਤਾਲਮੇਲ ਕਰਕੇ ਇਸ ਤਰ੍ਹਾਂ ਦਾ ਫੈਸਲਾ ਲੈਣਾ ਚਾਹੀਦਾ ਹੈ। ਕਿਉਂਕਿ ਅਜਿਹਾ ਨਾ ਕਰਨ ਨਾਲ ਕਿਸੇ ਨਾ ਕਿਸੇ ਤਰ੍ਹਾਂ ਸਿੱਖ ਸੰਸਥਾਵਾਂ ’ਤੇ ਸਿੱਖਾਂ ਨੂੰ ਲੱਗੇਗਾ ਕਿ ਇਹ ਧਰਮ ਦੇ ਮਾਮਲੇ ਵਿੱਚ ਕਿਤੇ ਨਾ ਕਿਤੇ ਇੰਟਰਫੀਅਰੈਂਸ ਹੈ। ਸਮੇਂ ਸਮੇਂ ਦੀਆਂ ਕੇਂਦਰ ਔਰ ਰਾਜਾਂ ਦੀਆਂ ਸਰਕਾਰਾਂ ਨੇ, ਪਿਛਲੇ ਸਮੇਂ ਵਿੱਚ ਵੀ ਇਸ ਤਰ੍ਹਾਂ ਦੀ ਦਖ਼ਲ-ਅੰਦਾਜ਼ੀ ਕੀਤੀ ਹੈ। ਜਦੋਂ ਵੀ ਅਜਿਹਾ ਹੋਇਆ ਹੈ ਤਾਂ ਪੰਜਾਬ ਤੇ ਦੇਸ਼ ਦੇ ਹਾਲਾਤ ਚਿੰਤਾਜਨਕ ਬਣੇ ਹਨ। ਧਾਰਮਿਕ ਸੰਸਥਾ, ਉਨ੍ਹਾਂ ਦੇ ਆਗੂ ਅਤੇ ਸੰਗਤ ਸਰਕਾਰ ਨੂੰ ਅਪੀਲ ਕਰਦੇ ਹਨ ਕਿ ਇਸ ਮਾਮਲੇ ਦੇ ਅੰਦਰ ਸਾਨੂੰ ਰਲ਼ ਮਿਲ ਬੈਠ ਕੇ ਸਾਥ ਦੇਣਾ ਚਾਹੀਦਾ ਹੈ। ਸਾਨੂੰ ਵੀ ਲੋਕਾਂ ਦੇ ਨਾਲ ਗੱਲ ਕਰਕੇ, ਲੋਕਾਂ ਦੀ ਸਲਾਹ ਲੈ ਕੇ ਅਤੇ ਉਸ ਸੰਸਥਾ ਦੀ ਸਲਾਹ ਲੈ ਕੇ ਹੀ ਇਹ ਕਾਰਜ ਕਰਨਾ ਚਾਹੀਦਾ ਹੈ ਤਾਂ ਕਿ ਗੁਰੂ ਸਾਹਿਬ ਦੀ ਬਾਣੀ ਦਾ ਪ੍ਰਚਾਰ ਤੇ ਪ੍ਰਸਾਰ ਹੋ ਸਕੇ। ਇੱਕ ਚੈਨਲ ਜਿਹੜਾ ਲਾਈਵ ਪ੍ਰੋਗਰਾਮ ਦਿੰਦਾ ਹੈ, ਉਸ ਤੋਂ ਬਿਨਾਂ ਵੀ 10-12 ਐਪਸ ਹੋਰ ਹਨ, ਚਾਹੇ ਉਹ ਐਸ.ਜੀ.ਪੀ.ਸੀ. ਦੀ ਐਪ ਹੈ, ਚਾਹੇ ਕੋਈ ਹੋਰ ਐਪਸ ਹਨ, ਉਹ ਵੀ ਫਰੀ ਪ੍ਰਸਾਰਨ ਕਰਦੀਆਂ ਹਨ। ਅਸੀਂ ਵੀ ਚਾਹੁੰਦੇ ਹਾਂ ਕਿ ਗੁਰੂ ਸਾਹਿਬ ਦੀ ਬਾਣੀ ਦਾ ਪ੍ਰਸਾਰ ਪੂਰੇ ਵਿਸ਼ਵ ਦੇ ਅੰਦਰ ਫਰੀ ਹੋਵੇ, ਇਸ ਨੂੰ ਸਾਰੇ ਲੋਕ ਸੁਣਨ ਅਤੇ ਸਾਰੇ ਲੋਕ ਇਸ ਗੁਰਬਾਣੀ ਤੋਂ ਸੇਧ ਲੈਣ ਪਰ ਜੋ ਅੱਜ ਬਿਲ ਆਇਆ ਹੈ, ਮੇਰੀ ਤਾਂ ਆਪ ਜੀ ਨੂੰ ਇਹੀ ਬੇਨਤੀ ਹੈ ਕਿ ਆਪਾਂ ਇਸ ਮਸਲੇ ਨੂੰ ਬੈਠ ਕੇ, ਗੱਲਬਾਤ ਕਰਕੇ, ਸਾਰੀਆਂ ਸੰਸਥਾਵਾਂ ਨਾਲ ਗੱਲ ਕਰਕੇ ਹੱਲ ਕਰੀਏ। ਜਿਸ ਤਰ੍ਹਾਂ ਮਾਣਯੋਗ ਇਆਲੀ ਸਾਹਿਬ ਨੇ ਦੱਸਿਆ ਹੈ ਕਿ ਜਥੇਦਾਰ ਸਾਹਿਬ ਦਾ ਵੀ ਬਿਆਨ ਆਇਆ ਹੈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵੀ ਬਿਆਨ ਆਇਆ ਹੈ, ਇਹ ਬਹੁਤ ਵੱਡਾ ਇਸ਼ੂ ਨਹੀਂ ਹੈ। ਆਪਣਾ ਮੋਟਿਵ ਵੀ ਉਹੀ ਹੈ ਅਤੇ ਉਨ੍ਹਾਂ ਦਾ ਮੋਟਿਵ ਵੀ ਉਹੀ ਹੈ। ਸੋ, ਸਾਨੂੰ ਰਲ਼ ਮਿਲ ਕੇ ਬੈਠ ਕੇ ਇਸ ਮਾਮਲੇ ਦਾ ਹੱਲ ਕਰਨਾ ਚਾਹੀਦਾ ਹੈ। ਇਸ ਕਰਕੇ ਇਸ ਬਿਲ ਤੇ ਦੁਬਾਰਾ ਵਿਚਾਰ ਕਰਨੀ ਚਾਹੀਦੀ ਹੈ। ਮੈਂ ਇਸ ਕਰਕੇ ਇਸ ਬਿਲ ਦਾ ਵਿਰੋਧ ਕਰਦਾ ਹਾਂ। ਸਪੀਕਰ ਸਾਹਿਬ, ਆਪਾਂ ਸਾਰੇ ਲੋਕ ਪਹਿਲਾਂ ਹੀ ਗੁਰੂ ਸਾਹਿਬਾਨ ਦੇ ਅਨੁਜਾਈ ਹਾਂ, ਅਸੀਂ ਸਾਰੇ ਗੁਰਬਾਣੀ ਸੁਣਨਾ ਚਾਹੁੰਦੇ ਹਾਂ। ਮਾਣਯੋਗ ਐਮ.ਐਲ.ਏ. ਸ਼੍ਰੀ ਬੁੱਧ ਰਾਮ ਜੀ ਨੇ ਦੱਸਿਆ ਹੈ ਕਿ ਸੰਸਥਾ ਦੇ ਅੰਦਰ ਕਿਸ ਤਰ੍ਹਾਂ ਉਸ ਵੇਲੇ ਘਟਨਾ ਘਟੀ ਅਤੇ ਕਿਸ ਤਰ੍ਹਾਂ ਲੋਕਾਂ ਨੂੰ ਪ੍ਰਸ਼ਾਦ ਚੜ੍ਹਾਉਣ ਦੀ ਮਨਾਹੀ ਕੀਤੀ, ਕਿਸ ਤਰ੍ਹਾਂ ਉਨ੍ਹਾਂ ਨੂੰ ਰੋਕਿਆ ਗਿਆ। ਸਪੀਕਰ ਸਾਹਿਬ, ਮੈਂ ਪਿਛਲੀ ਦਿਨੀਂ ਤੁਹਾਡੇ ਨਾਲ ਮੁੰਬਈ ਜਾ ਕੇ ਆਇਆ ਹਾਂ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਲ 1936 ਵਿਚ ਬਾਬਾ

ਸਾਹਿਬ ਡਾ. ਅੰਬੇਦਕਰ ਜੀ ਜਦੋਂ ਅੰਮ੍ਰਿਤਸਰ ਆਏ ਸਨ ਤਾਂ ਉਨ੍ਹਾਂ ਦੀ ਮਨਸ਼ਾ ਸੀ ਕਿ ਉਹ ਸਿੱਖ ਧਰਮ ਗ੍ਰਹਿਣ ਕਰਨ। ਮੁੰਬਈ ਵਿਚ ਮੈਨੂੰ ਬੀਬੀ ਰਵਿੰਦਰ ਕੌਰ ਚੀਮਾ ਜੀ ਵੱਲੋਂ ਲਿਖੀ ਇਕ ਕਿਤਾਬ ਮਿਲੀ ਹੈ, ਜਿਸ ਵਿਚ ਉਨ੍ਹਾਂ ਨੇ ਲਿਖਿਆ ਹੈ ਕਿ ਬਾਬਾ ਸਾਹਿਬ ਡਾ. ਅੰਬੇਦਕਰ ਜੀ ਨੇ ਆਪਣੇ ਨਾਲ ਦੇ ਪੰਜ ਸਾਥੀਆਂ ਨੂੰ ਗੁਰੂ ਸਾਹਿਬ ਦੀ ਬਾਣੀ ਅਤੇ ਬਾਣੇ ਨਾਲ ਜੋੜਨ ਦਾ ਯਤਨ ਕੀਤਾ। ਸਪੀਕਰ ਸਾਹਿਬ, ਬਾਬਾ ਸਾਹਿਬ ਨੇ ਆਪ ਡਿਜ਼ਾਈਨ ਕਰਕੇ ਅਤੇ ਜਗ੍ਹਾ ਲੈ ਕੇ ਮੁੰਬਈ ਵਿਚ ਖਾਲਸਾ ਕਾਲਜ ਦੀ ਸਥਾਪਨਾ ਕੀਤੀ, ਜਿੱਥੇ ਅੱਜ ਵੀ 9500 ਵਿਦਿਆਰਥੀ ਪੜ੍ਹਦੇ ਹਨ। ਸੋ, ਤੁਹਾਡਾ ਸਾਰਿਆਂ ਦਾ ਮੋਟਿਵ ਬਿਲਕੁਲ ਠੀਕ ਹੈ। ਮੇਰੀ ਬੇਨਤੀ ਹੈ ਕਿ ਇਸ ਤੇ ਆਪਾਂ ਨੂੰ ਦੁਬਾਰਾ ਐਸ.ਜੀ.ਪੀ.ਸੀ. ਨਾਲ ਤਾਲਮੇਲ ਕਰਕੇ ਕੋਈ ਹੱਲ ਕਰਨਾ ਚਾਹੀਦਾ ਹੈ ਤਾਂ ਕਿ ਅਸੀਂ ਸਾਰੀ ਦੁਨੀਆ ਵਿਚ ਗੁਰਬਾਣੀ ਦਾ ਪ੍ਰਚਾਰ ਤੇ ਪ੍ਰਸਾਰ ਕਰ ਸਕੀਏ। ਸੋ, ਇਸ ਬਿਲ ਤੇ ਮੁੜ ਵਿਚਾਰ ਕਰਨਾ ਚਾਹੀਦਾ ਹੈ। ਬਹੁਤ ਬਹੁਤ ਧੰਨਵਾਦ। ਵਾਹਿਗੁਰੂ ਜੀ ਕਾ ਖਾਲਸਾ ।। ਵਾਹਿਗੁਰੂ ਜੀ ਕੀ ਫਤਿਹ ।।

**ਮਾਣਯੋਗ ਸਪੀਕਰ:** ਵਾਹਿਗੁਰੂ ਜੀ ਕਾ ਖਾਲਸਾ ।। ਵਾਹਿਗੁਰੂ ਜੀ ਕੀ ਫਤਿਹ ਜੀ।। ਡਾ. ਸੁੱਖੀ ਜੀ, ਕੁੱਝ ਕਹਿਣਾ ਚਾਹੁੰਦੇ ਹੋ?

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ (ਬੰਗਾ, ਐਸ.ਸੀ.) :** ਧੰਨਵਾਦ ਸਪੀਕਰ ਸਾਹਿਬ। ਮੇਰੇ ਤੋਂ ਪਹਿਲਾਂ ਇਆਲੀ ਸਾਹਿਬ ਅਤੇ ਡਾ. ਨਛੱਤਰ ਪਾਲ ਜੀ ਨੇ ਗੱਲ ਕੀਤੀ ਹੈ। ਹੋ ਸਕਦਾ ਹੈ ਕਿ ਸਰਕਾਰ ਦੀ ਮਨਸ਼ਾ ਇਹ ਹੋਵੇ ਕਿ ਗੁਰਬਾਣੀ ਸਭ ਤੱਕ ਪਹੁੰਚੇ ਪਰ ਮੇਰਾ ਮੰਨਣਾ ਹੈ ਕਿ ਜੇਕਰ ਐਸ.ਜੀ.ਪੀ.ਸੀ. ਦੇ ਪ੍ਰਧਾਨ ਸਾਹਿਬ ਨੇ ਇਹ ਅਨਾਊਂਸ ਕਰ ਦਿੱਤਾ ਹੈ ਕਿ ਅਸੀਂ ਸਭ ਨੂੰ ਖੁੱਲੀ ਆਫ਼ਰ ਦਿਆਂਗੇ, ਜਿਹੜਾ ਵੀ ਚੈਨਲ ਬਿਨਾ ਪੈਸੇ ਲਏ ਗੁਰੂਆਂ ਦੀ ਬਾਣੀ ਘਰ-ਘਰ ਪਹੁੰਚਾਉਣ ਲਈ ਰਾਜ਼ੀ ਹੈ, ਉਸ ਨੂੰ ਅਸੀਂ ਅਲਾਓ ਕਰਾਂਗੇ। ਜਦੋਂ ਉਨ੍ਹਾਂ ਨੇ ਇਹ ਐਲਾਨ ਕਰ ਦਿੱਤਾ ਹੈ ਤਾਂ ਸਰਕਾਰ ਨੂੰ ਇਹ ਬਿਲ ਲਿਆਉਣ ਦੀ ਲੋੜ ਨਹੀਂ ਹੈ ਸਗੋਂ ਸਰਕਾਰ ਨੂੰ ਸਹਿਯੋਗ ਕਰਨ ਦੀ ਜ਼ਰੂਰਤ ਹੈ। ਅੱਜ ਵੀ ਦੁਨੀਆ ਦੇ ਵਿਚ ਜਿੱਥੇ ਜਿੱਥੇ ਵੀ ਗੁਰਬਾਣੀ ਪੀ.ਟੀ.ਸੀ. ਦੇ ਰਾਹੀਂ ਜਾ ਰਹੀ ਹੈ, ਉਹ ਬਿਲਕੁਲ ਮੁਫ਼ਤ ਹੈ, ਕਿਸੇ ਨੂੰ ਕੋਈ ਪੈਸਾ ਨਹੀਂ ਦੇਣਾ ਪੈਂਦਾ। ਮੇਰਾ ਮੰਨਣਾ ਹੈ ਕਿ ਜੇਕਰ ਪੀ.ਟੀ.ਸੀ. ਕਰ ਰਿਹਾ ਹੈ ਤਾਂ ਦੂਸਰੇ ਚੈਨਲਾਂ ਨੂੰ ਵੀ ਇਹ ਅਖਤਿਆਰ ਹੋਣੇ ਚਾਹੀਦੇ ਹਨ। ਸੋ, ਮੇਰੀ ਤਾਂ ਇਹੀ ਬੇਨਤੀ ਹੈ ਕਿ ਇਹ ਬਿਲ ਵਾਪਸ ਹੋਣਾ ਚਾਹੀਦਾ ਹੈ। ਸਭ ਤੋਂ ਵੱਡੀ ਗੱਲ ਹੈ ਕਿ ਜਦੋਂ ਐਸ.ਜੀ.ਪੀ.ਸੀ. ਇਸ ਮਾਮਲੇ ਨੂੰ ਠੀਕ ਕਰਨ ਤੇ ਵਿਚਾਰ ਕਰ ਰਹੀ ਹੈ ਤਾਂ ਸਰਕਾਰ ਨੂੰ ਇਸ ਮਾਮਲੇ ਵਿਚ ਖਾਹ-ਮਖਾਹ ਦਖਲਅੰਦਾਜ਼ੀ ਨਹੀਂ ਕਰਨੀ ਚਾਹੀਦੀ। ਧੰਨਵਾਦ ਜੀ।

ਮਾਣਯੋਗ ਸਪੀਕਰ: ਧੰਨਵਾਦ ਜੀ। ਸਰਦਾਰ ਅਜੀਤਪਾਲ ਸਿੰਘ ਕੋਹਲੀ ਜੀ।

**ਸਰਦਾਰ ਅਜੀਤਪਾਲ ਸਿੰਘ ਕੋਹਲੀ (ਪਟਿਆਲਾ ਸ਼ਹਿਰੀ)**: ਧੰਨਵਾਦ ਸਪੀਕਰ ਸਾਹਿਬ ਕਿ ਤੁਸੀਂ ਮੈਨੂੰ ਇਸ ਬਿਲ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ ਬਾਣੀ ਦਾ ਦ੍ਰਿਸ਼ਟਾਂਤ ਹੈ :

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ।।*

*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ।।*

ਜਦੋਂ ਗੁਰੂ ਸਾਹਿਬ ਨੇ ਸਰਬ ਸਾਂਝੀਵਾਲਤਾ ਦਾ ਸੰਦੇਸ਼ ਦੇ ਕੇ ਸਮੁੱਚੀ ਲੋਕਾਈ ਨੂੰ ਸੱਚ ਤੇ ਸੁੱਚ ਤੇ ਪਹਿਰਾ ਦੇਣ ਦਾ ਦ੍ਰਿਸ਼ਟਾਂਤ ਦਿੱਤਾ ਤਾਂ ਫਿਰ ਗੁਰੂ ਸਾਹਿਬਾਨਾਂ ਦੀ ਬਾਣੀ ਦੇ ਪ੍ਰਸਾਰ ਨੂੰ ਅਸੀਂ ਕਿਸ ਤਰ੍ਹਾਂ ਟੈਂਡਰਜ਼ ਤੇ ਟਰਮਜ਼ ਵਿਚ ਬੰਨ ਸਕਦੇ ਹਾਂ। It is a matter of irony ਕਿ ਇਕ ਪਰਿਵਾਰ ਨੇ, ਜਿਸ ਨੇ ਹਮੇਸ਼ਾਂ ਪੰਥ ਦੀ ਦੁਹਾਈ ਦੇ ਕੇ ਪੰਥ ਨੂੰ ਸਭ ਤੋਂ ਵੱਡਾ ਖੋਰਾ ਲਗਾਇਆ, ਉਸ ਪਰਿਵਾਰ ਨੇ ਆਪਣੇ ਰਾਜ ਦੌਰਾਨ ਜਿਸ ਤਰ੍ਹਾਂ ਕੇਬਲ, ਟਰਾਂਸਪੋਰਟ ਤੇ ਸੈਂਡ ਨੂੰ ਮਨੋਪਲਾਈਜ਼ ਕੀਤਾ ਅਤੇ ਗੁਰਬਾਣੀ ਦੇ ਪ੍ਰਸਾਰ ਨੂੰ ਵੀ ਮਨੋਪਲਾਈਜ਼ ਕੀਤਾ। ਸਪੀਕਰ ਸਾਹਿਬ, ਗੁਰਬਾਣੀ ਦਾ ਪ੍ਰਸਾਰ free of cost and free to all ਹੋਣਾ ਚਾਹੀਦਾ ਹੈ ਅਤੇ ਇਹ ਤਾਂ ਇਕ ਚੜ੍ਹਦੀਕਲਾ ਦਾ ਪ੍ਰਤੀਕ ਹੈ। ਬਾਣੀ ਦੀ reach ਹੋਰ wide ਹੋਵੇ ਅਤੇ ਦੁਨੀਆ ਦੇ ਕੋਨੇ ਕੋਨੇ ਤੱਕ ਪਹੁੰਚੇ ਅਤੇ ਸਾਰਿਆਂ ਨੂੰ ਖੁੱਲਾ ਅਕਸੈਸ ਮਿਲ ਜਾਵੇ ਤਾਂ ਇਸ ਵਿਚ ਕੀ ਗਲਤ ਹੋ ਸਕਦਾ ਹੈ। ਇਆਲੀ ਸਾਹਿਬ ਮੇਰੇ ਬੜੇ ਸਤਿਕਾਰਤ ਮਿੱਤਰ ਹਨ। ਇਨ੍ਹਾਂ ਨੇ ਕਿਹਾ ਹੈ ਕਿ ਐਸ.ਜੀ.ਪੀ.ਸੀ. ਲੋਕਾਂ ਦੀ ਚੁਣੀ ਹੋਈ ਜਮਾਤ ਹੈ ਪਰ ਮੈਂ ਕਹਿੰਦਾ ਹਾਂ ਕਿ ਇਸ ਦੇ ਮੈਂਬਰ ਕਦੋਂ ਚੁਣੇ ਗਏ ਸੀ? ਤੁਸੀਂ ਅੱਜ ਚੋਣਾਂ ਕਰਵਾ ਕੇ ਦੇਖ ਲਓ, ਪਤਾ ਲੱਗ ਜਾਵੇਗਾ। ਸਪੀਕਰ ਸਾਹਿਬ, ਮੈਂ ਸਾਡੇ ਮੁੱਖ ਮੰਤਰੀ ਮਾਨ ਸਾਹਿਬ ਦਾ ਧੰਨਵਾਦ ਵੀ ਕਰਦਾ ਹਾਂ ਅਤੇ ਮੁਬਾਰਕਬਾਦ ਵੀ ਦਿੰਦਾ ਹਾਂ, ਜਿਨ੍ਹਾਂ ਨੇ ਇਹ initiative ਲਿਆ।ਅਸੀਂ ਇਸ ਬਿਲ ਦੇ ਰਾਹੀ ਕੁਝ ਖੋਹ ਨਹੀਂ ਰਹੇ ਬਲਕਿ ਅਸੀਂ ਕੁਝ ਦੇ ਰਹੇ ਹਾਂ। ਸਿੱਖ ਸੰਗਤਾਂ ਇਸ ਗੱਲ ਦੇ ਵਿੱਚ ਖੁਸ਼ੀ ਵੀ ਮਨਾ ਰਹੀਆਂ ਹਨ।

ਇਆਲੀ ਸਾਹਿਬ, ਐਸ.ਜੀ.ਪੀ.ਸੀ. ਦੇ ਕੁਝ ਮੈਂਬਰਾਂ ਦੇ ਤਾਂ ਫੋਨ ਵੀ ਆ ਗਏ ਹਨ ਕਿ ਇਹ ਕੰਮ ਤੁਸੀਂ ਬਹੁਤ ਵਧੀਆ ਕੀਤਾ ਹੈ। ਉਪਰੋਂ ਉਪਰੋਂ ਚਾਹੇ ਕਿਸੇ ਹੋਰ ਦੇ ਆਖੇ ਦੇ ਵਿੱਚ ਪਾਬੰਦ ਹੋਣ ਪਰ ਖੁਸ਼ ਸਾਰੇ ਹੀ ਹਨ ਕਿ ਬਾਣੀ ਦਾ ਪ੍ਰਸਾਰ ਇੱਕ ਵਿਅਕਤੀ ਵਿਸ਼ੇਸ਼ ਦੇ ਕਹਿਣ ਮੁਤਾਬਿਕ ਨਹੀਂ ਹੋਣਾ ਚਾਹੀਦਾ ਬਲਕਿ different times round the clock ਲੋਕਾਂ ਤੱਕ ਪਹੁੰਚੇ, ਗੁਰੂ ਨਾਨਕ ਨਾਮ ਲੇਵਾ ਜਿਹੜੇ ਲੋਕ ਹਨ, ਉਹ ਸਾਰੇ ਕੀਰਤਨ ਦਾ ਆਨੰਦ ਮਾਣ ਸਕਣ। ਇਹ ਇੱਕ ਪਾਜ਼ੀਟਿਵ ਅਤੇ ਚੜ੍ਹਦੀ ਕਲਾ ਵਾਲਾ ਇਨੀਸ਼ੀਏਟਿਵ ਹੈ। ਮੈਂ ਇਸ ਦੀ ਪ੍ਰੋੜ੍ਹਤਾ ਕਰਦੇ ਹੋਏ ਇਸ ਬਿਲ ਦੇ ਹੱਕ ਦੇ ਵਿੱਚ ਆਪਣਾ ਸਮਰਥਨ ਦਿੰਦਾ ਹਾਂ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

**ਪ੍ਰਬੰਧਕੀ ਸੁਧਾਰ ਮੰਤਰੀ (ਸਰਦਾਰ ਕੁਲਦੀਪ ਸਿੰਘ ਧਾਲੀਵਾਲ)** : ਸਪੀਕਰ ਸਾਹਿਬ, ਤੁਸੀਂ ਮੈਨੂੰ ਇਸ ਬਹੁਤ ਹੀ ਮਹੱਤਵਪੂਰਨ ਬਿਲ ਉੱਤੇ ਬੋਲਣ ਦਾ ਮੌਕਾ ਦਿੱਤਾ ਹੈ, ਤੁਹਾਡਾ ਬਹੁਤ ਬਹੁਤ ਧੰਨਵਾਦ। ਸਪੀਕਰ ਸਾਹਿਬ, ਅਸੀਂ ਸਾਰੇ ਗੁਰੂ ਨਾਨਕ ਪਾਤਸ਼ਾਹ ਦੇ ਸਿੱਖ ਹਾਂ। ਗੁਰੂ ਜੀ ਦਾ ਉਪਦੇਸ਼ ਹੈ ਕਿ ਜਿਥੇ ਕਿਤੇ ਵੀ ਕੋਈ ਵਲੀ ਕੰਧਾਰੀ ਕੁਦਰਤੀ ਸੋਮਿਆਂ ਜਾਂ ਸਰਬ ਸਾਂਝੀ ਵਿਰਾਸਤ ਤੇ ਕਬਜ਼ਾ ਕਰਕੇ ਮੁਨਾਫਾ ਕਮਾਉਂਦਾ ਹੋਵੇ, ਉਸ ਦਾ ਏਕਾਧਿਕਾਰ ਖਤਮ ਕੀਤਾ ਜਾਵੇ। ਸਾਡਾ ਵਿਸ਼ਵਾਸ ਹੈ ਕਿ ਹੁਣ ਤੱਕ ਗੁਰਬਾਣੀ ਦੇ ਪ੍ਰਸਾਰਣ ਹੱਕਾਂ ਤੇ ਕਾਬਜ਼ ਲੋਕਾਂ ਨੂੰ ਆਪਣੇ ਆਪ ਅੱਗੇ ਆਉਣਾ ਬਣਦਾ ਸੀ ਪਰ ਅਜਿਹਾ ਨਹੀਂ ਹੋਇਆ ਹੈ। ਗੁਰੂ ਨਾਨਕ ਜੀ ਦੇ ਉਪਦੇਸ਼ ਮੁਤਾਬਿਕ ਸਾਂਝੇ ਵਿਰਸੇ ਦੀ ਅਨਮੋਲ ਵਿਰਾਸਤ, ਸਰਬ ਸਾਂਝੀ ਗੁਰਬਾਣੀ ਨੂੰ ਵਪਾਰਕ ਹਿੱਤ ਨਾਲ ਵਰਤਣ ਦੀ ਥਾਂ ਇਸ ਨੂੰ ਫਰੀ ਟੂ ਏਅਰ ਕੀਤਾ ਜਾਵੇ। ਇੱਥੇ ਧਾਰਮਿਕ ਜ਼ਾਬਤਾ ਲਾਗੂ ਕਰਨ ਦੀ ਸੇਵਾ ਦੀ ਜ਼ਿੰਮੇਵਾਰੀ ਐਸ.ਜੀ.ਪੀ.ਸੀ ਨੂੰ ਦਿੱਤੀ ਜਾਵੇ। ਸਪੀਕਰ ਸਾਹਿਬ, ਇਹ ਜਿਹੜਾ ਬਿਲ ਹੈ, ਇਸ ਦੇ ਬਾਰੇ ਸਾਡੇ ਸਾਥੀ ਬੋਲ ਕੇ ਹਟੇ ਹਨ ਅਤੇ ਪਿਛਲੇ ਦੋ-ਤਿੰਨ ਦਿਨ ਪਹਿਲਾਂ ਮਾਣਯੋਗ ਮੁੱਖ ਮੰਤਰੀ ਜੀ ਨੇ ਇਸ ਸਬੰਧੀ ਟਵੀਟ ਵੀ ਕੀਤਾ ਹੈ। ਮੈਨੂੰ ਤਾਂ ਇਹ ਸਮਝ ਨਹੀਂ ਆਉਂਦੀ ਕਿ ਇਹ ਕਿਉਂ ਕਿਹਾ ਜਾਂਦਾ ਹੈ ਕਿ ਸਿੱਖਾਂ ਦੇ ਮਾਮਲੇ ਵਿੱਚ ਦਖਲਅੰਦਾਜ਼ੀ ਕੀਤੀ ਜਾਂਦੀ ਹੈ। ਸੋ, ਕਿਹੜੀ ਦਖਲਅੰਦਾਜ਼ੀ ਹੈ, ਸਾਨੂੰ ਦੱਸਿਆ ਜਾਵੇ। ਇਹ ਤਾਂ ਗੁਰੂ ਦੀ ਬਾਣੀ ਹੈ। ਪਹਿਲੀ ਗੱਲ ਆਪਾਂ ਜਿਹੜੇ ਸਾਰੇ ਬੈਠੇ ਹਾਂ, ਕੀ ਆਪਾਂ ਸਿੱਖਾਂ ਦੇ ਬੱਚੇ ਨਹੀਂ ਹਾਂ। ਕੀ ਸਿੱਖ ਉਹੀ ਹਨ ਜਿਹੜੇ ਅਕਾਲੀ ਦਲ ਬਾਦਲ ਦੇ ਨਾਲ ਹਨ ਅਤੇ ਸ਼੍ਰੋਮਣੀ ਕਮੇਟੀ ਦੇ ਉੱਤੇ ਕਾਬਜ਼ ਹਨ। ਉਨ੍ਹਾਂ ਨੇ ਸਿੱਖਾਂ ਦੀ ਪਰਿਭਾਸ਼ਾ ਹੀ ਵੱਖਰੀ ਕਰ ਦਿੱਤੀ। ਸਾਡੇ ਘਰਾਂ ਦੇ ਵਿੱਚ ਵੀ ਬਾਣੀ ਚੱਲਦੀ ਹੈ, ਅਖੰਡ ਪਾਠ ਸਾਹਿਬ ਹੁੰਦੇ ਹਨ, ਅਸੀਂ ਰੋਜ਼ ਸਵੇਰੇ ਕੀਰਤਨ ਸੁਣਦੇ ਹਾਂ। ਮੈਂ ਸਮਝਦਾ ਹਾਂ, ਇਹ ਗੱਲ ਜਾਣ ਬੁੱਝ ਕੇ ਕੀਤੀ ਜਾ ਰਹੀ ਹੈ। ਸਰਦਾਰ ਭਗਵੰਤ ਸਿੰਘ ਮਾਨ ਜੀ ਵੱਲੋਂ ਇਹ ਜਿਹੜਾ ਬਿਲ ਲਿਆਂਦਾ ਗਿਆ ਹੈ, ਇਹ ਨਾਂ ਤਾਂ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿੱਚ ਕੋਈ ਦਖਲਅੰਦਾਜ਼ੀ ਹੈ, ਨਾ ਕੋਈ ਸਿੱਖ ਵਿਰੋਧੀ ਹੈ, ਇਹ ਤਾਂ 11 ਸਾਲਾਂ ਦੇ ਵਿੱਚ ਪਹਿਲਾ ਬਿਲ ਆਇਆ ਹੈ। ਇਆਲੀ ਸਾਹਿਬ ਇੱਥੇ ਬੈਠੇ ਹਨ। ਪਿਛਲੇ 11 ਸਾਲਾਂ ਤੋਂ ਪੀ.ਟੀ.ਸੀ ਵਾਲਿਆਂ ਨੇ ਇਸ ਤੋਂ ਬਹੁਤ ਮੁਨਾਫਾ ਕਮਾਇਆ ਹੈ। ਮੈਂ ਜਾਣਨਾ ਚਾਹੁੰਦਾ ਹਾਂ ਕਿ ਉਹ ਕੌਣ ਲੋਕ ਹਨ ਜਿਨ੍ਹਾਂ ਦਾ ਇਹ ਪੀ.ਟੀ.ਸੀ ਚੈਨਲ ਹੈ? ਇਹ ਕਿਉਂ ਕਿਸੇ ਇੱਕ ਨੂੰ ਦਿੱਤਾ ਗਿਆ ਹੈ? ਹੁਣ ਦੁੱਖ ਹੋਇਆ ਹੈ ਜਦੋਂ ਮਾਨ ਸਾਹਿਬ ਨੇ ਟਵੀਟ ਕੀਤਾ ਹੈ ਅਤੇ ਉਸੇ ਵੇਲੇ ਐਸ.ਜੀ.ਪੀ.ਸੀ ਦੇ ਪ੍ਰਧਾਨ ਜੀ ਅੱਗੇ ਆ ਗਏ ਕਿ ਅਸੀਂ ਇਸ ਦਾ ਟੈਂਡਰ ਕਰ ਰਹੇ ਹਾਂ। ਇਆਲੀ ਸਾਹਿਬ ਕਿਸ ਗੱਲ ਦਾ ਟੈਂਡਰ ਕਰ ਰਹੇ ਹੋ? ਅਸੀਂ ਸਿੱਖ ਹਾਂ। ਕੀ ਗੁਰਬਾਣੀ ਦਾ ਟੈਂਡਰ ਕਰ ਰਹੇ ਹੋ। ਇਸ ਤੋਂ ਹੋਰ ਮਾੜੀ ਕੀ ਗੱਲ ਹੋ ਸਕਦੀ ਹੈ ਕਿ ਅਸੀਂ ਆਪਣੇ ਗੁਰੂ ਦੀ ਬਾਣੀ ਦਾ ਟੈਂਡਰ ਕਰ ਰਹੇ ਹਾਂ। ਅਸੀ ਗੁਰਬਾਣੀ ਦਾ ਟੈਂਡਰ ਕਿਉਂ ਕਰੀਏ? ਇਸ ਨੂੰ ਫਰੀ ਕੀਤਾ

ਜਾਵੇ। ਅਸੀਂ ਸਭ ਲਈ ਫਰੀ ਕਰ ਰਹੇ ਹਾਂ। ਇਸ ਕਰਕੇ, ਸਪੀਕਰ ਸਾਹਿਬ, ਇਹ ਜਿਹੜਾ ਬਿਲ ਹੈ, ਇਹ ਕੋਈ ਸਿੱਖ ਵਿਰੋਧੀ ਨਹੀਂ ਹੈ।

**ਮਾਣਯੋਗ ਸਪੀਕਰ:** ਇੱਕ ਮਿੰਟ ਮੰਤਰੀ ਜੀ। ਹਾਂ ਜੀ, ਇਆਲੀ ਜੀ।

**ਸਰਦਾਰ ਮਨਪ੍ਰੀਤ ਸਿੰਘ ਇਆਲੀ :** ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਇਹ ਗੱਲ ਕਹੀ ਹੈ ਅਤੇ ਹੁਣ ਵੀ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਜੇ ਸਰਕਾਰ ਚਾਹੁੰਦੀ ਹੈ ਤਾਂ ਇਸ ਦਾ ਬੈਠ ਕੇ ਹੱਲ ਕੱਢਿਆ ਜਾਵੇ। ਕੋਸ਼ਿਸ਼ ਕੀਤੀ ਜਾਵੇ ਕਿ ਜਿਹੜੇ ਧਾਰਮਿਕ ਮਸਲੇ ਹਨ, ਗੁਰਬਾਣੀ ਨਾਲ ਜੁੜੇ ਹੋਏ ਮਸਲੇ ਹਨ, ਸਿੱਖਾਂ ਦੀਆਂ ਭਾਵਨਾਵਾਂ ਨਾਲ ਜੁੜੇ ਹੋਏ ਮਸਲੇ ਹਨ, ਉਨ੍ਹਾਂ ਦਾ ਮਿਲ ਬੈਠ ਕੇ ਹੱਲ ਹੋਵੇ। ਕੀ ਉਸ ਦਾ ਬੈਠ ਕੇ ਹੱਲ ਨਹੀ ਹੋ ਸਕਦਾ? ਕੀ ਕੋਸ਼ਿਸ਼ ਹੀ ਨਹੀਂ ਹੋ ਸਕਦੀ? ਐਸ.ਜੀ.ਪੀ.ਸੀ. ਵੀ ਇਹੋ ਚਾਹੁੰਦੀ ਹੈ, ਸਰਕਾਰ ਵੀ ਇਹੋ ਚਾਹੁੰਦੀ ਹੈ ਅਤੇ ਸਿੱਖ ਵੀ ਇਹੋ ਚਾਹੁੰਦਾ ਹੈ ਤਾਂ ਫਿਰ ਇਸ ਤਰ੍ਹਾਂ ਦਾ ਇੰਟਰਫੀਅਰੈਂਸ ਕਿਉਂ ਕੀਤਾ ਜਾ ਰਿਹਾ ਹੈ? ਆਪਾਂ ਬੈਠ ਕੇ ਹੱਲ ਕਰ ਸਕਦੇ ਹਾਂ। ਜੇਕਰ ਬੈਠ ਕੇ ਵੀ ਹੱਲ ਨਹੀਂ ਹੋ ਸਕਦਾ ਤਾਂ ਤੁਹਾਡੇ ਕੋਲ ਬਹੁਮਤ ਹੈ, ਤੁਸੀਂ ਜਦੋਂ ਮਰਜ਼ੀ ਕੁਝ ਵੀ ਪਾਸ ਕਰ ਲਉ। ਜੇ ਆਪਾਂ ਪੰਜਾਬ ਦੇ ਮਾਹੌਲ ਨੂੰ ਸ਼ਾਂਤਮਈ ਰੱਖਣਾ ਹੈ ਤਾਂ ਇਸ ਤਰ੍ਹਾਂ ਦੇ ਸੈਂਸੇਟਿਵ ਇਸ਼ੂਜ਼ ਨੂੰ ਮਿਲ-ਬੈਠ ਕੇ, ਵਿਚਾਰ ਕਰਕੇ ਹੱਲ ਕਰਨਾ ਚਾਹੀਦਾ ਹੈ। ਅਸੀਂ ਕਦੋਂ ਕਿਹਾ ਹੈ ਕਿ ਗੁਰਬਾਣੀ ਤੇ ਕਿਸੇ ਦਾ ਕਬਜ਼ਾ ਹੋਣਾ ਚਾਹੀਦਾ ਹੈ। ਮੈਂ ਹੁਣੇ ਇਹੋ ਗੱਲ ਕਹੀ ਹੈ ਕਿ ਗੁਰਬਾਣੀ ਲੋਕਾਂ ਤੱਕ ਫਰੀ ਪਹੁੰਚਣੀ ਚਾਹੀਦੀ ਹੈ। ਅਸੀਂ ਤਾਂ ਟੈਂਡਰ ਦੇ ਹੱਕ ਵਿੱਚ ਵੀ ਨਹੀਂ ਹਾਂ। ਮੈਂ ਤਾਂ ਚਾਹੁੰਦਾ ਹਾਂ ਕਿ ਐਸ.ਜੀ.ਪੀ.ਸੀ. ਆਪਣਾ ਚੈਨਲ ਬਣਾ ਲਵੇ ਅਤੇ ਸਾਰਿਆਂ ਨੂੰ ਅਧਿਕਾਰ ਦੇ ਦੇਵੇ ਪਰ ਇਹ ਮਸਲਾ ਉਨ੍ਹਾਂ ਦਾ ਆਪਣਾ ਹੈ ਕਿਉਂਕਿ ਉਹ ਚੁਣੀ ਹੋਈ ਜਮਾਤ ਹੈ। ਠੀਕ ਹੈ ਕਿ ਇਲੈਕਸ਼ਨ ਹੋ ਜਾਣ, ਅੱਗੇ ਜੋ ਵੀ ਰਿਜ਼ਲਟ ਆਵੇ, ਲੋਕਾਂ ਨੇ ਫ਼ੈਸਲਾ ਦੇਣਾ ਹੈ। ਇਸ ਲਈ ਮੇਰੀ ਇਹੋ ਬੇਨਤੀ ਹੈ ਕਿ ਆਪਾਂ ਇਸ ਨੂੰ ਬੈਠ ਕੇ ਹੱਲ ਕਰਨ ਦੀ ਕੋਸ਼ਿਸ਼ ਕਰੀਏ।

**ਪ੍ਰਬੰਧਕੀ ਸੁਧਾਰ ਮੰਤਰੀ :** ਸਰ, ਮੈਂ ਇਹੋ ਗੱਲ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਇੱਥੇ ਵੀ ਬੈਠ ਕੇ ਹੀ ਮਸਲਾ ਹੱਲ ਹੋ ਰਿਹਾ ਹੈ। ਇਹ ਸਭ ਪੰਜਾਬ ਦੇ ਲੋਕਾਂ ਨੇ ਚੁਣ ਕੇ ਭੇਜੇ ਹਨ। (ਥੰਪਿੰਗ) ਇਹ ਪੰਜਾਬ ਦੇ ਸਿੱਖਾਂ ਦੇ ਨੁਮਾਇੰਦੇ ਹਨ। ਇਹ ਹੋਰ ਕੌਣ ਹਨ? ਇਹ ਕੋਈ ਬਾਹਰ ਦੇ ਲੋਕ ਥੋੜ੍ਹਾ ਹਨ। ਇਨ੍ਹਾਂ ਨੂੰ ਵੀ ਸਿੱਖਾਂ ਨੇ ਹੀ ਵੋਟਾਂ ਪਾਈਆਂ ਹਨ। ਅਸੀਂ ਵਿਧਾਨ ਸਭਾ ਵਿੱਚ ਬੈਠ ਕੇ ਇਹੋ ਗੱਲ ਕਰ ਰਹੇ ਹਾਂ। ਕੀ ਅਸੀਂ ਉਨ੍ਹਾਂ ਨਾਲ ਬੈਠੀਏ, ਜਿਹੜੇ ਟੈਂਡਰ ਕਰਨਾ ਚਾਹੁੰਦੇ ਹਨ? ਜਿਹੜੇ ਟੈਂਡਰ ਕਰਨਾ ਚਾਹੁੰਦੇ ਹਨ, ਕੀ ਉਨ੍ਹਾਂ ਨਾਲ ਬੈਠੀਏ? ਕੀ ਗੁਰਬਾਣੀ ਦਾ ਟੈਂਡਰ ਕਰਨਾ ਸਹੀ ਹੈ? ਦੱਸੋ?

**ਸਰਦਾਰ ਮਨਪ੍ਰੀਤ ਸਿੰਘ ਇਆਲੀ :** ਮੈਂ ਵੀ ਇਸ ਦੇ ਹੱਕ ਵਿੱਚ ਨਹੀਂ ਹਾਂ।

**ਪ੍ਰਬੰਧਕੀ ਸੁਧਾਰ ਮੰਤਰੀ :** ਫਿਰ ਤੁਸੀਂ ਇਸ ਦੀ ਨਿੰਦਾ ਕਰੋ। ਐਸ.ਜੀ.ਪੀ.ਸੀ. ਪ੍ਰਧਾਨ ਨੂੰ ਕਹੋ ਕਿ ਉਹ ਆਪਣੇ ਸ਼ਬਦ ਵਾਪਸ ਲੈਣ। ਗੁਰਬਾਣੀ ਦਾ ਟੈਂਡਰ ਕਿਵੇਂ ਹੋ ਸਕਦਾ ਹੈ?

**ਸਰਦਾਰ ਮਨਪ੍ਰੀਤ ਸਿੰਘ ਇਆਲੀ :** ਮੈਂ ਮੰਨਦਾ ਹਾਂ ਕਿ ਅਜਿਹੀ ਗੱਲ ਨਹੀਂ ਹੋਣੀ ਚਾਹੀਦੀ।

**ਪ੍ਰਬੰਧਕੀ ਸੁਧਾਰ ਮੰਤਰੀ :** ਤੁਹਾਨੂੰ ਨਿੰਦਾ ਕਰਨੀ ਚਾਹੀਦੀ ਹੈ। ਸਾਡਾ ਮਨ ਦੁਖੀ ਹੋਇਆ ਹੈ ਕਿ ਤੁਸੀਂ ਗੁਰਬਾਣੀ ਦਾ ਟੈਂਡਰ ਕਰ ਰਹੇ ਹੋ।

**ਸਰਦਾਰ ਮਨਪ੍ਰੀਤ ਸਿੰਘ ਇਆਲੀ :** ਸਾਨੂੰ ਇਹ ਮਸਲਾ, ਸਿੱਖਾਂ ਦਾ ਮਸਲਾ ਬੈਠ ਕੇ ਵਿਚਾਰਨਾ ਚਾਹੀਦਾ ਹੈ।

**ਪ੍ਰਬੰਧਕੀ ਸੁਧਾਰ ਮੰਤਰੀ :** ਇਹ ਦੇਖੋ, ਅਸੀਂ ਬੈਠੇ ਹਾਂ।

**ਸਰਦਾਰ ਮਨਪ੍ਰੀਤ ਸਿੰਘ ਇਆਲੀ :** ਮੇਰੇ ਕਹਿਣ ਦਾ ਭਾਵ ਹੈ ਕਿ ਸਰਕਾਰ ਦੇ ਨੁਮਾਇੰਦੇ ਅਤੇ ਐਸ.ਜੀ.ਪੀ.ਸੀ. ਦੇ ਨੁਮਾਇੰਦਿਆਂ ਨੂੰ ਮਿਲ ਕੇ ਇੱਕ ਸਿਟਿੰਗ ਕਰ ਲੈਣੀ ਚਾਹੀਦੀ ਹੈ, ਉਸ ਤੋਂ ਬਾਅਦ ਜੋ ਮਰਜ਼ੀ ਫ਼ੈਸਲਾ ਕਰ ਲਵੋ।

**ਪ੍ਰਬੰਧਕੀ ਸੁਧਾਰ ਮੰਤਰੀ :** ਜੇ ਕਿਤੇ ਇਸ ਤਰ੍ਹਾਂ ਦੀ ਲੋੜ ਪਵੇਗੀ ਤਾਂ ਕਰ ਲਵਾਂਗੇ। ਮਾਨ ਸਾਹਿਬ ਵੀ ਪੰਜਾਬ ਦੇ ਹੀ ਸਿੱਖ ਹਨ। ਆਪਾਂ ਬੈਠ ਸਕਦੇ ਹਾਂ ਪਰ ਇਹ ਗੱਲ ਕਿਸ ਤਰ੍ਹਾਂ ਹੋ ਗਈ ਕਿ ਇਹ ਸਿੱਖਾਂ ਦੇ ਮਾਮਲੇ ਵਿੱਚ ਦਖਲਅੰਦਾਜ਼ੀ ਹੈ, ਧਾਰਮਿਕ ਮਾਮਲਿਆਂ ਵਿੱਚ ਦਖਲਅੰਦਾਜ਼ੀ ਹੈ। ਕੀ ਅਸੀਂ ਸਿੱਖ ਨਹੀਂ ਹਾਂ?

**ਸਰਦਾਰ ਮਨਪ੍ਰੀਤ ਸਿੰਘ ਇਆਲੀ :** ਕੱਲ੍ਹ ਨੂੰ ਸਰਕਾਰ ਕੋਈ ਹੋਰ ਨਵਾਂ ਐਕਟ ਬਣਾ ਕੇ ਕਹੇਗੀ ਕਿ ਸਾਰੇ ਮੈਂਬਰ ਸਰਕਾਰ ਹੀ ਨਾਮਜ਼ਦ ਕਰੇਗੀ, ਫਿਰ ਅਸੀਂ ਕੀ ਕਰਾਂਗੇ? ਜਿਵੇਂ ਸ਼ੁਰੂਆਤ ਹੋ ਰਹੀ ਹੈ, ਇਹ ਪਿਰਤ ਬਣ ਜਾਵੇਗੀ।

**ਪ੍ਰਬੰਧਕੀ ਸੁਧਾਰ ਮੰਤਰੀ** : ਬਿਲਕੁਲ ਅਜਿਹੀ ਸ਼ੁਰੂਆਤ ਨਹੀਂ ਹੋ ਰਹੀ ਹੈ।

**ਮਾਣਯੋਗ ਸਪੀਕਰ :** ਮੰਤਰੀ ਜੀ, ਚੇਅਰ ਨੂੰ ਐਡਰੈਸ ਕਰੋ।

**ਪ੍ਰਬੰਧਕੀ ਸੁਧਾਰ ਮੰਤਰੀ:** ਪੰਜਾਬ ਦੇ ਇਤਿਹਾਸ ਵਿੱਚ ਪੰਜਾਬ ਦੇ ਮੁੱਖ ਮੰਤਰੀ ਨੇ ਇੱਕ ਚੰਗੀ ਸ਼ੁਰੂਆਤ ਕੀਤੀ ਹੈ। (ਥੰਪਿੰਗ) ਪਹਿਲੀ ਵਾਰ ਇਸ ਤਰ੍ਹਾਂ ਹੋਇਆ ਹੈ। ਤੁਸੀਂ ਐਵੇਂ ਹੀ ਕਹੀ ਜਾਂਦੇ ਹੋ ਕਿ ਇਹ ਸਿੱਖ ਵਿਰੋਧੀ ਹੈ, ਸਿੱਖ ਮਾਮਲਿਆਂ ਵਿੱਚ ਦਖਲਅੰਦਾਜ਼ੀ ਹੈ। ਅਸੀਂ ਸਿੱਖੀ ਨੂੰ ਬਚਾਉਣਾ ਚਾਹੁੰਦੇ ਹਾਂ।

**ਮਾਣਯੋਗ ਸਪੀਕਰ :** ਕਨਕਲੂਡ ਕਰੋ ਜੀ।

**ਪ੍ਰਬੰਧਕੀ ਸੁਧਾਰ ਮੰਤਰੀ:** ਐਸ.ਜੀ.ਪੀ.ਸੀ. ਦੀ ਵੀ ਇੱਕ ਧਰਮ ਪ੍ਰਚਾਰ ਕਮੇਟੀ ਹੈ, ਉਹ ਵੀ ਪ੍ਰਚਾਰ ਕਰਦੀ ਹੈ। ਅਸੀਂ ਵੀ ਚਾਹੁੰਦੇ ਹਾਂ ਕਿ ਪੂਰੀ ਦੁਨੀਆਂ ਵਿੱਚ, ਕਨੇਡਾ, ਅਮਰੀਕਾ ਜਿੱਥੇ ਵੀ ਸਾਡੇ ਮੁੰਡੇ ਟਰਾਲੇ ਆਦਿ ਚਲਾਉਂਦੇ ਹਨ, ਉਹ ਹਰ ਥਾਂ ਗੁਰਬਾਣੀ ਸੁਣ ਸਕਣ।

**ਮਾਣਯੋਗ ਸਪੀਕਰ :** ਧੰਨਵਾਦ।

**ਪ੍ਰਬੰਧਕੀ ਸੁਧਾਰ ਮੰਤਰੀ :** ਸੋ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਬਿੱਲ ਨਾ ਸਿੱਖ ਵਿਰੋਧੀ ਹੈ, ਨਾ ਹੀ ਇਹ ਸਿੱਖਾਂ ਦੇ ਮਾਮਲਿਆਂ ਵਿੱਚ ਦਖਲਅੰਦਾਜ਼ੀ ਹੈ ਅਤੇ ਨਾ ਹੀ ਸਾਨੂੰ ਸਿੱਖਾਂ ਤੋਂ ਵੱਖਰਾ ਕਰਕੇ ਵੇਖਿਆ ਜਾਵੇ।

**ਮਾਣਯੋਗ ਸਪੀਕਰ :** ਬਹੁਤ ਧੰਨਵਾਦ।

**ਪ੍ਰਬੰਧਕੀ ਸੁਧਾਰ ਮੰਤਰੀ :** ਹੋ ਸਕਦਾ ਹੈ ਕਿ ਅਸੀਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਨਾਲੋਂ ਚੰਗੇ ਸਿੱਖ ਹੋਈਏ।

**ਮਾਣਯੋਗ ਸਪੀਕਰ :** ਬਹੁਤ ਧੰਨਵਾਦ, ਮੰਤਰੀ ਜੀ ਧੰਨਵਾਦ।

**ਪ੍ਰਬੰਧਕੀ ਸੁਧਾਰ ਮੰਤਰੀ:** ਸੋ, ਮੈਂ ਇਸ ਬਿੱਲ ਦੀ ਪੁਰਜ਼ੋਰ ਹਮਾਇਤ ਕਰਦਾ ਹਾਂ। (ਥੰਪਿੰਗ)

**ਮਾਣਯੋਗ ਸਪੀਕਰ :** ਧੰਨਵਾਦ ਜੀ। ਮਾਣਯੋਗ ਮੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ।

**ਮੁੱਖ ਮੰਤਰੀ (ਸ਼੍ਰੀ ਭਗਵੰਤ ਮਾਨ) :** ਮਾਣਯੋਗ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਅੱਜ ਇਸ ਤੋਂ ਪਹਿਲਾਂ ਵੀ ਇਸ ਮੁਕੱਦਸ ਹਾਊਸ ਵਿੱਚ ਪੰਜਾਬ ਦੇ ਲੋਕਾਂ ਨਾਲ ਜੁੜੇ, ਪੰਜਾਬ ਦੇ ਲੋਕਾਂ ਦੇ ਹਿੱਤ ਦੇ ਬਿਲ/ਐਕਟ ਪਾਸ ਹੋ ਰਹੇ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਹੋਣਗੇ। ਕਾਂਗਰਸ ਦੇ ਸਾਥੀ ਇਹੋ ਪੁੱਛਦੇ ਪੁੱਛਦੇ ਚਲੇ ਗਏ ਕਿ ਇੰਨੀ ਵੱਡੀ ਕਿਹੜੀ ਗੱਲ ਸੀ ਕਿ ਹਾਊਸ ਦਾ ਸਮਾਗਮ ਬੁਲਾ ਲਿਆ ਗਿਆ ਹੈ। ਉਹ ਇਹ ਵੀ ਕਹਿੰਦੇ ਰਹਿੰਦੇ ਹਨ ਕਿ ਸਮਾਗਮ ਬਹੁਤ ਛੋਟਾ ਹੈ, ਹਾਊਸ ਲੰਬਾ ਕਿਉਂ ਨਹੀਂ ਚੱਲਦਾ। ਸੋ, ਕਦੇ ਮਰ ਜਾ ਚਿੜੀਏ, ਕਦੇ ਜੀਉਂ ਜਾ ਚਿੜੀਏ ਵਾਲੀ ਕਹਾਵਤ ਇੱਥੇ ਢੁੱਕਦੀ ਹੈ। ਹਾਊਸ ਦਾ ਕੰਮ ਉਨ੍ਹਾਂ ਮੁਤਾਬਕ ਤਾਂ ਨਹੀਂ ਚੱਲੇਗਾ, ਸੰਵਿਧਾਨ ਮੁਤਾਬਕ ਚੱਲੇਗਾ। ਬਾਬਾ ਸਾਹਿਬ ਅੰਬੇਦਕਰ ਜੀ ਨੇ ਜੋ ਸੰਵਿਧਾਨ ਬਣਾਇਆ ਹੈ, ਉਸ ਮੁਤਾਬਕ ਅਸੀਂ ਵੋਟਾਂ ਜ਼ਰੀਏ ਜਿੱਤ ਕੇ ਆਏ ਹਾਂ। ਉਸ ਤੋਂ ਬਾਅਦ ਅਸੀਂ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦੇ ਸੰਵਿਧਾਨ ਦੀ ਸਹੁੰ ਨੋਮੀਨੇਸ਼ਨ ਕਾਗਜ਼ ਭਰਨ ਵੇਲੇ ਚੁੱਕਦੇ ਹਾਂ ਕਿ ਮੈਂ ਭਾਰਤ ਦੀ ਏਕਤਾ ਅਤੇ ਅਖੰਡਤਾ ਨੂੰ ਕਾਇਮ ਰੱਖਾਂਗਾ, ਪ੍ਰਭੁਸੱਤਾ ਨੂੰ ਕਾਇਮ ਰੱਖਾਂਗਾ। ਫਿਰ ਜਦੋਂ ਚੁਣੇ ਜਾਂਦੇ ਹਾਂ ਤਾਂ, ਸਪੀਕਰ ਸਾਹਿਬ, ਤੁਸੀਂ ਸਹੁੰ ਚੁਕਵਾਉਂਦੇ ਹੋ, ਜੇ ਕੋਈ ਐਮ.ਪੀ. ਚੁਣਿਆ ਜਾਂਦਾ ਹੈ ਤਾਂ ਉਸ ਨੂੰ ਲੋਕ ਸਭਾ ਜਾਂ ਰਾਜ ਸਭਾ ਦਾ ਸਪੀਕਰ ਸਹੁੰ ਚੁਕਵਾਉਂਦਾ ਹੈ, ਜੇ ਕੋਈ ਪ੍ਰਧਾਨ ਮੰਤਰੀ ਬਣਦਾ ਹੈ ਤਾਂ ਰਾਸ਼ਟਰਪਤੀ ਸਹੁੰ ਚੁਕਵਾਉਂਦਾ ਹੈ ਔਰ ਸਹੁੰ ਸਿਰਫ ਸੰਵਿਧਾਨ ਦੀ ਚੁੱਕੀ ਜਾਂਦੀ ਹੈ। ਇੱਥੇ ਅਸੀਂ ਕੋਈ ਆਪਣੀ ਪਰਸਨਲ ਸਹੁੰ ਚੁੱਕ ਕੇ ਨਹੀਂ ਆਏ। ਡਾਕਟਰ ਨਛੱਤਰ ਪਾਲ ਜੀ ਨੇ ਬਿਲਕੁਲ ਸਹੀ ਗੱਲ ਕਹੀ ਸੀ ਕਿ ਕੁਝ ਦੀ ਅਜਿਹੀ ਸੋਚ ਵੀ ਹੈ ਜਿਹੜੇ ਸਮਝਦੇ ਹਨ ਕਿ ਇਹ ਸੱਤਾ ਵਿੱਚ ਕਿਵੇਂ ਆ ਗਏ, ਇਹ ਕਿਉਂ ਆ ਗਏ? ਇੱਕ ਐਲ.ਓ.ਪੀ. ਸਾਹਿਬ ਦਾ ਬਿਆਨ ਸੁਣਿਆ ਸੀ, ਜਦੋਂ ਚੰਨੀ ਜੀ ਨੂੰ ਮੁੱਖ ਮੰਤਰੀ ਬਣਾ ਦਿੱਤਾ ਗਿਆ ਸੀ ਅਤੇ ਉਸ ਤੋਂ ਬਾਅਦ

ਕਾਂਗਰਸ ਹਾਰ ਗਈ ਸੀ। ਮੇਰੇ ਕੋਲ ਬਿਆਨ ਦੀ ਵੀਡੀਓ ਪਈ ਹੈ। ਉਸ ਵਿੱਚ ਇੱਕ ਕੁੜੀ ਐਂਕਰ ਪੁੱਛ ਰਹੀ ਹੈ ਕਿ ਕਾਂਗਰਸ ਵਿੱਚ ਇਨ ਫਾਈਟਿੰਗ ਸੀ, ਆਪਸ ਵਿੱਚ ਲੜਾਈ ਸੀ, ਕੀ ਕਹਿਣਾ ਚਾਹੁੰਦੇ ਹੋ ਤਾਂ ਉਹ ਜਨਾਬੇ ਆਲੀ ਕੀ ਕਹਿੰਦੇ ਹਨ? ਪ੍ਰਤਾਪ ਸਿੰਘ ਬਾਜਵਾ ਸਾਹਿਬ ਕੀ ਕਹਿੰਦੇ ਹਨ ਕਿ ਡਰਬੀ ਵਿੱਚ ਜਿਹੜੀ ਘੋੜਿਆਂ ਦੀ ਰੇਸ ਹੁੰਦੀ ਹੈ, ਉੱਥੇ ਲੋਕ ਸਿਰਫ ਮਹਿੰਗੀ ਬ੍ਰੀਡ ਦੇ ਘੋੜੇ ਲੈ ਕੇ ਆਉਂਦੇ ਹਨ, ਜੇ ਡਰਬੀ ਵਾਲੀ ਰੇਸ ਵਿੱਚ ਤੁਸੀਂ ਕੋਈ ਦੇਸੀ ਟੱਟੂ ਭਜਾ ਦਿਓਗੇ ਤਾਂ ਬਿਲਕੁਲ ਉਹੀ ਹਾਲ ਹੁੰਦਾ ਹੈ ਜੋ ਕਾਂਗਰਸ ਦਾ ਹੋਇਆ ਹੈ। ਇਸ ਦਾ ਮਤਲਬ ਇਹ ਗੱਲ ਚੰਨੀ ਸਾਹਿਬ ਨੂੰ ਕਹੀ ਹੈ ਕਿ ਉਹ ਦਲਿਤ ਹਨ। (ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਸਾਡੇ ਐਮ.ਐਲ.ਏ. ਬਾਰੇ ਕਹਿੰਦਾ ਹੈ ਕਿ ਮੋਬਾਈਲ ਚਾਰਜ ਕਰਨ ਵਾਲੇ ਵੀ ਆ ਗਏ। ਜਨਾਬ, ਤੁਹਾਡੇ ਦਿਮਾਗ ਠੀਕ ਕਰਨ ਵਾਲੇ ਵੀ ਇੱਥੇ ਹੀ ਹਨ। (ਥੰਪਿੰਗ) ਇਕੱਲੇ ਮੋਬਾਈਲ ਚਾਰਜ ਕਰਨ ਵਾਲੇ ਨਹੀਂ ਆਏ, ਸਾਡੇ ਕੋਲ ਪ੍ਰੋਫੈਸਰ, ਨੌਜਵਾਨ ਮੁੰਡੇ, ਐਨ.ਜੀ.ਓਜ਼. ਚਲਾਉਣ ਵਾਲੇ, ਡਾਕਟਰ, ਵਕੀਲ ਹਨ, ਇੱਥੇ ਸਮਾਜ ਦਾ ਹਰ ਵਰਗ ਬੈਠਾ ਹੈ, ਟੋਟਲ 117 ਮੈਂਬਰ ਪੰਜਾਬ ਨੂੰ ਰਿਪ੍ਰੀਜ਼ੈਂਟ ਕਰ ਰਹੇ ਹਨ। ਮੈਨੂੰ ਖੁਸ਼ੀ ਹੈ, ਮੈਨੂੰ ਪਤਾ ਲੱਗਿਆ ਹੈ ਕਿ ਅੱਜ ਉਹ ਬੱਚੇ ਵੀ ਆਏ ਹੋਏ ਹਨ ਜਿਨ੍ਹਾਂ ਨੇ ਪੰਜਾਬ ਵਿੱਚ ਮੈਰਿਟ ਤੇ ਟਾਪ ਕੀਤਾ ਹੈ। (ਥੰਪਿੰਗ) ਉਹ ਵੀ ਇੱਥੇ ਦੇਖ ਰਹੇ ਹੋਣਗੇ, ਕੱਲ੍ਹ ਨੂੰ ਉਨ੍ਹਾਂ ਵਿੱਚੋਂ ਵੀ ਕੋਈ ਇੱਥੇ ਆ ਜਾਵੇਗਾ। ਸੋ, ਇਹ ਮੁਕੱਦਸ ਹਾਊਸ ਡਿਸਕਸ਼ਨ ਵਾਸਤੇ ਹੈ। ਜਿਸ ਤਰ੍ਹਾਂ ਮੰਤਰੀ ਜੀ, ਸਰਦਾਰ ਕੁਲਦੀਪ ਧਾਲੀਵਾਲ ਸਾਹਿਬ ਨੇ ਕਿਹਾ ਕਿ ਬੈਠ ਕੇ ਹੀ ਤਾਂ ਗੱਲ ਕਰ ਰਹੇ ਹਾਂ ਜੀ। ਹੋਰ ਕਿੱਥੇ ਬੈਠਣਾ ਹੈ ਜੀ? ਇਆਲੀ ਸਾਹਿਬ ਕਿੱਥੇ ਬੈਠੀਏ? ਇੱਥੇ ਬੈਠੇ ਤਾਂ ਹਾਂ, ਅਸੀਂ ਬੈਠ ਕੇ ਹੀ ਗੱਲ ਕਰ ਰਹੇ ਹਾਂ ਕਿ ਗੁਰਬਾਣੀ ਸਰਬ ਸਾਂਝੀ ਹੈ, ਉਸ ਤੇ ਕਿਸੇ ਇੱਕ ਚੈਨਲ ਦਾ ਠੇਕਾ ਨਹੀਂ ਹੋਣਾ ਚਾਹੀਦਾ ਪਰ ਉਨ੍ਹਾਂ ਨੇ 11 ਸਾਲ ਲਈ ਠੇਕਾ ਲੈ ਲਿਆ ਸੀ। ਬੈਠੋ ਜੀ (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਮਨਪ੍ਰੀਤ ਸਿੰਘ ਇਆਲੀ ਵੱਲ ਇਸ਼ਾਰਾ) ਬੈਠ ਕੇ ਗੱਲ ਕਰਦੇ ਹਾਂ।11 ਸਾਲ ਹੋ ਗਏ, ਇੱਕ ਚੈਨਲ ਹੀ ਚਲਾਈ ਜਾਂਦਾ ਹੈ ਜੀ। ਉਨ੍ਹਾਂ 21 ਜੁਲਾਈ, 2023 ਨੂੰ ਐਗਰੀਮੈਂਟ ਖਤਮ ਹੋ ਰਿਹਾ ਹੈ, 2012 ਵਿੱਚ ਐਗਰੀਮੈਂਟ ਹੋਇਆ ਸੀ। ਪਹਿਲੀ ਗੱਲ ਤਾਂ ਇਹ ਹੈ ਜੀ ਕਿ 5 ਸਾਲ ਤੋਂ ਵੱਧ ਦੇਸ਼ ਦੇ ਸੰਵਿਧਾਨ ਮੁਤਾਬਿਕ ਕਿਸੇ ਵੀ ਸੰਸਥਾ ਵਿੱਚ ਇਲੈਕਸ਼ਨ ਨਾ ਹੋਵੇ ਤਾਂ ਉਹ ਗੈਰ-ਲੋਕਤੰਤਰਿਕ ਹੋ ਜਾਂਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ 11 ਸਾਲ ਹੋ ਗਏ ਹਨ, ਇਲੈਕਸ਼ਨਾਂ ਹੀ ਨਹੀਂ ਹੋਈਆਂ, ਉਹ ਆਪ ਹੀ ਗੈਰ-ਲੋਕਤੰਤਰਿਕ ਹਨ, ਉਹ ਆਪ ਕਾਰਜਕਾਰੀ ਹਨ ਜਿਹੜੇ ਕੱਲ੍ਹ ਕਾਰਜਕਾਰੀ ਜੱਥੇਦਾਰ ਸਾਹਿਬ ਨੂੰ ਉਤਾਰ ਰਹੇ ਸੀ, ਉਹ ਆਪ ਕਾਰਜਕਾਰੀ ਹਨ। ਮੈਂ ਕਦੋਂ ਕਹਿੰਦਾ ਹਾਂ ਜੀ ਕਿ ਮੇਰੇ ਕਿਸੇ ਚੈਨਲ ਨੂੰ ਦੇ ਦਿਉ? ਨਾ ਮੇਰੇ ਕੋਲ ਕੋਈ ਚੈਨਲ ਹੈ, ਨਾ ਮੇਰੇ ਕਿਸੇ ਰਿਸ਼ਤੇਦਾਰ ਦਾ ਮਾਫੀਆ ਹੈ। ਇਸ ਗੱਲ ਤੇ ਤਾਂ ਪੀ.ਟੀ.ਸੀ. ਵਾਲਿਆਂ ਨੂੰ, ਪੀ.ਟੀ.ਸੀ. ਦੇ ਮਾਲਕਾਂ ਨੂੰ, ਬਾਦਲਾਂ ਨੂੰ ਖੁਸ਼ ਹੋਣਾ ਚਾਹੀਦਾ ਹੈ ਕਿ ਜਿਹੜੀ ਚੀਜ਼

ਸਾਨੂੰ ਪਹਿਲਾਂ ਮੁੱਲ ਮਿਲਦੀ ਸੀ, ਉਹ ਸਾਨੂੰ ਫਰੀ ਮਿਲਿਆ ਕਰੇਗੀ। ਉਨ੍ਹਾਂ ਨੂੰ ਕੀ ਦਿੱਕਤ ਹੈ? ਮੈਂ ਦੱਸਦਾ ਹਾਂ ਜੀ ਕਿ ਕੀ ਦਿੱਕਤ ਹੈ ਕਿਉਂਕਿ ਮੈਂ ਕਲਾ, ਆਰਟ ਵਾਲੇ ਫੀਲਡ ਨਾਲ ਰਿਲੇਟਿਡ ਹਾਂ। ਜਥੇਦਾਰ ਸਾਹਿਬ ਨੇ ਵੀ ਇੱਕ ਸਾਲ ਪਹਿਲਾਂ ਹੁਕਮ ਕੀਤਾ ਸੀ ਜੱਥੇਦਾਰ ਸਾਹਿਬ ਅਪੀਲ ਨਹੀਂ ਕਰਦੇ ਹੁੰਦੇ, ਜਥੇਦਾਰ ਸਾਹਿਬ ਹੁਕਮ, ਫੁਰਮਾਨ ਕਰਦੇ ਹਨ। ਸ੍ਰੀ ਅਕਾਲ ਤਖਤ ਸਾਹਿਬ ਸਾਡਾ ਸਰਬ ਉੱਚ ਅਸਥਾਨ ਹੈ। ਗਿਆਨੀ ਹਰਪ੍ਰੀਤ ਸਿੰਘ ਜੀ ਨੇ ਪਿਛਲੇ ਸਾਲ ਐਸ.ਜੀ.ਪੀ.ਸੀ. ਨੂੰ ਹੁਕਮ ਕੀਤਾ ਸੀ ਕਿ ਤੁਸੀਂ ਆਪਣਾ ਚੈਨਲ ਬਣਾਓ ਤੇ ਉਸ ਤੇ ਗੁਰਬਾਣੀ ਆਉਣੀ ਚਾਹੀਦੀ ਹੈ। ਉਨ੍ਹਾਂ ਦੀ ਕਿਉਂ ਨਹੀਂ ਮੰਨੀ ਜੀ? ਕੀ ਚੈਨਲ ਬਣਾ ਲਿਆ? ਉਹ ਬਣਨ ਨਹੀਂ ਦਿੰਦੇ, ਉਹ ਬੈਠੇ ਹਨ। ਉਹ ਕਹਿੰਦੇ ਹਨ ਕਿ ਇਸ ਤੇ ਸਾਡਾ ਕਬਜ਼ਾ ਹੈ। ਮੈਂ ਇਸ ਬਾਰੇ ਦੱਸਣਾ ਚਾਹੁੰਦਾ ਹਾਂ ਪੂਰੀ ਦੁਨੀਆ ਇਸ ਵਕਤ ਲਾਈਵ ਸੈਸ਼ਨ ਦੇਖ ਰਹੀ ਹੋਵੇਗੀ। ਮੈਂ ਦੱਸਦਾ ਹਾਂ ਕਿ ਇਹ ਪੈਸੇ ਕਿਵੇਂ ਕਮਾਉਂਦੇ ਹਨ। ਧਾਮੀ ਸਾਹਿਬ ਤਾਂ ਉਨ੍ਹਾਂ ਦੇ ਪ੍ਰਧਾਨ ਲਗਾਏ ਹੋਏ ਹਨ। ਕੱਲ੍ਹ ਨੂੰ ਉਨ੍ਹਾਂ ਨੂੰ ਵੀ ਕਹਿ ਦੇਣਗੇ ਕਿ ਤੁਸੀਂ ਕਾਰਜਕਾਰੀ ਸੀ, ਹੁਣ ਚੱਲੋ। ਉਹ ਕਹਿੰਦੇ ਹਨ ਕਿ ਚੈਨਲ free to AIR ਤਾਂ ਹੈ। ਅਸੀਂ ਕਦੋਂ ਕਿਸੇ ਨੂੰ ਕੁਝ ਕਹਿੰਦੇ ਹਾਂ ਪਰ ਸਪੀਕਰ ਸਾਹਿਬ, ਇਹ free to AIR ਨਹੀਂ ਹੈ। ਇੱਥੇ ਮੀਡੀਆ ਵਾਲੇ ਬੈਠੇ ਹਨ। ਜੇਕਰ free to AIR ਹੁੰਦੀ ਤਾਂ ਗੁਰਬਾਣੀ ਬਾਕੀ ਚੈਨਲਾਂ ਤੇ ਕਿਉਂ ਨਹੀਂ ਆਉਂਦੀ? ਕੀ ਗੱਲ ਬਾਕੀ ਚੈਨਲ ਗੁਰਬਾਣੀ ਨੂੰ ਪਸੰਦ ਨਹੀਂ ਕਰਦੇ? ਕੀ ਬਾਕੀ ਚੈਨਲਾਂ ਨੂੰ ਸੁਣਨ ਵਾਲੇ ਲੋਕ ਗੁਰਬਾਣੀ ਨੂੰ ਪਸੰਦ ਨਹੀਂ ਕਰਦੇ। ਸਰ, ਇਹ free to AIR ਨਹੀਂ ਹੈ, ਇਨ੍ਹਾਂ ਕੋਲ exclusive rights ਹਨ। ਜਿਸ ਨੂੰ ਇੰਗਲਿਸ਼ ਵਿੱਚ Intellectual Property Rights ਕਿਹਾ ਜਾਂਦਾ ਹੈ। ਇੱਥੇ ਵਕੀਲ ਬੈਠੇ ਹਨ। Intellectual Property Rights ਕਹਿੰਦਾ ਹੈ ਕਿ ਮੈਂ ਹੀ ਇਸ content ਦਾ ਮਾਲਕ ਹਾਂ। ਕੰਟੈਂਟ ਜੋ ਲਿਖਿਆ ਹੋਇਆ ਹੁੰਦਾ ਹੈ, ਉਸ ਨੂੰ ਕਹਿੰਦੇ ਹਨ। ਇਹ ਕਿਵੇਂ ਮਾਲਕ ਬਣ ਗਏ? ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਣੀ ਉਚਰੀ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਭਗਤਾਂ ਦੀ, ਭੱਟਾਂ ਆਦਿ ਦੀ ਬਾਣੀ ਦਰਜ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੰਪਾਈਲ ਕੀਤੀ ਔਰ ਇਹ ਮਾਲਕ ਬਣ ਕੇ ਬੈਠ ਗਏ ਕਿ Intellectual Property Rights ਸਾਡੇ ਕੋਲ ਹਨ। ਇਹ ਹੋ ਹੀ ਨਹੀਂ ਸਕਦਾ। ਸੋ, ਇਸ ਕਰਕੇ ਇਨ੍ਹਾਂ ਨੂੰ ਦੁੱਖ ਹੋ ਰਿਹਾ ਹੈ ਕਿ ਮੈਨੂੰ ਸਾਰਾ ਪਤਾ ਹੈ। ਹੁਣ ਇਹ ਪੈਸੇ ਕਿੱਥੋਂ ਕਮਾਉਂਦੇ ਹਨ, ਮੈਨੂੰ ਇਹ ਵੀ ਪਤਾ ਹੈ। ਇਹ ਕਹਿੰਦੇ ਹਨ ਕਿ ਪੀ.ਟੀ.ਸੀ. ਜਿੱਥੇ ਮਰਜ਼ੀ ਲਗਾ ਲਓ, ਕੋਈ ਐਡ ਨਹੀਂ ਆਉਂਦੀ। ਮੈਂ ਦੱਸਣਾ ਚਾਹੁੰਦਾ ਹਾਂ ਕਿ ਐਡ ਆਉਣਾ ਜ਼ਰੂਰੀ ਨਹੀਂ ਹੁੰਦਾ । ਅਮਰੀਕਾ, ਕੈਨੇਡਾ, ਇੰਗਲੈਂਡ ਅਤੇ ਆਸਟਰੇਲੀਆ, ਪੂਰੀ ਦੁਨੀਆਂ ਵਿੱਚ ਪੰਜਾਬੀ ਵਸਦੇ ਹਨ। ਜੇਕਰ ਅਮਰੀਕਾ ਅਤੇ ਕੈਨੇਡਾ ਵਿੱਚ ਪੀ.ਟੀ.ਸੀ. ਚੈਨਲ ਆਪਣੇ ਘਰ ਲਗਾਉਣਾ ਹੈ ਤਾਂ ਇਸ ਵਿੱਚ ਤਿੰਨ-ਚਾਰ ਚੈਨਲਾਂ ਦਾ ਪੈਕੇਜ ਹੋਵੇਗਾ, ਜਿਸ ਨੂੰ ਲਗਾਉਣ ਲਈ 54 ਡਾਲਰ ਲੱਗਦੇ ਹਨ। ਇਹ ਚੈਨਲ ਲਗਾਉਣਾ ਹੀ ਪਵੇਗਾ ਕਿਉਂਕਿ ਗੁਰਬਾਣੀ

ਸੁਣਨੀ ਹੈ ਅਤੇ ਗੁਰਬਾਣੀ ਚੱਲਣ ਨਾਲ ਘਰ ਵਿੱਚ ਬਰਕਤ ਆਉਂਦੀ ਹੈ ਅਤੇ ਆਪਾਂ ਸਾਰੇ ਹੀ ਗੁਰਬਾਣੀ ਸੁਣਦੇ ਹਾਂ। ਗੁਰਬਾਣੀ ਚੱਲਣ ਸਮੇਂ ਹੁਕਮਨਾਮਾ ਅਤੇ ਅਰਦਾਸ ਸੁਣਦੇ ਹਾਂ। ਉਹ 54 ਡਾਲਰ ਇੱਕ ਟੀ.ਵੀ. ਦਾ ਹੈ, ਤੁਸੀਂ ਦੇਖੋ ਫਿਰ ਹੁਣ ਕਿੰਨੇ ਟੀ.ਵੀ. ਹੋਣਗੇ? ਇਸ ਗੁਰਬਾਣੀ ਕਰਕੇ ਟੀ.ਆਰ.ਪੀ. (ਟੈਲੀਵਿਜ਼ਨ ਰੇਟਿੰਗ ਪੁਆਇੰਟ) ਵੱਧ ਜਾਂਦੀ ਹੈ ਕਿ ਦੋ ਘੰਟੇ ਸਵੇਰੇ ਅਤੇ ਦੋ ਘੰਟੇ ਸ਼ਾਮ ਨੂੰ ਇਹ ਚੈਨਲ ਲੋਕਾਂ ਵੱਲੋਂ ਦੇਖਿਆ ਗਿਆ। ਉਸ ਨਾਲ ਚੈਨਲ ਨੂੰ ਵਿਗਿਆਪਨ ਆਉਂਦੇ ਹਨ। ਇਸ ਤਰ੍ਹਾਂ ਪੈਸੇ ਕਮਾਏ ਜਾਂਦੇ ਹਨ। ਵਿਗਿਆਪਨ ਵਾਲੇ ਕਹਿੰਦੇ ਹਨ ਕਿ ਇਸ ਚੈਨਲ ਨਾਲ ਗੱਲ ਕਰੋ, ਲੋਕ ਇਨ੍ਹਾਂ ਨੂੰ ਵੇਖਦੇ ਹਨ। ਤਾਹੀਂ ਇਹ ਪਿੱਟਦੇ ਹਨ, ਹੋਰ ਇਨ੍ਹਾਂ ਨੂੰ ਕੀ ਲੋੜ ਹੈ? Intellectual Property Rights ਆਪਣੇ ਕੋਲ ਲੈ ਕੇ ਕਹਿੰਦੇ ਹਨ ਕਿ ਗੁਰਬਾਣੀ ਪ੍ਰਸਾਰਣ free to AIR ਹੈ ਅਤੇ ਅਸੀਂ ਕਹਿ ਰਹੇ ਹਾਂ ਕਿ ਉਥੇ ਕੈਮਰੇ ਲੈ ਕੇ ਜਾਣ ਦੀ ਕੋਈ ਲੋੜ ਨਹੀਂ ਹੈ। ਦਰਬਾਰ ਸਾਹਿਬ, ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਹੁੰਦਾ ਹੈ, ਕੀਰਤਨ ਹੁੰਦਾ ਹੈ, ਉਥੇ ਕੈਮਰੇ ਨਹੀਂ ਜਾਣਗੇ। ਇਹ ਨਹੀਂ ਹੈ ਕਿ ਭਗਵੰਤ ਮਾਨ ਨੇ ਹੁਣ ਸਾਰਿਆਂ ਲਈ ਫਰੀ ਕਰ ਦਿੱਤਾ ਅਤੇ ਉਥੇ ਕੈਮਰਿਆਂ ਦਾ ਹੜ੍ਹ ਆ ਜਾਵੇਗਾ। ਸਪੀਕਰ ਸਾਹਿਬ, ਕੈਮਰੇ ਪਹਿਲਾਂ ਵਾਂਗ ਦੋ-ਤਿੰਨ ਹੀ ਰਹਿਣਗੇ, ਜਿਹੜੀ ਬਾਹਰ ਫੀਡ ਆਵੇਗੀ, ਉਹ ਸਾਰਿਆਂ ਵਾਸਤੇ ਫਰੀ ਹੋਵੇਗੀ ਜਿਵੇਂ ਹੁਣ ਆਪਣਾ ਵਿਧਾਨ ਸਭਾ ਦਾ ਸੈਸ਼ਨ ਲਾਈਵ ਚੱਲ ਰਿਹਾ ਹੈ, ਹੁਣ ਤੁਸੀਂ ਦੇਖੋ, ਇੱਥੇ ਕਿੰਨੇ-ਕੁ ਕੈਮਰੇ ਹਨ ਪਰੰਤੂ ਇਸ ਵਕਤ ਨਿਊਜ਼ 18, ਜੀ ਨਿਊਜ਼, ਏ.ਬੀ.ਪੀ. ਅਤੇ ਹੋਰ ਨਿਊਜ਼ ਚੈਨਲਾਂ ਤੇ ਲਾਈਵ ਚੱਲ ਰਿਹਾ ਹੈ ਭਾਵੇਂਕਿ ਉਨ੍ਹਾਂ ਦੇ ਕੈਮਰੇ ਅੰਦਰ ਨਹੀਂ ਆਏ ਹੋਏ, ਉਹ ਬਾਹਰ ਖੜ੍ਹੇ ਹਨ । ਇਸ ਤੋਂ ਇਲਾਵਾ ਅਸੀਂ ਇਹ ਕਲਾਜ਼ ਵੀ ਪਾਇਆ ਹੈ ਕਿ ਗੁਰਬਾਣੀ ਤੋਂ ਅੱਧਾ ਘੰਟਾ ਪਹਿਲਾਂ ਅਤੇ ਅੱਧਾ ਘੰਟਾ ਬਾਅਦ ਕੋਈ ਐਡ ਨਹੀਂ ਆਵੇਗੀ ਤਾਂ ਕਿ ਕੋਈ ਚੈਨਲ ਇਹ ਨਾ ਕਹੇ ਕਿ 6:30 ਵਜੇ ਮੈਂ ਗੁਰਬਾਣੀ ਪ੍ਰਸਾਰਣ ਕਰਦਾ ਹਾਂ ਅਤੇ ਮੇਰੇ ਚੈਨਲ ਨਾਲ ਇੰਨੇ ਲੋਕ ਜੁੜ ਜਾਂਦੇ ਹਨ ਅਤੇ 6.00 ਵਜੇ ਤੋਂ ਮੇਰੀਆਂ ਐਡਜ਼ ਦੇਣੀਆਂ ਸ਼ੁਰੂ ਕਰੋ ਔਰ ਜਦੋਂ 7:30 ਵਜੇ ਪ੍ਰਸਾਰਣ ਖਤਮ ਹੋਵੇਗਾ, ਉਸ ਸਮੇਂ ਵੀ ਲੋਕ ਚੈਨਲ ਨਾਲ ਜੁੜੇ ਹੁੰਦੇ ਹਨ ਅਤੇ ਮੇਰੀਆਂ 7:30 ਤੋਂ 8:00 ਵਜੇ ਤੱਕ ਐਡਜ਼ ਦੇਵੋ।

ਸਪੀਕਰ ਸਾਹਿਬ, ਜਿਵੇਂ ਕ੍ਰਿਕਟ ਦਾ ਮੈਚ 7:00 ਵਜੇ ਸ਼ੁਰੂ ਹੁੰਦਾ ਹੈ, 7:00 ਵਜੇ ਟਾੱਸ ਹੋ ਜਾਂਦਾ ਹੈ, ਉਸ ਤੋਂ ਬਾਅਦ ਤਾਂ ਲਾਈਵ ਹੀ ਚਲਦਾ ਹੈ, ਐਡਜ਼ ਉਸ ਵਿੱਚ ਵੀ ਆਉਂਦੀਆਂ ਹਨ। ਜਦੋਂ ਮੈਚ ਖਤਮ ਹੋ ਜਾਂਦਾ ਹੈ, ਉਸ ਤੋਂ ਬਾਅਦ ਅੱਧਾ ਘੰਟਾ ਜਦੋਂ ਮੈਨ ਆਫ ਦਿ ਮੈਚ ਆਦਿ ਹੁੰਦਾ ਹੈ, ਉਸ ਸਮੇਂ ਵੀ ਐਡਜ਼ ਆਉਂਦੀਆਂ ਹਨ। ਉਵੇਂ ਇਨ੍ਹਾਂ ਨੇ ਕਰ ਲਿਆ ਜੀ। ਗੁਰੂ ਸਾਹਿਬ ਦੀ ਬਾਣੀ ਸਰਬ ਸਾਂਝੀ ਹੈ। ਗੁਰੂ ਸਾਹਿਬ ਦੀ ਬਾਣੀ ਮਨੁੱਖਤਾ ਦੇ ਭਲੇ ਦੀ ਅਤੇ ਸਰਬੱਤ ਦੇ ਭਲੇ ਦੀ ਬਾਣੀ ਹੈ। ਜਦੋਂ ਮੈਂ ਇਹ ਕਹਿ ਰਿਹਾ ਹਾਂ ਕਿ ਗੁਰਬਾਣੀ ਪ੍ਰਸਾਰਣ ਸਭ ਨੂੰ ਫਰੀ ਕਰੋ ਤਾਂ ਇਹ ਕਹਿੰਦੇ ਹਨ ਕਿ ਭਗਵੰਤ ਮਾਨ ਸਿੱਖਾਂ ਦੇ ਮਾਮਲਿਆਂ ਵਿੱਚ

ਦਖਲ ਦੇ ਰਿਹਾ ਹੈ। ਸਾਨੂੰ ਜੇਕਰ ਨਿਸ਼ਾਨ ਸਾਹਿਬ ਦੂਰੋਂ ਨਜ਼ਰ ਆ ਜਾਵੇ, ਭਾਵੇਂ ਗੁਰੂਦੁਆਰਾ ਸਾਹਿਬ ਦੂਰ ਹੀ ਹੋਵੇ, ਅਸੀਂ ਤਾਂ ਵੀ ਮੱਥਾ ਟੇਕਣ ਵਾਲੇ ਬੰਦੇ ਹਾਂ। ਅਸੀਂ ਤਾਂ ਨਿਮਾਣੇ ਹਾਂ। ਮੈਂ ਜਦੋਂ ਵੀ ਕਦੇ ਗੁਰੂਦੁਆਰਾ ਸਾਹਿਬ ਜਾਂਦਾ ਹਾਂ ਤਾਂ ਮੈਂ ਕਹਿੰਦਾ ਹੁੰਦਾ ਹਾਂ ਕਿ ਜਿਹੜੇ ਪਹਿਲਾਂ ਲਾਈਨ ਵਿੱਚ ਲੱਗੇ ਹੋਏ ਹਨ, ਉਹ ਪਹਿਲਾਂ ਮੱਥਾ ਟੇਕਣਗੇ। ਗੁਰਦੁਆਰਿਆਂ ਵਿੱਚ ਪ੍ਰੋਟੋਕੋਲ ਦੀ ਗੱਲ ਨਾ ਕਰਿਆ ਕਰੋ। ਜਦੋਂ ਇਹ (ਸ਼੍ਰੋਮਣੀ ਅਕਾਲੀ ਦਲ ਬੈਂਚਿਜ਼ ਵੱਲ ਇਸ਼ਾਰਾ) ਜਾਂਦੇ ਹਨ ਅਤੇ ਇਨ੍ਹਾਂ ਦਾ ਟੱਬਰ ਜਾਂਦਾ ਹੈ ਤਾਂ ਕੀਰਤਨ ਵਾਲੇ ਵੀ ਉੱਠ ਕੇ ਖੜ੍ਹੇ ਹੋ ਜਾਂਦੇ ਹਨ। ਕੀ ਇਹ ਸਿੱਖਾਂ ਦੇ ਮਾਮਲਿਆਂ ਵਿੱਚ ਦਖਲ ਨਹੀਂ ਹੈ? ਅਸੀਂ ਜਿਵੇਂ ਦੇ ਦਿਲੋਂ ਹਾਂ,ਉਵੇਂ ਹੀ ਜ਼ੁਬਾਨੋਂ ਵੀ ਹਾਂ। ਅਸੀਂ ਮੌਕਾ ਦੇਖ ਕੇ ਦਾੜ੍ਹੀ ਨਹੀਂ ਖੋਲ੍ਹਦੇ। (ਥੰਪਿੰਗ) ਅਸੀਂ ਜਿਵੇਂ ਦੇ ਵੀ ਹਾਂ, ਸਭ ਦੇ ਸਾਹਮਣੇ ਹੀ ਹਾਂ। ਸਾਨੂੰ ਇੰਨਾ ਪਤਾ ਹੈ ਕਿ ਅਸੀਂ ਸੱਚੇ ਹਾਂ। ਕੋਈ ਬੰਦਾ ਸਾਡੇ ਵਿੱਚ ਨੁਕਸ ਕੱਢ ਕੇ ਦਿਖਾ ਦੇਵੇ ਤਾਂ ਅਸੀਂ ਮੰਨ ਲਵਾਂਗੇ। ਸਪੀਕਰ ਸਾਹਿਬ, ਇੱਥੇ ਕਦੇ ਇਸ ਤਰ੍ਹਾਂ ਕਰ ਲਓ, ਕਦੇ ਉਸ ਤਰ੍ਹਾਂ ਕਰ ਲਓ, ਹੁਣ ਵੋਟਾਂ ਆ ਗਈਆਂ ਤਾਂ ਐਵੇਂ ਕਰ ਲਓ ਬੱਸ ਇਹੀ ਗੱਲਾਂ ਚੱਲੀ ਜਾਂਦੀਆਂ ਸਨ। ਕੀ ਮੈਂ ਸਹੀ ਕਹਿ ਰਿਹਾ ਹਾਂ?

**ਟਰੇਜ਼ਰੀ ਬੈਂਚਿਜ਼ ਵੱਲੋਂ ਆਵਾਜ਼ਾਂ:** ਹਾਂ ਜੀ। (ਥੰਪਿੰਗ)

**ਮੁੱਖ ਮੰਤਰੀ:** ਮੈਂ ਇੱਕ ਹੁਣ ਆਡੀਓ ਵੀ ਪਾਇਆ ਹੈ, ਉਸ ਬਾਰੇ ਮੈਂ ਤੁਹਾਨੂੰ ਸਭ ਨੂੰ ਪੜ੍ਹ ਕੇ ਸੁਣਾਉਂਦਾ ਹਾਂ। ਸਰ, ਮੈਂ ਕੋਈ ਕੱਚੀਆਂ ਗੋਲੀਆਂ ਨਹੀਂ ਖੇਡਿਆ ਹੋਇਆ ਕਿ ਮੈਂ ਇੱਥੇ ਬਿਨਾਂ ਤੱਥਾਂ ਤੋਂ ਕੋਈ ਗੱਲ ਕਰਾਂ। Hon'ble Supreme Court while upholding the validity of Haryana Sikh Gurudwara Management Act, 2014 dismiss the petition of SGPC and further held that the State would have power to legislate both under entry 28 of the Concurrent List and entry 32 of the State List provided in the 7th Schedule of the Constitution of India. This is a State Act. This is not a Central Act. ਧਾਮੀ ਸਾਹਿਬ ਵਕੀਲ ਹਨ। ਉਨ੍ਹਾਂ ਨੇ ਪਤਾ ਨਹੀਂ ਕਿੱਥੋਂ ਵਕਾਲਤ ਕੀਤੀ ਹੈ। ਮੈਨੂੰ ਤਾਂ ਇਨ੍ਹਾਂ ਦੀ ਵਕਾਲਤ ਤੇ ਵੀ ਸ਼ੱਕ ਹੁੰਦਾ ਹੈ। It's a State Act. SGPC ਸੁਪਰੀਮ ਕੋਰਟ ਤੋਂ ਆਪਣੀ ਫਾਈਲ ਡਿਸਮਸ ਕਰਵਾ ਕੇ ਆਈ ਹੈ ਕਿ ਇਹ ਸਟੇਟ ਐਕਟ ਹੈ। ਇਸ ਤੋਂ ਬਾਅਦ ਫਿਰ ਦੁਬਾਰਾ ਲਿਖਿਆ ਹੈ। Entry 28 of Concurrent List says: charities and charitable institutions, charitable and religious endowments and the religious institutions, ਬਾਰੇ ਸਰਕਾਰ ਫੈਸਲਾ ਲੈ ਸਕਦੀ ਹੈ। ਮੈਂ ਇਸ ਬਿਲ ਨੂੰ ਪੜ੍ਹ ਕੇ ਸੁਣਾ ਦਿੰਦਾ ਹਾਂ। ਮੈਂ ਆਪਣੇ ਲਈ ਤਾਂ ਰਾਈਟ ਨਹੀਂ ਲੈ ਰਿਹਾ ਕਿ ਮੈਨੂੰ ਰਾਈਟਸ ਦੇ ਦਿਓ। ਮੈਂ ਇਸ ਬਿਲ ਵਿੱਚ ਇਹ ਕਹਿ ਰਿਹਾ ਹਾਂ

ਕਿ– "It shall be the duty of the Board, Board means SGPC. This will fall under Section 125(A) after it will be passed in the Punjab Vidhan Sabha."

Live telecast of Holy Gurbani free of cost.

"125-A. (1) It shall be the duty of the board to propagate the teachings of the Gurus by making uninterrupted (without any on screen running advertisements or commercials or distortion) live feed (Audio or Audio as well as Video) of Holy Gurbani from Sri Harmandir Sahib available free of cost to all media houses, outlets, platforms, channels etc., whoever wishes to broadcast it for broadcast anywhere (including all over the world).

(2) Anyone broadcasting Holy Gurbani from Sri Harmandir Sahib shall not run any advertisement at least thirty minutes prior to start of broadcast of Gurbani and thirty minutes after the broadcast of Gurbani is over."

ਸਰ, ਅਸੀਂ ਇਹ ਗੱਲ ਕਹਿ ਰਹੇ ਹਾਂ ਕਿ ਗੁਰਬਾਣੀ ਪ੍ਰਸਾਰਣ ਤੋਂ 30 ਮਿੰਟ ਪਹਿਲਾਂ ਕੋਈ ਐਡਵਰਟਾਈਜ਼ਮੈਂਟ ਨਹੀਂ ਆਉਣੀ ਚਾਹੀਦੀ ਅਤੇ 30 ਮਿੰਟ ਬਾਅਦ ਵੀ ਕੋਈ ਐਡਵਰਟਾਈਜ਼ਮੈਂਟ ਨਹੀਂ ਆਉਣੀ ਚਾਹੀਦੀ ਤਾਂ ਕਿ ਗੁਰਬਾਣੀ ਪ੍ਰਸਾਰਣ ਨੂੰ ਕੋਈ ਕਮਰਸ਼ੀਅਲ ਆਈਟਮ ਨਾ ਬਣਾ ਸਕੇ ਕਿ ਇੰਨੇ ਟਾਈਮ ਤੇ ਗੁਰਬਾਣੀ ਆਉਂਦੀ ਹੈ ਤੇ ਤੁਸੀਂ ਮੈਨੂੰ ਆਪਣੀਆਂ ਐਡਾਂ ਇੰਨੇ ਵਜੇ ਦੇ ਦਿਉ। ਹੁਣ ਜਿਹੜਾ ਗੁਰਬਾਣੀ ਪ੍ਰਸਾਰਣ ਪੀ.ਟੀ.ਸੀ. ਚੈਨਲ ਤੇ ਚਲਦਾ ਹੈ, ਉਸ ਤੋਂ ਪੂਰੇ ਦੋ ਮਿੰਟ ਪਹਿਲਾਂ ਵੀ ਐਡਵਰਟਾਈਜ਼ਮੈਂਟ ਆਉਂਦੀ ਹੈ ਅਤੇ ਥੱਲੇ ਰਨਿੰਗ ਵਿੱਚ ਵੀ ਚਲਦੀਆਂ ਹਨ। ਮੈਂ ਇਹ ਕਿਸ ਵਾਸਤੇ ਕਰ ਰਿਹਾ ਹਾਂ? ਸਰ, ਮੈਂ ਇਹ ਚਾਹੁੰਦਾ ਹਾਂ ਕਿ ਜਿਹੜੀ ਗੁਰੂ ਦੀ ਬਾਣੀ ਹੈ, ਉਹ ਪੂਰੀ ਦੁਨੀਆਂ ਵਿੱਚ ਫੈਲੇ ਅਤੇ ਐਸ.ਜੀ.ਪੀ.ਸੀ. ਦਾ ਵੀ ਇਹੀ ਮੋਟਿਵ ਹੈ ਕਿ ਗੁਰਬਾਣੀ ਦਾ ਪ੍ਰਚਾਰ ਹੋਵੇ, ਜਿਨ੍ਹਾਂ ਕੋਲ ਹਜ਼ਾਰਾਂ ਕਰੋੜਾਂ ਰੁਪਏ ਦਾ ਬਜਟ ਹੈ ਪਰੰਤੂ ਐਸ.ਜੀ.ਪੀ.ਸੀ. ਕਹਿੰਦੀ ਹੈ ਕਿ ਅਸੀਂ ਤੁਹਾਨੂੰ ਐਵੇਂ ਥੋੜ੍ਹਾ ਪ੍ਰਚਾਰ ਨਹੀਂ ਕਰਨ ਦੇਵਾਂਗੇ, ਇਹ ਸਭ ਤਾਂ ਸਾਡੇ ਮੁਤਾਬਿਕ ਹੀ ਚੱਲੇਗਾ। ਸਰ, ਹੁਣ ਪਤਾ ਹੈ ਕਿ ਕੀ ਹੋਣ ਲੱਗਿਆ ਹੈ? ਸਰ, ਮੇਰੇ 32 ਦੰਦ ਹਨ ਅਤੇ ਮੇਰੀਆਂ ਗੱਲਾਂ ਸੱਚੀਆਂ ਹੋ ਜਾਂਦੀਆਂ ਹਨ ।(ਹਾਸਾ) ਹੁਣ ਇਨ੍ਹਾਂ ਨੂੰ ਪੰਗਾ ਪਿਆ ਹੋਇਆ ਹੈ। ਇੱਕ ਪੀ.ਟੀ.ਸੀ. ਸਿਮਰਨ ਨਾਂ ਦਾ ਚੈਨਲ ਹੈ ਅਤੇ ਇਸ ਚੈਨਲ ਨੂੰ ਐਸ.ਜੀ.ਪੀ.ਸੀ. ਨੂੰ ਦੇਣ ਲੱਗੇ ਹਨ। ਅਗਲੇ ਤਿੰਨ–ਚਾਰ ਦਿਨਾਂ ਵਿੱਚ ਇਹ ਫੈਸਲਾ ਹੋ ਜਾਵੇਗਾ ਤੇ ਇਸ ਬਾਰੇ ਮੇਰੇ ਕੋਲ ਰਿਪੋਰਟਾਂ ਆ ਗਈਆਂ ਹਨ, After all ਮੈਂ

ਮੁੱਖ ਮੰਤਰੀ ਹਾਂ ਜੀ। ਸਪੀਕਰ ਸਾਹਿਬ, ਇਸ ਚੈਨਲ ਨੂੰ ਐਸ.ਜੀ.ਪੀ.ਸੀ. ਨੂੰ ਦੇ ਦੇਣਗੇ ਅਤੇ ਕਹਿਣਗੇ ਕਿ ਐਸ.ਜੀ.ਪੀ.ਸੀ. ਨੇ ਆਪਣਾ ਚੈਨਲ ਖੋਲ੍ਹ ਲਿਆ ਹੈ। ਇਹ ਤਾਂ ਫੇਰ ਉੱਥੇ ਹੀ ਰਿਹਾ। ਸਰ, ਫੇਰ ਉਸੇ ਘਰ ਵਿੱਚ ਹੀ ਹਰੇਗਾ। ਇਨ੍ਹਾਂ ਦੀ ਪ੍ਰਾਬਲਮ ਕੀ ਹੈ? ਇਨ੍ਹਾਂ ਨੇ ਪੈਸੇ ਨਾਲ ਲੈ ਕੇ ਜਾਣੇ ਹਨ? ਕੀ ਇਨ੍ਹਾਂ ਦੀ ਕਿਤੇ ਧਰਮ ਰਾਜ ਨਾਲ ਗੱਲ ਹੋ ਗਈ ਹੈ ਕਿ ਕਿ ਤੁਹਾਡੇ ਵਾਲੇ ਆ ਜਾਇਆ ਕਰਨਗੇ? ਮੈਂ ਇਨ੍ਹਾਂ ਨੂੰ ਕਹਾਂਗਾ ਕਿ ਗੁਰਬਾਣੀ ਨੂੰ ਪੂਰੀ ਦੁਨੀਆਂ ਵਿੱਚ ਫੈਲਣ ਦਿਓ। ਮੇਰਾ ਇੱਕ ਦੋਸਤ ਐਲ.ਏ (LOS Angeles) ਤੋਂ ਹੈਦਰਾਬਾਦ ਅਤੇ ਬੈਂਗਲੌਰ ਬਿਜ਼ਨਸ ਦੇ ਸਿਲਸਿਲੇ ਵਿੱਚ ਆਇਆ ਸੀ, ਮੈਂ ਗੁਹਾਟੀ ਗਿਆ ਹੋਇਆ ਸੀ ਤਾਂ ਮੈਨੂੰ ਉਸ ਦਾ ਫੋਨ ਆਇਆ ਕਿ ਮੈਂ ਹੈਦਰਾਬਾਦ ਫਾਈਵ ਸਟਾਰ ਹੋਟਲ ਦੇ ਵਿੱਚ ਠਹਿਰਿਆ ਹੋਇਆ ਹਾਂ ਪਰੰਤੂ ਇੱਥੇ ਪੀ.ਟੀ.ਸੀ. ਨਹੀਂ ਚੱਲਦਾ। ਉਹ ਪੁੱਛਣ ਲੱਗਿਆ ਕਿ ਮੈਂ ਬਾਣੀ ਕਿੱਥੋਂ ਸੁਣਾਂਗਾ? ਸਪੀਕਰ ਸਾਹਿਬ, ਜਦੋਂ ਅਸੀਂ ਗੁਹਾਟੀ ਜਾਂਦੇ ਹਾਂ ਤਾਂ ਉਥੇ ਟੀ.ਵੀ. ਚੈਨਲਾਂ ਤੇ ਗੁਰਬਾਣੀ ਪ੍ਰਸਾਰਣ ਨਹੀਂ ਆਉਂਦਾ। ਇੱਥੇ ਮੀਡੀਆ ਵਾਲੇ ਸਾਥੀ ਵੀ ਬੈਠੇ ਹਨ ਅਤੇ ਮੈਂ ਇੱਕ ਗੱਲ ਇੱਥੇ ਕਰਨੀ ਚਾਹਾਂਗਾ ਜੋ ਇਸ ਮੁਕੱਦਸ ਹਾਊਸ ਦੇ ਵਿੱਚ ਵੀ ਰਿਕਾਰਡ ਹੋ ਜਾਵੇਗੀ ਕਿ ਜਿਸ ਦਿਨ 21 ਜੁਲਾਈ ਤੋਂ ਬਾਅਦ ਗੁਰਬਾਣੀ ਦਾ ਪ੍ਰਸਾਰਨ ਫਰੀ ਟੂ ਏਅਰ ਔਰ ਫਰੀ ਆਫ ਕਾਸਟ ਹੋ ਗਿਆ ਤਾਂ ਤੁਸੀਂ ਜਿਹੜਾ ਵੀ ਚੈਨਲ ਲਗਾਉਗੇ, ਤੁਹਾਨੂੰ ਗੁਰਬਾਣੀ ਸੁਣਨ ਨੂੰ ਮਿਲੇਗੀ। (ਥੰਪਿੰਗ) ਭਾਵੇਂ ਕੋਈ ਖਬਰਾਂ ਵਾਲਾ ਚੈੱਨਲ ਲਗਾ ਲੈਣਾ, ਭਾਵੇਂ ਕੋਈ ਖੇਡਾਂ ਵਾਲਾ ਚੈਨਲ ਲਗਾ ਲੈਣਾ, ਤੁਸੀਂ ਜਿਹੜਾ ਮਰਜ਼ੀ ਚੈਨਲ ਲਗਾ ਲੈਣਾ, ਤੁਹਾਨੂੰ ਗੁਰਬਾਣੀ ਸੁਣਨ ਨੂੰ ਮਿਲੇਗੀ। ਮੈਂ ਇਹੀ ਚਾਹੁੰਦਾ ਹਾਂ ਕਿ ਅਸੀਂ ਜਿਹੜਾ ਮਰਜ਼ੀ ਚੈਨਲ ਲਗਾਈਏ, ਸਾਡੇ ਗੁਰੂ ਦੀ ਬਾਣੀ ਉੱਥੇ ਹੋਵੇ। ਸਾਡੇ ਗੁਰੂ ਸਾਹਿਬ ਜੀ ਨੇ ਉਦਾਸੀਆਂ ਕਰ-ਕਰ ਕੇ ਬਾਣੀ ਉਚਰੀ ਹੈ, ਪਹਿਲੀ ਉਦਾਸੀ ਤਾਂ ਹੈ ਹੀ 10 ਸਾਲ ਦੀ ਸੀ। ਭਾਈ ਮਰਦਾਨਾ ਜੀ ਰਬਾਬ ਚੁੱਕਦੇ ਸੀ, ਗੁਰੂ ਜੀ ਕਹਿੰਦੇ ਸੀ ਕਿ ਮਰਦਾਨਿਆਂ ਛੇੜ ਰਬਾਬ, ਬਾਣੀ ਉੱਤਰੀ ਹੈ। ਬਾਣੀ ਤਾਂ ਉੱਤਰੀ ਹੋਈ ਹੈ, ਇਹ ਕਿਸੇ ਦੀ ਥੋੜ੍ਹਾ ਹੈ? ਇਸ ਦਾ ਕੋਈ ਕਮਰਸ਼ੇਲਾਈਜੇਸ਼ਨ ਕਰ ਦੇਵੇ, ਇਸ ਦਾ ਕੋਈ ਵਪਾਰੀਕਰਨ ਕਰ ਦੇਵੇ, ਇਸ ਤੋਂ ਵੱਧ ਕੋਈ ਗੋਰਖ ਧੰਦਾ ਹੋ ਸਕਦਾ ਹੈ ਕਿ ਕੋਈ ਬਾਣੀ ਨੂੰ ਵੇਚੇ, ਜਿਹੜੀ ਕਿ ਸਾਰਿਆਂ ਲਈ ਹੈ ਅਤੇ ਸਾਰਿਆਂ ਨੂੰ ਅਵੇਲੇਬਲ ਹੋਣੀ ਚਾਹੀਦੀ ਹੈ। ਸੋ, ਅਸੀਂ ਤਾਂ ਇਹੀ ਕਿਹਾ ਹੈ ਕਿ ਸ਼੍ਰੋਮਣੀ ਕਮੇਟੀ ਆਪ ਫੈਸਲਾ ਕਰ ਲਵੇ । ਕੋਈ ਉੱਥੇ ਕੈਮਰੇ ਨਹੀਂ ਬਦਲਣ ਲੱਗੇ। ਉਨ੍ਹਾਂ ਨੂੰ ਅਸਲ ਵਿੱਚ ਟੈਕਨੀਕਲੀ ਪਤਾ ਹੀ ਨਹੀਂ ਹੈ ਕਿ ਕੈਮਰੇ ਨਹੀਂ ਬਦਲੇ ਜਾਣਗੇ। ਸਪੀਕਰ ਸਾਹਿਬ, ਜਿਵੇਂ ਇੱਥੇ ਵੀ ਆਪਣੇ ਅੱਗੇ ਕੋਈ ਨਹੀਂ ਲੱਗਿਆ ਹੋਇਆ ਪਰ ਸਾਰੀ ਦੁਨੀਆ ਆਪਾਂ ਨੂੰ ਲਾਈਵ ਦੇਖ ਰਹੀ ਹੈ ਜਦਕਿ ਸਿਰਫ ਦੋ ਹੀ ਕੈਮਰੇ ਲੱਗੇ ਹੋਏ ਹਨ। ਜਦੋਂ ਇੱਧਰ ਵਾਲੇ ਪਾਸੇ ਇਆਲੀ ਜੀ ਬੋਲਣਗੇ ਤਾਂ ਉਨ੍ਹਾਂ ਵਾਲੇ ਪਾਸੇ ਦਾ ਆੱਨ ਹੋ ਜਾਵੇਗਾ ਅਤੇ ਜਦੋਂ ਮੈਂ ਬੋਲਾਂਗਾ ਤਾਂ ਮੇਰੇ ਵਾਲੇ ਪਾਸੇ ਦਾ ਹੋ ਜਾਵੇਗਾ। ਸੋ, ਗੁਰਬਾਣੀ ਆਡੀਓ ਸਾਰੇ ਪਾਸੇ ਫਰੀ ਆਫ

ਕਾਸਟ ਜਾਣੀ ਚਾਹੀਦੀ ਹੈ। ਮੈਂ ਇੱਕੋ ਆਡੀਓ ਕਿਉਂ ਕਿਹਾ ਹੈ ਜੀ? ਸਾਡੇ ਬਹੁਤ ਸਾਰੇ ਪੰਜਾਬੀ ਅਜਿਹੇ ਹਨ, ਜਿਹੜੇ ਟੈਕਸੀਆਂ ਚਲਾਉਂਦੇ ਹਨ। ਉਹ ਟਰਾਂਟੋ, ਵੈਨਕੂਵਰ, ਮੈਲਬੌਰਨ, ਸਿਡਨੀ ਵਿੱਚ ਟੈਕਸੀ ਡਰਾਈਵਰ ਹਨ। ਜਿਵੇਂ ਕੋਹਲੀ ਸਾਹਿਬ ਜੀ ਨੇ ਵੀ ਦੱਸਿਆ ਕਿ ਜਿਉਗਰਾਫੀਕਲੀ ਵੀ ਟਾਈਮ ਜ਼ੋਨ ਦਾ ਫਰਕ ਹੁੰਦਾ ਹੈ। ਉਹ ਉਸ ਵੇਲੇ ਟੈਕਸੀ ਚਲਾ ਰਹੇ ਹੁੰਦੇ ਹਨ ਅਤੇ ਇੱਧਰ ਅਰਦਾਸ ਦਾ ਟਾਈਮ ਹੁੰਦਾ ਹੈ ਜਾਂ ਗੁਰਬਾਣੀ ਦਾ ਕੀਰਤਨ ਚੱਲ ਰਿਹਾ ਹੁੰਦਾ ਹੈ। ਜਿਨ੍ਹਾਂ ਨੂੰ ਟੀ.ਵੀ. ਦੀ ਅਵੇਲੇਬਿਲਟੀ ਨਹੀਂ ਹੈ, ਉਹ ਆਪਣੀ ਰੇਡੀਓ ਲਗਾ ਲਿਆ ਕਰਨਗੇ। ਹਰ ਕੋਈ ਰੇਡੀਓ ਨੂੰ ਸੁਣੇ। ਜਿਹੜੇ ਟਰੱਕਾਂ ਵਾਲੇ ਮੁੰਡੇ ਹਨ, ਉਹ ਕੈਲੀਫੋਰਨੀਆ ਤੋਂ ਸ਼ਿਕਾਗੋ, ਟਰਾਂਟੋ ਤੋਂ ਸ਼ਿਕਾਗੋ, ਇੰਡਿਆਨਾ ਆਦਿ ਵੱਲ ਜਾਂਦੇ ਹਨ। ਉਨ੍ਹਾਂ ਨੂੰ ਤਿੰਨ ਦਿਨ ਜਾਣ ਨੂੰ ਅਤੇ ਤਿੰਨ ਦਿਨ ਆਉਣ ਨੂੰ ਲੱਗ ਜਾਂਦੇ ਹਨ। ਉਨ੍ਹਾਂ ਕੋਲ ਸਿਰਫ ਰੇਡੀਓ ਹੁੰਦਾ ਹੈ। ਉੱਥੇ ਰੇਡੀਓ ਚਲਦੇ ਹਨ। ਉੱਥੇ ਜੇ ਉਹ ਬਾਣੀ ਸੁਣਨਾ ਚਾਹੁੰਦੇ ਹੋਣ ਤਾਂ ਬਾਣੀ ਸੁਣ ਸਕਦੇ ਹਨ। ਟਰੱਕ ਚਲਾਉਂਦੇ-ਚਲਾਉਂਦੇ ਬਾਣੀ ਸੁਣ ਸਕਦੇ ਹਨ। ਬਹੁਤ ਸਾਰੇ ਤਾਂ ਇਸ ਤਰ੍ਹਾਂ ਦੇ ਵੀ ਹੋਣਗੇ ਜਿਨ੍ਹਾਂ ਨੂੰ ਇਹ ਪਤਾ ਹੋਵੇਗਾ ਕਿ ਦਰਬਾਰ ਸਾਹਿਬ ਵਿਖੇ ਕਿੰਨੇ ਵਜੇ ਅਰਦਾਸ ਹੁੰਦੀ ਹੈ। ਰੈਸਟ ਏਰੀਏ ਵਿੱਚ ਉਹ ਟਰੱਕ ਰੋਕ ਕੇ ਅਰਦਾਸ ਵਿੱਚ ਸ਼ਾਮਿਲ ਹੋ ਸਕਦੇ ਹਨ। ਸਰ, ਇੱਕ ਚੀਜ਼ ਨੋਟ ਕਰਿਓ, ਇਹ ਸਾਰੇ ਆਡੀਓ ਤੇ ਨਹੀਂ ਸਿਰਫ ਵੀਡੀਓ ਤੇ ਪ੍ਰਾਬਲਮ ਖੜ੍ਹੀ ਕਰ ਰਹੇ ਹਨ ਕਿਉਂਕਿ ਇਨ੍ਹਾਂ ਦਾ ਚੈਨਲ ਹੈ। ਰੇਡੀਓ ਇਨ੍ਹਾਂ ਦਾ ਨਹੀਂ ਹੈ। (ਹਾਸਾ) (ਥੰਪਿੰਗ) ਆਡੀਓ ਤੇ ਕੋਈ ਪ੍ਰਾਬਲਮ ਨਹੀਂ ਹੈ। ਵੀਡੀਓ ਇਨ੍ਹਾਂ ਦੀ ਹੈ। ਸਰ ਇਸ ਤਰ੍ਹਾਂ ਤਾਂ ਨਹੀਂ ਹੋਵੇਗਾ। ਜਿਸ ਤਰ੍ਹਾਂ ਮੇਰੇ ਸਾਥੀਆਂ ਨੇ ਕਿਹਾ ਹੈ ਕਿ ਅਸੀਂ ਵੀ ਨਿਮਾਣੇ ਸਿੱਖ ਹਾਂ। ਅਸੀਂ ਵੀ ਚਾਹੁੰਦੇ ਹਾਂ ਕਿ ਸਾਡੇ ਧਰਮ ਦੀ ਜੈ-ਜੈ ਕਾਰ ਪੂਰੀ ਦੁਨੀਆ ਵਿੱਚ ਹੋਵੇ। ਅੱਜ ਜਿਹੜੇ ਬੱਚੇ ਸਮਝਦਾਰ ਹੋਏ ਹਨ, ਜਾਂ ਜਿਹੜੇ ਬੱਚੇ ਛੋਟੇ ਹਨ, ਉਨ੍ਹਾਂ ਨੇ ਤਾਂ ਅਜੇ ਬਾਣੀ ਪੜ੍ਹਨੀ ਹੈ। ਬਾਣੀ ਤੋਂ ਸਿੱਖਿਆਵਾਂ ਲੈ ਕੇ ਪ੍ਰੇਰਿਤ ਹੋਣਾ ਹੈ। ਸੋ, ਇਸ ਕਰਕੇ ਜਿਹੜਾ ਕਿਸੇ ਖਾਸ ਬੰਦੇ ਦਾ ਚੈਨਲ ਹੈ ਅਤੇ ਉਸ ਬੰਦੇ ਦਾ ਜਾਂ ਉਸ ਪਰਿਵਾਰ ਦਾ ਕਮੇਟੀ ਤੇ ਪ੍ਰਭਾਵ ਹੋਣ ਕਾਰਨ ਉਨ੍ਹਾਂ ਦੇ ਚੈਨਲ ਹੀ ਇਹ ਚਲਾਉਣਗੇ, ਇਹ ਨਹੀਂ ਹੋ ਸਕਦਾ। ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਪੀ.ਟੀ.ਸੀ. ਨੂੰ ਕੋਈ ਵਿਰੋਧ ਨਹੀਂ ਕਰਨਾ ਚਾਹੀਦਾ ਕਿਉਂਕਿ ਪੀ.ਟੀ.ਸੀ. ਨੂੰ ਫਰੀ ਦੇ ਵਿੱਚ ਫੀਡ ਮਿਲੇਗੀ। ਉਹ ਉਸੇ ਟਾਈਮ ਤੇ ਹੀ ਗੁਰਬਾਣੀ ਚਲਾ ਸਕਦੇ ਹਨ। ਮੈਂ ਉਨ੍ਹਾਂ ਨੂੰ ਕਦੋਂ ਰੋਕਿਆ ਹੈ? ਮੈਂ ਤਾਂ ਇਹ ਕਹਿੰਦਾ ਹਾਂ ਕਿ ਬਾਕੀ ਚੈਨਲਾਂ ਤੇ ਵੀ ਗੁਰਬਾਣੀ ਦਾ ਪ੍ਰਸਾਰਣ ਸ਼ੁਰੂ ਕੀਤਾ ਜਾਵੇ। ਸਾਰੇ ਚੈਨਲਾਂ ਦੀ ਆਪਣੀ-ਆਪਣੀ reach ਹੈ। ਕੋਈ ਨਾਰਥ ਇੰਡੀਆ ਵਿੱਚ ਚਲਦਾ ਹੈ, ਕੋਈ ਚੈਨਲ ਸਾਊਥ ਇੰਡੀਆ ਵਿੱਚ ਚਲਦਾ ਹੈ। ਕੋਈ ਚੈਨਲ ਇਕੱਲੇ ਕੈਨੇਡਾ ਵਿੱਚ ਚਲਦਾ ਹੈ, ਕੋਈ ਯੂ.ਕੇ. ਵਿੱਚ ਚਲਦਾ ਹੈ। ਸਾਰੇ ਚੈਨਲਾਂ ਦੀ ਆਪਣੀ-ਆਪਣੀ reach ਹੈ। ਸੋ, ਜਿੱਥੇ ਵੀ ਜਿਹੜੇ ਚੈਨਲ ਦੀ reach ਹੋਵੇ, ਗੁਰੂ ਸਾਹਿਬ ਦੀ ਬਾਣੀ ਉੱਥੇ ਤੱਕ ਜਾਵੇ। ਸਾਡੇ ਗੁਰੂ ਸਾਹਿਬ ਦੀਆਂ

ਸਿੱਖਿਆਵਾਂ ਗੁਰਬਾਣੀ ਰਾਹੀਂ ਉੱਥੇ ਤੱਕ ਜਾਣੀਆਂ ਚਾਹੀਦੀਆਂ ਹਨ। ਸਾਡਾ ਇਹ ਮਕਸਦ ਹੈ ਜੀ। ਅਸੀਂ ਧਰਮ ਦੇ ਨਾਂ ਤੇ ਵੋਟਾਂ ਨਹੀਂ ਮੰਗਦੇ ਹਾਂ। ਅਸੀਂ ਤਾਂ ਬਿਜਲੀ ਦੇ ਨਾਂ ਤੇ, ਸਕੂਲਾਂ ਦੇ ਨਾਂ ਤੇ, ਮੁਹੱਲਾ ਕਲੀਨਿਕਾਂ ਦੇ ਨਾਂ ਤੇ ਵੋਟਾਂ ਮੰਗਦੇ ਹਾਂ। (ਥੰਪਿੰਗ) ਸੁੱਖੀ ਜੀ ਬੈਠੇ ਹਨ, ਇਹ ਜਲੰਧਰ ਇਲੈਕਸ਼ਨ ਲੜੇ ਸਨ। ਸਪੀਕਰ ਸਾਹਿਬ, ਅਸੀਂ ਤਾਂ ਕਦੇ ਨਹੀਂ ਕਿਹਾ ਕਿ ਕਿਸੇ ਜਾਤੀ ਨੂੰ ਵੋਟ ਪਾਓ ਜਾਂ ਕਿਸੇ ਧਰਮ ਨੂੰ ਵੋਟ ਪਾਓ। ਅਸੀਂ ਤਾਂ ਸਿਰਫ ਆਪਣਾ ਪ੍ਰਚਾਰ ਕੀਤਾ ਹੈ ਅਤੇ ਇਨ੍ਹਾਂ ਨੇ ਆਪਣਾ ਪ੍ਰਚਾਰ ਕੀਤਾ ਹੈ। ਹਾਂ, ਉਮੀਦ ਸਾਰਿਆਂ ਨੂੰ ਹੁੰਦੀ ਹੈ ਅਤੇ ਆਖਰੀ ਮਸ਼ੀਨ ਖੁੱਲ੍ਹਣ ਤੱਕ ਵੀ ਉਮੀਦ ਜਾਗਦੀ ਰਹਿਣੀ ਚਾਹੀਦੀ ਹੈ ਕਿਉਂਕਿ ਉਮੀਦ ਤੇ ਦੁਨੀਆ ਕਾਇਮ ਹੈ। ਸੋ, ਲੋਕਾਂ ਨੇ ਸਾਡੇ ਕੰਮਾਂ ਨੂੰ ਪਸੰਦ ਕਰ ਲਿਆ। ਅਸੀਂ ਕਦੇ ਕਿਸੇ ਧਰਮ ਵਿੱਚ ਕੋਈ ਦਖਲ ਨਹੀਂ ਦਿੰਦੇ। ਅਸੀਂ ਤਾਂ ਕਹਿੰਦੇ ਹਾਂ ਕਿ ਸਾਰੇ ਧਰਮ ਬਰਾਬਰ ਹਨ। ਜੇ ਕਿਸੇ ਨੂੰ ਨਿੰਮ ਦਾ ਦਰਖਤ ਪੂਜ ਕੇ ਸੰਤੁਸ਼ਟੀ ਮਿਲਦੀ ਹੈ ਤਾਂ ਮੈਨੂੰ ਇਹ ਕਹਿਣ ਦਾ ਕੋਈ ਹੱਕ ਨਹੀਂ ਕਿ ਤੇਰੇ ਨਿੰਮ ਨਾਲੋਂ ਮੇਰੀ ਟਾਹਲੀ ਜ਼ਿਆਦਾ ਵਧੀਆ ਹੈ। ਉਸ ਨੂੰ ਨਿੰਮ ਪੂਜ ਕੇ ਸੰਤੁਸ਼ਟੀ ਮਿਲਦੀ ਹੈ ਤਾਂ ਮਿਲਣ ਦੇਵੋ। ਉਸ ਦੀ ਜਿੱਥੇ ਆਸਥਾ ਲੱਗੀ ਹੈ ਤਾਂ ਲੱਗੀ ਰਹਿਣ ਦੇਵੋ। (ਥੰਪਿੰਗ) ਸੋ, ਸਾਡੇ ਕੋਲ ਇੱਕ ਸ਼ਬਦ ਗੁਰੂ ਹੈ। ਉਹ ਦੁਨੀਆ ਦੇ ਕਿਸੇ ਹੋਰ ਧਰਮ ਕੋਲ ਨਹੀਂ ਹੈ। ਸਾਡੇ ਕੋਲ ਇੱਕ ਸ਼ਬਦ ਗੁਰੂ ਹੈ ਜਿਸ ਦੇ ਕਿਸੇ ਵੀ ਅੰਗ ਨੂੰ ਪੜ੍ਹੋਗੇ ਤਾਂ ਵਿਸਥਾਰ ਕਰਨ ਵਾਸਤੇ 2-2 ਮਹੀਨੇ ਲੱਗ ਸਕਦੇ ਹਨ। ਸੋ, ਇਸ ਦਾ ਪ੍ਰਚਾਰ ਅਤੇ ਪ੍ਰਸਾਰ ਹੋਣਾ ਚਾਹੀਦਾ ਹੈ। 550 ਸਾਲ ਪਹਿਲਾਂ ਲਿਖਿਆ ਗਿਆ ਹੈ, "ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।।" ਉਸ ਸਮੇਂ ਨਾ ਤਾਂ ਕੋਈ ਫੈਕਟਰੀਆਂ ਹੋਣਗੀਆਂ ਜਿਹੜੀਆਂ ਧੂੰਆਂ ਕਰਦੀਆਂ ਹੋਣਗੀਆਂ। ਨਾ ਕੋਈ ਥੱਲੇ ਬੋਰ ਲਾ ਕੇ ਪਾਣੀ ਡੰਪ ਕਰਦਾ ਹੋਵੇਗਾ। ਉਸ ਸਮੇਂ ਨਾ ਹੀ ਕੋਈ ਮੋਨੋਕਰੋਟੋਫਾਸਟ ਦੀ ਸਪਰੇਅ ਕਰਦਾ ਹੋਵੇਗਾ ਪਰ ਉਸ ਵੇਲੇ ਲਿਖਿਆ ਗਿਆ ਹੈ, "ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।।" ਭਾਵ ਇਹ ਤਿੰਨੇ ਬਚਾ ਲਵੋ, ਹਵਾ, ਪਾਣੀ ਅਤੇ ਧਰਤੀ। ਅੱਜ ਅਸੀਂ ਇਨ੍ਹਾਂ ਤਿੰਨਾਂ ਨੂੰ ਬਚਾਉਣ ਲਈ ਜੂਝ ਰਹੇ ਹਾਂ, ਇਨ੍ਹਾਂ ਤਿੰਨਾਂ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਾਂ। ਰਵਿੰਦਰ ਨਾਥ ਟੈਗੋਰ ਜੀ ਨੂੰ ਪੁੱਛਿਆ ਗਿਆ ਸੀ ਕਿ ਤੁਸੀਂ ਨੈਸ਼ਨਲ ਐਂਥਮ (ਜਨ,ਗਣ,ਮਨ) ਲਿਖ ਦਿੱਤਾ। ਬਹੁਤ ਵਧੀਆ ਨੈਸ਼ਨਲ ਐਂਥਮ ਹੈ। ਤੁਸੀਂ ਵਰਲਡ ਐਂਥਮ ਵੀ ਲਿਖ ਦੇਵੋ ਤਾਂ ਰਵਿੰਦਰ ਨਾਥ ਟੈਗੋਰ ਜੀ ਦਾ ਜਵਾਬ ਸੀ ਕਿ ਵਰਲਡ ਐਂਥਮ ਤਾਂ ਆਲਰੇਡੀ ਗੁਰੂ ਨਾਨਕ ਸਾਹਿਬ ਲਿਖ ਗਏ ਹਨ। ਉਹ ਹੈ ਆਰਤਾ। (ਥੰਪਿੰਗ) ਉਸ ਵਿੱਚ ਲੱਖਾਂ ਪਾਤਾਲ, ਲੱਖਾਂ ਸੂਰਜਾਂ ਦੀ ਗੱਲ ਕੀਤੀ ਗਈ ਹੈ। ਵਰਲਡ ਐਂਥਮ ਤਾਂ ਗੁਰੂ ਨਾਨਕ ਸਾਹਿਬ ਲਿਖ ਗਏ ਹਨ। ਸੋ, ਜਿਹੜੀ ਬਾਣੀ ਦੇ ਵਿੱਚ ਵਰਲਡ ਐਂਥਮ ਲਿਖਿਆ ਹੋਇਆ ਹੈ, ਉਹ ਪੂਰੇ ਵਰਲਡ ਵਿੱਚ ਕਿਉਂ ਨਹੀਂ ਜਾ ਸਕਦੀ? ਇਕੋ ਹੀ ਚੈਨਲ ਤੇ ਇੱਕੋ ਹੀ ਡਿਸ਼ ਤੇ ਜਾਂ ਇਕ ਹੀ ਟੀ.ਵੀ ਤੱਕ ਕਿਉਂ ਮਹਿਦੂਦ ਹੈ? ਇੱਕ ਹੀ ਚੈਨਲ ਤੇ ਕਿਉਂ ਰਾਖਵੀਂ ਹੈ? ਇਹ ਗਲਤ ਗੱਲ ਹੈ। ਸੋ, ਅਸੀਂ ਚਾਹੁੰਦੇ

ਹਾਂ ਕਿ ਪਵਿੱਤਰ ਗੁਰਬਾਣੀ ਘਰ-ਘਰ ਜਾਵੇ। ਅੱਜ ਕੱਲ੍ਹ ਦੇ ਜ਼ਮਾਨੇ ਵਿੱਚ ਬੰਦਾ ਜਿੱਥੇ ਵੀ ਜਾਵੇ, ਜਦੋਂ ਗੁਰਬਾਣੀ ਸੁਣਨ ਵਾਸਤੇ ਮੋਬਾਈਲ ਨੂੰ ਹੱਥ ਲਗਾਵੇ ਤਾਂ ਗੁਰਬਾਣੀ ਆਵੇ, ਟੀ.ਵੀ. ਦਾ ਸਵਿੱਚ ਲਗਾਵੇ ਤਾਂ ਗੁਰਬਾਣੀ ਆਵੇ।ਗੁਰਬਾਣੀ ਸੁਣਨ ਦੀ ਭਾਵਨਾ ਨਾਲ ਜਿੱਥੇ ਵੀ ਬੰਦਾ ਹੱਥ ਲਾਵੇ, ਭਾਵੇਂ ਰੇਡੀਉ, ਮੋਬਾਈਲ ਜਾਂ ਟੀ.ਵੀ. ਹੋਵੇ, ਉਥੇ ਗੁਰਬਾਣੀ ਚੱਲੇ। ਸੋ, ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਪਵਿੱਤਰ ਸਦਨ ਵਿੱਚ ਇਸ ਪਵਿੱਤਰ ਡਿਬੇਟ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਆਪਣੇ ਆਪ ਨੂੰ ਵਡਭਾਗਾ ਸਮਝਦਾ ਹਾਂ ਅਤੇ ਜੇਕਰ ਗੁਰੂ ਸਾਹਿਬ ਨੇ ਬਖਸ਼ਿਸ ਕੀਤੀ ਤਾਂ ਲਗਭਗ ਮਹੀਨੇ ਬਾਅਦ ਸਾਨੂੰ ਆਪਣੇ ਗੁਰੂਆਂ ਦੀ ਗੁਰਬਾਣੀ ਹਰ ਜਗ੍ਹਾ ਸੁਣਨ ਨੂੰ ਮਿਲੇਗੀ। ਤੁਸੀਂ ਮੈਨੂੰ ਬੋਲਣ ਲਈ ਮੌਕਾ ਦਿੱਤਾ, ਤੁਹਾਡਾ ਬਹੁਤ ਬਹੁਤ ਧੰਨਵਾਦ। (ਥੰਪਿੰਗ)

**ਮਾਣਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਸਿੱਖ ਗੁਰਦੁਆਰਾਜ਼ (ਸੋਧਨਾ) ਬਿਲ, 2023 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਣਯੋਗ ਸਪੀਕਰ:** ਇਆਲੀ ਸਾਹਿਬ, ਹਾਂ ਹੈ ਕਿ ਨਾਂਹ ਹੈ?

**ਸਰਦਾਰ ਮਨਪ੍ਰੀਤ ਸਿੰਘ ਇਆਲੀ:** ਨਾਂਹ ਜੀ।

**ਮਾਣਯੋਗ ਸਪੀਕਰ:** ਠੀਕ ਹੈ ਜੀ।

***ਪ੍ਰਸਤਾਵ ਪ੍ਰਵਾਨ ਹੋਇਆ। (ਥੰਪਿੰਗ)***

**ਮਾਣਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਣਯੋਗ ਸਪੀਕਰ: ਪ੍ਰਸ਼ਨ ਹੈ –**

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 2**

**ਮਾਣਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਣਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

**ਸਿਰਲੇਖ**

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮਾਣਯੋਗ ਸਪੀਕਰ :** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਮੁੱਖ ਮੰਤਰੀ (ਸ਼੍ਰੀ ਭਗਵੰਤ ਮਾਨ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਸਿੱਖ ਗੁਰਦੁਆਰਾਜ਼ (ਸੋਧਨਾ) ਬਿਲ, 2023 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ :ਪ੍ਰਸਤਾਵ ਕੀਤਾ -**

ਕਿ ਸਿੱਖ ਗੁਰਦੁਆਰਾਜ਼ (ਸੋਧਨਾ) ਬਿਲ, 2023 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ : ਪ੍ਰਸ਼ਨ ਹੈ -**

ਕਿ ਸਿੱਖ ਗੁਰਦੁਆਰਾਜ਼ (ਸੋਧਨਾ) ਬਿਲ, 2023 ਪਾਸ ਕੀਤਾ ਜਾਵੇ।

*ਪ੍ਰਸਤਾਵ ਪ੍ਰਵਾਨ ਹੋਇਆ।*

-----------

## WELCOME ANNOUNCEMENT BY THE SPEAKER

**ਮਾਣਯੋਗ ਸਪੀਕਰ:** ਅੱਜ ਇੱਥੇ ਸਾਡੇ ਪੰਜਾਬ ਦਾ ਭਵਿੱਖ, ਜਿਵੇਂ ਕਿ ਮਾਣਯੋਗ ਮੁੱਖ ਮੰਤਰੀ ਸਾਹਿਬ ਨੇ ਦੱਸਿਆ ਹੈ ਕਿ ਮੈਰੀਟੋਰੀਅਸ ਬੱਚੇ, ਜਿਹੜੇ ਕਿ ਮੈਰਿਟ ਵਿੱਚ ਆਏ ਹਨ, ਸਦਨ ਦੀ ਕਾਰਵਾਈ ਵੇਖਣ ਲਈ ਆਏ ਹਨ। ਮੈਂ ਇਨ੍ਹਾਂ ਸਾਰਿਆਂ ਨੂੰ ਹਾਊਸ ਵੱਲੋਂ 'ਜੀ ਆਇਆਂ' ਕਹਿੰਦਾ ਹਾਂ। (ਥੰਪਿੰਗ) ਇਸ ਦੇ ਨਾਲ ਹੀ ਮੈਂ ਇਨ੍ਹਾਂ ਦੇ ਅਧਿਆਪਕਾਂ ਅਤੇ ਮਾਤਾ-ਪਿਤਾ ਨੂੰ ਵੀ ਵਧਾਈ ਦਿੰਦਾ ਹਾਂ, ਜਿਨ੍ਹਾਂ ਦੀ ਮਿਹਨਤ ਸਦਕਾ ਇਹ ਬੱਚੇ ਪੰਜਾਬ ਦਾ ਭਵਿੱਖ ਸੰਵਾਰਨ ਲਈ ਤਿਆਰ ਹੋ ਰਹੇ ਹਨ। ਬਹੁਤ ਬਹੁਤ ਧੰਨਵਾਦ।

----------

## LEGISLATIVE BUSINESS *(RESUMPTION)*

## 4. PUNJAB UNIVERSITIES LAWS (AMENDMENT) BILL, 2023

**ਮਾਣਯੋਗ ਸਪੀਕਰ:** ਸਰਦਾਰ ਹਰਜੋਤ ਸਿੰਘ ਬੈਂਸ, ਉਚੇਰੀ ਸਿੱਖਿਆ ਮੰਤਰੀ, ਬਿਲ ਪੇਸ਼ ਕਰਨ।

**ਉਚੇਰੀ ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ):** ਸ਼੍ਰੀਮਾਨ ਜੀ, ਮੈਂ ਪੰਜਾਬ ਯੂਨੀਵਰਸਿਟੀਜ਼ ਲਾਅਜ਼ (ਸੋਧਨਾ) ਬਿਲ, 2023 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ –

ਕਿ ਪੰਜਾਬ ਯੂਨੀਵਰਸਿਟੀਜ਼ ਲਾਅਜ਼ (ਸੋਧਨਾ) ਬਿਲ, 2023 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਣਯੋਗ ਸਪੀਕਰ: ਪ੍ਰਸਤਾਵ ਕੀਤਾ–**

ਕਿ ਪੰਜਾਬ ਯੂਨੀਵਰਸਿਟੀਜ਼ ਲਾਅਜ਼ (ਸੋਧਨਾ) ਬਿਲ, 2023 ਤੇ ਤੁਰੰਤ ਵਿਚਾਰ ਕੀਤਾ ਜਾਵੇ।

(ਬਹਿਸ)

**ਮੁੱਖ ਮੰਤਰੀ (ਸ੍ਰੀ ਭਗਵੰਤ ਮਾਨ) :** ਸਪੀਕਰ ਸਾਹਿਬ, ਮੈਂ ਹਾਇਰ ਐਜੂਕੇਸ਼ਨ ਮਨਿਸਟਰ ਸਾਹਿਬ ਦਾ ਧੰਨਵਾਦ ਕਰਦਾ ਹਾਂ । ਸਰ, ਪੰਜਾਬ ਦੇ ਵਿੱਚ ਇਸ ਵਕਤ 32 ਯੂਨੀਵਰਸਿਟੀਆਂ ਹਨ, ਪ੍ਰਾਈਵੇਟ ਯੂਨੀਵਰਸਿਟੀਆਂ ਜ਼ਿਆਦਾ ਹੋ ਗਈਆਂ ਹਨ, ਕਿਉਂਕਿ ਕੈਰੀਅਰ ਰਿਲੇਟਿਡ ਆਪਰਚੁਨਿਟੀਜ਼, ਮੌਕੇ ਬਹੁਤ ਸਾਰੇ ਖੁੱਲ੍ਹ ਗਏ ਹਨ। ਪਹਿਲੀਆਂ ਸਰਕਾਰਾਂ ਨੇ ਕਦੇ ਐਜੂਕੇਸ਼ਨ ਵੱਲ, ਯੂਨੀਵਰਸਿਟੀਆਂ ਵੱਲ ਧਿਆਨ ਹੀ ਨਹੀਂ ਦਿੱਤਾ ਤੇ ਨਾ ਹੀ ਉਨ੍ਹਾਂ ਵੱਲ ਕਿਸੇ ਨੇ ਕੋਈ ਸਵੱਲੀ ਨਜ਼ਰ ਨਾਲ ਦੇਖਿਆ। ਸਪੀਕਰ ਸਾਹਿਬ, ਯੂਨੀਵਰਸਿਟੀਆਂ ਕਰਜ਼ਈ ਹੋ ਗਈਆਂ, ਖਾਸ ਤੌਰ ਉਤੇ ਸਰਕਾਰੀ ਯੂਨੀਵਰਸਿਟੀਆਂ ਕਰਜ਼ਈ ਹੋ ਗਈਆਂ। ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਜਾਬੀ ਮਾਂ ਬੋਲੀ ਦੇ ਪ੍ਰਚਾਰ, ਪ੍ਰਸਾਰ ਲਈ ਬਣੀ ਸੀ। ਪੂਰਾ ਮਾਲਵਾ ਖੇਤਰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਜੁੜਿਆ ਹੋਇਆ ਹੈ ਅਤੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨਾਲ 172 ਕਾਲਜ ਐਫੀਲੀਏਟਿਡ ਹਨ। ਅਬੋਹਰ, ਫਾਜ਼ਿਲਕਾ, ਫਿਰੋਜ਼ਪੁਰ, ਸ਼ਹੀਦ ਭਗਤ ਸਿੰਘ ਨਗਰ ਦੇ ਸਾਰੇ ਕਾਲਜ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨਾਲ ਜੁੜੇ ਹੋਏ ਹਨ। ਪੰਜਾਬ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੀ ਹੈ।

ਸਪੀਕਰ ਸਾਹਿਬ, ਪ੍ਰਾਈਵੇਟ ਯੂਨੀਵਰਸਿਟੀਆਂ ਵਾਲੇ ਨਾਲ ਦੀ ਨਾਲ ਆਪਣਾ ਹਿੱਤ ਵੀ ਵੇਖਦੇ ਹਨ, ਪ੍ਰਾਫਿਟ ਵੀ ਵੇਖਦੇ ਹਨ ਪਰ ਜਿਹੜੀਆਂ ਸਰਕਾਰੀ ਯੂਨੀਵਰਸਿਟੀਆਂ ਹਨ, ਉਹ ਕਰਜ਼ਈ ਹੋ ਗਈਆਂ। ਮੈਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਗਿਆ ਤਾਂ ਪਤਾ ਲੱਗਿਆ ਕਿ ਮੁਲਾਜ਼ਮਾਂ ਦੀਆਂ ਤਨਖਾਹਾਂ ਦੇਣ ਨੂੰ ਪੈਸੇ ਨਹੀਂ ਹਨ। ਮੈਂ ਆ ਕੇ ਸੈਕਟਰੀ ਫਾਈਨਾਂਸ ਨਾਲ ਗੱਲ ਕੀਤੀ, ਐਜੂਕੇਸ਼ਨ ਮਨਿਸਟਰ ਨਾਲ ਗੱਲ ਕੀਤੀ, ਫਾਈਨਾਂਸ ਮਨਿਸਟਰ ਸਾਹਿਬ ਨਾਲ ਗੱਲ ਕੀਤੀ। ਮੈਂ ਮਾਣਯੋਗ ਵਿੱਤ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ 30 ਕਰੋੜ ਰੁਪਿਆ ਪ੍ਰਤੀ ਮਹੀਨਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਜਾਰੀ ਕਰਨ ਦਾ ਫੈਸਲਾ ਕੀਤਾ ਹੈ ਤਾਂ ਜੋ ਉਹ ਕਿਤੇ ਬੰਦ ਹੋਣ ਦੇ ਕਿਨਾਰੇ ਨਾ ਪਹੁੰਚ ਜਾਵੇ। (ਥੰਪਿੰਗ) ਜਿਵੇਂ ਬਾਬਾ ਫਰੀਦ

ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼, ਫਰੀਦਕੋਟ ਜਾਂ ਪੰਜਾਬ ਟੈਕਨੀਕਲ ਯੂਨੀਵਰਸਿਟੀ ਹੈ। ਹੁਣ ਦਿੱਕਤ ਕੀ ਆਉਂਦੀ ਹੈ? ਸਪੀਕਰ ਸਾਹਿਬ, ਜੇ ਪਿੰਡ ਦਾ ਸਰਪੰਚ ਵਧੀਆ ਹੋਵੇ ਤਾਂ ਪਿੰਡ ਦਾ ਕਲਿਆਣ ਹੋ ਜਾਂਦਾ ਹੈ, ਡੀ.ਸੀ. ਵਧੀਆ ਹੋਵੇ ਤਾਂ ਜ਼ਿਲ੍ਹੇ ਦਾ ਕਲਿਆਣ ਹੋ ਜਾਂਦਾ ਹੈ, ਐਮ.ਐਲ.ਏ. ਵਧੀਆ ਆ ਜਾਵੇ ਤਾਂ ਹਲਕੇ ਦਾ ਕਲਿਆਣ ਹੋ ਜਾਂਦਾ ਹੈ, ਐਮ.ਪੀ. ਵਧੀਆ ਆ ਜਾਵੇ ਤਾਂ 9 ਹਲਕਿਆਂ ਦਾ ਕਲਿਆਣ ਹੋ ਜਾਂਦਾ ਹੈ, ਜੇ ਮੁੱਖ ਮੰਤਰੀ ਵਧੀਆ ਆ ਜਾਵੇ ਤਾਂ ਸੂਬੇ ਦਾ ਕਲਿਆਣ ਹੋ ਜਾਂਦਾ ਹੈ ਤੇ ਜੇ ਪ੍ਰਧਾਨ ਮੰਤਰੀ ਵਧੀਆ ਆ ਜਾਵੇ ਤਾਂ ਪੂਰੇ ਦੇਸ਼ ਦਾ ਕਲਿਆਣ ਹੋ ਜਾਂਦਾ ਹੈ। ਯੂਨੀਵਰਸਿਟੀ ਵਿੱਚ ਵੀ.ਸੀ. ਵਧੀਆ ਆ ਜਾਵੇ ਤਾਂ ਉਸ ਦਾ ਕਲਿਆਣ ਹੋ ਜਾਂਦਾ ਹੈ, ਵੀ.ਸੀ. ਦੀ ਜੇ ਇਹ ਚਾਹਤ ਹੋਵੇ ਕਿ ਮੈਂ ਇਸ ਸੰਸਥਾ ਨੂੰ ਉੱਪਰ ਲੈ ਕੇ ਜਾਣਾ ਹੈ ਤਾਂ ਉਸ ਸੰਸਥਾ ਨੂੰ ਉੱਪਰ ਜਾਣ ਤੋਂ ਕੋਈ ਰੋਕ ਹੀ ਨਹੀਂ ਸਕਦਾ, ਚਾਹੇ ਉਹ ਸਪੋਰਟਸ ਵਿੱਚ ਹੋਵੇ, ਅਕੈਡਮਿਕ ਫੀਲਡ ਹੋਵੇ, ਕਲਾ ਵਿੱਚ ਹੋਵੇ, ਜਿਧਰ ਮਰਜ਼ੀ ਹੋਵੇ। ਸਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਗੱਲ ਕਰੀਏ ਤਾਂ ਬਹੁਤ ਸਾਰੇ ਵੱਡੇ ਵੱਡੇ ਕਲਾਕਾਰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਗੁਰੂ ਤੇਗ ਬਹਾਦਰ ਹਾਲ ਵਿਚ ਪ੍ਰਫਾਰਮ ਕਰਕੇ ਵੱਡੇ ਬਣੇ ਹਨ। ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦਾ ਵੀ ਬੜਾ ਵੱਡਾ ਇਤਿਹਾਸ ਹੈ, ਡਾਕਟਰ ਮਨਮੋਹਨ ਸਿੰਘ ਜੀ ਤੋਂ ਲੈ ਕੇ ਸ਼੍ਰੀ ਅਨੁਪਮ ਖੇਰ, ਕਿੰਨੇ ਕਿੰਨੇ ਵੱਡੇ ਵੱਡੇ ਕਲਾਕਾਰ ਤੇ ਬਿਜ਼ਨਸਮੈਨ ਇਸ ਯੂਨੀਵਰਸਿਟੀ ਦੇ Alumni ਹੋਏ ਹਨ। ਸੋ, ਅਸੀਂ ਪੰਜਾਬ ਦੇ ਕਲਚਰ ਨੂੰ ਜਾਣਦਿਆਂ, ਇੱਥੇ ਵਧੀਆ ਵੀ.ਸੀ. ਲਗਾਉਣਾ ਚਾਹੁੰਦੇ ਹਾਂ ਪਰ ਫਿਰ ਉਹੀ ਗੱਲ, ਇੱਕ ਉਧਰੋਂ ਭੇਜਿਆ ਹੋਇਆ, ਪਤਾ ਨਹੀਂ ਮਹਾਂਰਾਸ਼ਟਰ ਤੋਂ ਹੋਵੇਗਾ ਜਾਂ ਨਾਗਾਲੈਂਡ ਤੋਂ ਹੋਵੇਗਾ ਪਤਾ ਨਹੀਂ ਉਹ ਕਿਥੋਂ ਹੋਵੇਗਾ, ਗਵਰਨਰ ਕਹਿੰਦਾ ਹੈ ਕਿ ਤੁਸੀਂ ਤਿੰਨ ਨਾਂ ਲਿਖ ਕੇ ਦਿਉ,ਫਿਰ ਉਨ੍ਹਾਂ ਵਿਚੋਂ ਮੈਂ ਚੁਣਾਂਗਾ, ਤੁਸੀਂ ਨਹੀਂ ਚੁਣ ਸਕਦੇ। ਕਮਾਲ ਹੈ, ਸਰ? ਜੇ ਅਸੀਂ ਆਪਣੀ ਯੂਨੀਵਰਸਿਟੀ ਦਾ ਵੀ.ਸੀ. ਵੀ ਨਹੀਂ ਲਗਾ ਸਕਦੇ ਤਾਂ ਫਿਰ ਲੋਕਾਂ ਦੇ ਫਤਵੇ ਦਾ ਤਾਂ ਨਿਰਾਦਰ ਹੋ ਗਿਆ। ਪੱਛਮੀ ਬੰਗਾਲ ਨੇ ਇਹ ਰੂਲ ਲਾਗੂ ਕਰ ਲਿਆ ਹੈ, ਪੰਜਾਬ ਦੇ ਵਿੱਚ ਅੱਜ ਅਸੀਂ ਇੱਕ ਐਕਟ ਲੈ ਕੇ ਆਏ ਹਾਂ ਕਿ ਸਪੀਕਰ ਸਾਹਿਬ, ਹਾਲਾਂ ਕਿ ਸਾਈਨ ਉਨ੍ਹਾਂ ਨੇ (ਗਵਰਨਰ) ਹੀ ਕਰਨੇ ਹਨ, ਅਸੀਂ ਉਨ੍ਹਾਂ ਤੋਂ ਸਾਈਨ ਕਰਵਾਵਾਂਗੇ। ਪੰਜਾਬ ਦੀਆਂ ਸਾਰੀਆਂ ਯੂਨੀਵਰਸਿਟੀਆਂ ਦਾ ਚਾਂਸਲਰ ਰਾਜਪਾਲ ਨਹੀਂ ਹੋਵੇਗਾ। ਬਲਕਿ ਮੁੱਖ ਮੰਤਰੀ ਹੋਵੇਗਾ। (ਥੰਪਿੰਗ) ਪੰਜਾਬ ਦਾ ਮੁੱਖ ਮੰਤਰੀ ਚਾਂਸਲਰ ਹੋਵੇਗਾ। ਉਹ ਆਪਣੇ ਹਿਸਾਬ ਨਾਲ ਵੀ.ਸੀ. ਲਾ ਸਕਦਾ ਹੈ। ਸੋ, ਇਸ ਐਕਟ ਵਿੱਚ ਅਸੀਂ ਜੋ ਲੈ ਕੇ ਆਏ ਹਾਂ, ਅਜਿਹਾ ਬੰਗਾਲ ਵਿੱਚ ਆਲਰੇਡੀ ਚੱਲ ਰਿਹਾ ਹੈ। ਸਪੀਕਰ ਸਾਹਿਬ, ਮੈਂ ਪਿਛਲੇ ਦਿਨੀਂ ਦੇਖਿਆ ਹੈ, ਜਦੋਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨਾਲ ਸਬੰਧਤ ਕਾਲਜਾਂ ਦੀ ਐਫੀਲੀਏਸ਼ਨ ਦਾ ਮਾਮਲਾ ਸੀ ਤਾਂ ਪੰਜਾਬ ਦੇ ਰਾਜਪਾਲ ਸਾਹਿਬ, ਮੈਂ ਅਤੇ ਖੱਟੜ ਸਾਹਿਬ ਇਕੱਠੇ ਹੋਏ ਸੀ। ਡਿਪਟੀ ਸਪੀਕਰ ਸਾਹਿਬ ਬੈਠੇ ਹਨ, ਡੁਹਾਡੇ ਏਰੀਏ ਵਿੱਚ ਵੀ ਕਾਲਜਿਜ਼ ਹਨ।

ਹਰਿਆਣਾ ਦੇ ਕਾਲਜ ਆਲਰੇਡੀ ਕੁਰੂਕਸ਼ੇਤਰ ਯੂਨੀਵਰਸਿਟੀ ਨਾਲ ਐਫੀਲੀਏਟਿਡ ਹਨ। ਉਨ੍ਹਾਂ ਬਾਰੇ ਕਿਹਾ ਜਾ ਰਿਹਾ ਸੀ ਪਰੰਤੂ ਮੈਂ ਨਹੀਂ ਕਿਹਾ ਕਿ ਸਾਡੇ ਕੋਲ ਆਲਰੇਡੀ 172 ਕਾਲਜ ਹਨ, ਅਸੀਂ ਨਹੀਂ ਕਰ ਸਕਦੇ। ਫੇਰ ਕਹਿਣ ਲੱਗੇ, ਪੰਚਕੂਲਾ, ਅੰਬਾਲਾ ਦੇ 42 ਕਾਲਜ ਐਫੀਲੀਏਟ ਕਰ ਲਓ। ਮੈਂ ਪੁੱਛਿਆ ਕਿ ਹੁਣ ਕਿੱਥੇ ਐਫੀਲੀਏਟਿਡ ਹਨ? ਕਹਿਣ ਲੱਗੇ, ਕੁਰੂਕਸ਼ੇਤਰ ਯੂਨੀਵਰਸਿਟੀ ਨਾਲ ਐਫੀਲੀਏਟਿਡ ਹਨ। ਸਪੀਕਰ ਸਾਹਿਬ, ਕੁਰੂਕਸ਼ੇਤਰ ਯੂਨੀਵਰਸਿਟੀ ਦੀ ਰੇਟਿੰਗ 'ਏ ਪਲੱਸ' ਆਉਂਦੀ ਹੈ ਜਦਕਿ ਪੰਜਾਬ ਯੂਨੀਵਰਸਿਟੀ ਦੀ ਰੈਕਿੰਗ 'ਏ' ਹੈ। ਮੈਂ ਖੱਟੜ ਸਾਹਿਬ ਨੂੰ ਕਿਹਾ ਕਿ ਤੁਹਾਡੇ ਕਾਲਜ ਇੱਧਰ ਨੂੰ ਭੱਜਣ ਨੂੰ ਫਿਰਦੇ ਹਨ, ਕੀ ਕੁਰੂਕਸ਼ੇਤਰ ਯੂਨੀਵਰਸਿਟੀ ਤੇ ਇੰਨਾ ਵੀ ਯਕੀਨ ਨਹੀਂ ਬਣਿਆ?

ਸਪੀਕਰ ਸਾਹਿਬ, ਅਸੀਂ ਹਰਿਆਣਾ ਦੇ ਸਟੂਡੈਂਟਾਂ ਦੇ ਖਿਲਾਫ ਨਹੀਂ ਹਾਂ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿੱਚ ਹਰਿਆਣਾ ਦੇ 24% ਸਟੂਡੈਂਟ ਪੜ੍ਹਦੇ ਹਨ ਪਰ ਤੁਸੀਂ ਸਾਨੂੰ ਕਾਲਜ ਕਿਉਂ ਥੋਪ ਰਹੇ ਹੋ? ਕਹਿਣ ਲੱਗੇ ਕਿ ਇਸ ਵਿੱਚ ਕੋਈ ਖਰਚਾ ਨਹੀਂ ਹੈ, ਸਿਰਫ ਐਗਜ਼ਾਮ ਹੀ ਲੈਣੇ ਹਨ। ਮੈਂ ਕਿਹਾ ਕਿ ਜੇਕਰ ਕੋਈ ਖਰਚਾ ਨਹੀਂ ਹੈ ਤਾਂ ਫੇਰ ਉਨ੍ਹਾਂ ਕਾਲਜਾਂ ਨੂੰ ਕੁਰੂਕਸ਼ੇਤਰ ਯੂਨੀਵਰਸਿਟੀ ਵਿੱਚ ਹੀ ਰੱਖ ਲਓ। ਅਸਲ ਗੱਲ ਕੀ ਹੈ ਕਿ ਉਹ ਸੈਨੇਟ ਵਿੱਚ ਘੁਸਣ ਨੂੰ ਫਿਰਦੇ ਹਨ। ਸੈਨੇਟ ਵਿੱਚ ਹਰਿਆਣਾ ਦਾ ਕੋਈ ਮੈਂਬਰ ਨਹੀਂ ਹੈ ਅਤੇ ਇਹ ਉਨ੍ਹਾਂ ਨੇ ਆਪ ਹੀ 1970 ਵਿੱਚ ਵਾਪਸ ਲੈ ਲਿਆ ਸੀ ਕਿ ਅਸੀਂ ਇਸ ਯੂਨੀਵਰਸਿਟੀ ਵਿਚੋਂ ਨਿਕਲਣਾ ਹੈ। ਪੰਜਾਬ ਯੂਨੀਵਰਸਿਟੀ ਨਾਲ ਐਫੀਲੀਏਟਿਡ ਹਰਿਆਣਾ ਦੇ ਕਾਲਜ ਦਾ ਆਖਰੀ ਗ੍ਰੈਜੂਏਟ ਸਾਲ 1973 ਵਿੱਚ ਹੋਇਆ ਹੈ ਅਤੇ ਇਸ ਗੱਲ ਨੂੰ 50 ਸਾਲ ਹੋ ਗਏ ਹਨ। ਸਪੀਕਰ ਸਾਹਿਬ, ਉਹ ਅਸਲ ਵਿੱਚ ਸੈਨੇਟ ਵਿੱਚ ਵੜਨਾ ਚਾਹੁੰਦੇ ਹਨ ਅਤੇ ਇਸ ਵਾਸਤੇ ਪੰਜਾਬ ਅਲਾਓ ਨਹੀਂ ਕਰ ਸਕਦਾ। ਉਹ ਆਪ ਹੀ ਇਹ ਗੱਲ ਦੱਸ ਗਏ ਹਨ ਕਿ 1973 ਤੋਂ ਬਾਅਦ ਸਾਡੇ ਐਫੀਲੀਏਟਿਡ ਕਾਲਜਾਂ ਦਾ ਕੋਈ ਸਟੂਡੈਂਟ ਇਸ ਯੂਨੀਵਰਸਿਟੀ ਵਿੱਚ ਨਹੀਂ ਹੈ। ਜਿਸ ਕਾਰਨ ਉਹ ਹੁਣ ਦੁਬਾਰਾ ਆਪਣੇ ਕਾਲਜਾਂ ਦੀ ਐਫੀਲੀਏਸ਼ਨ ਚਾਹੁੰਦੇ ਹਨ। ਫੇਰ ਰਾਜਪਾਲ ਸਾਹਿਬ ਮੈਨੂੰ ਕਹਿਣ ਲੱਗੇ, ਕਰ ਲਓ, ਕਰ ਲਓ, ਜਲਦੀ ਜਲਦੀ। ਮੈਂ ਕਿਹਾ ਸਰ, ਤੁਸੀਂ ਉੱਧਰਲੇ ਪਾਸੇ ਦੇ ਹੱਕ ਵਿੱਚ ਕਿਉਂ ਬੋਲਦੇ ਹੋ? ਤੁਸੀਂ ਪੰਜਾਬ ਦੇ ਰਾਜਪਾਲ ਹੋ। ਸਪੀਕਰ ਸਾਹਿਬ, ਇਨ੍ਹਾਂ ਨੂੰ ਆਰਡਰ ਉਪਰੋਂ ਆਉਂਦਾ ਹੈ। ਇਨ੍ਹਾਂ ਨੇ ਪੰਜਾਬ ਦੀ ਕੋਈ ਗਲੋਰੀ ਨਹੀਂ ਛੱਡਣੀ। ਪੰਜਾਬ ਦਾ ਇਤਿਹਾਸ, ਪੰਜਾਬ ਦਾ ਵਿਰਸਾ ਇਸ ਯੂਨੀਵਰਸਿਟੀ ਨਾਲ ਜੁੜਿਆ ਹੋਇਆ ਹੈ। ਇੱਥੇ ਅਜਿਹੇ ਬੱਚੇ ਵੀ ਹਨ, ਜਿਹੜੇ ਇਹ ਕਹਿ ਕੇ ਕਮਰਾ ਲੈਂਦੇ ਹਨ ਕਿ ਉਸ ਸਮੇਂ ਇਹ ਕਮਰਾ ਮੇਰੇ ਬਾਪੂ ਕੋਲ ਸੀ, ਮੈਨੂੰ ਇਹ ਕਮਰਾ ਦਿਓ। ਮੈਂ ਆਪਣੇ ਬਾਪੂ ਵਾਲੇ ਕਮਰੇ ਵਿੱਚ ਪੜ੍ਹਨਾ ਹੈ।

ਸਪੀਕਰ ਸਾਹਿਬ, ਹੁਣ ਅਸੀਂ ਫੰਡਾਂ ਵਲੋਂ ਵੀ ਕੋਈ ਕਮੀ ਨਹੀਂ ਛੱਡੀ। ਹੁਣੇ ਹੁਣੇ ਪੰਜਾਬ ਯੂਨੀਵਰਸਿਟੀ ਦੇ ਗਰਲਜ਼ ਹੋਸਟਲ ਅਤੇ ਬੁਆਏਜ਼ ਹੋਸਟਲ ਦੇ ਚਾਰ ਫਲੋਰਾਂ ਵਾਸਤੇ ਅਸੀਂ 49 ਕਰੋੜ ਰੁਪਿਆ ਜਾਰੀ ਕੀਤਾ ਹੈ। (ਥੰਪਿੰਗ) ਫੇਰ ਖੱਟੜ ਸਾਹਿਬ, ਮੈਨੂੰ ਕਹਿਣ ਲੱਗੇ ਕਿ ਤੁਸੀਂ ਪੈਸੇ ਲੈ ਲਓ ਔਰ ਹਮਾਰਾ ਹਿੱਸਾ ਦੇ ਦੋ। ਮੈਂ ਕਿਹਾ ਕਿ ਕੱਲ੍ਹ ਨੂੰ ਤਾਂ ਤੁਸੀਂ ਪੰਜਾਬ ਦਾ ਰੇਟ ਪੁੱਛੋਗੇ ਕਿ ਤੁਸੀਂ ਪੰਜਾਬ ਕਿਸ ਭਾਅ ਵੇਚਦੇ ਹੋ? ਕੀ ਪੈਸੇ ਲੈ ਕੇ ਸਾਰਾ ਕੁਝ ਹੋ ਜਾਂਦਾ ਹੈ? ਮੈਂ ਕਿਹਾ ਕਿ ਇਹ ਸਾਡੀ ਲੈਗੇਸੀ ਹੈ, ਸਾਡਾ ਸਭਿਆਚਾਰ, ਕਲਚਰ ਇਸ ਨਾਲ ਜੁੜਿਆ ਹੋਇਆ ਹੈ। ਅਸੀਂ ਪੰਜਾਬ ਯੂਨੀਵਰਸਿਟੀ ਕਿਤੇ ਨਹੀਂ ਜਾਣ ਦੇਣੀ।

ਸੋ, ਉਹ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਵਿੱਚ, ਸਿੰਡੀਕੇਟ ਵਿੱਚ ਆਪਣੇ ਬੰਦੇ ਫਸਾਉਣਾ ਚਾਹੁੰਦੇ ਹਨ ਤਾਂ ਕਿ ਇਸ ਨੂੰ ਹਾਈਜੈਕ ਕਰ ਲਈਏ। ਇਨ੍ਹਾਂ ਚੀਜ਼ਾਂ ਨੂੰ ਰੋਕਣ ਵਾਸਤੇ ਇਹ ਬਿਲ ਲਿਆਂਦਾ ਗਿਆ ਹੈ ਕਿ ਅਸੀਂ ਆਪਣੀ ਮਨਮਰਜ਼ੀ ਦਾ, ਪੰਜਾਬ ਨੂੰ ਪਿਆਰ ਕਰਨ ਵਾਲਾ, ਪੰਜਾਬੀਅਤ ਨੂੰ ਪਿਆਰ ਕਰਨ ਵਾਲਾ ਅਤੇ ਪੰਜਾਬ ਦੇ ਕਲਚਰ ਨੂੰ ਜਾਣਨ ਵਾਲਾ ਵੀ.ਸੀ. ਲਾਈਏ ਤਾਂ ਕਿ ਇਹ ਸੰਸਥਾ ਉੱਪਰ ਉੱਠ ਸਕੇ। ਇਸ ਤੋਂ ਪਹਿਲਾਂ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼ ਦਾ ਵੀ ਰੌਲਾ ਪਿਆ ਸੀ। ਡਾਕਟਰ ਗੁਰਪ੍ਰੀਤ ਸਿੰਘ ਵੈਂਡਰ ਬੜੇ ਵੱਡੇ ਬਹੁਤ ਮੰਨੇ-ਪ੍ਰਮੰਨੇ ਡਾਕਟਰ ਹਨ। ਅਸੀਂ ਬੜੀ ਮੁਸ਼ਕਿਲ ਨਾਲ ਮਨਾਏ ਸੀ ਕਿ ਤੁਹਾਨੂੰ ਉਸ ਯੂਨੀਵਰਸਿਟੀ ਦਾ ਵੀ.ਸੀ. ਲਗਾ ਦਿੰਦੇ ਹਾਂ। ਅਸੀਂ ਲਗਾਏ ਤੇ ਗਵਰਨਰ ਸਾਹਿਬ ਨੇ ਹਟਾ ਦਿੱਤੇ। ਕਹਿਣ ਲੱਗੇ ਕਿ ਇਨ੍ਹਾਂ ਨੂੰ ਮੈਂ ਨਹੀਂ ਲਗਾਉਣਾ ਚਾਹੁੰਦਾ, ਮੈਂ ਤਾਂ ਕਿਸੇ ਹੋਰ ਨੂੰ ਲਾਵਾਂਗਾ। ਸੋ, ਮੈਂ ਇਹ ਸਮਝਣਾ ਚਾਹੁੰਦਾ ਹਾਂ ਕਿ ਚੁਣ ਕੇ ਕੌਣ ਆਇਆ ਹੈ? ਜਾਂ ਤਾਂ ਰਾਜ ਭਵਨ ਵਾਲੇ ਜਨਾਬੇ-ਆਲੀ ਇਲੈਕਸ਼ਨ ਲੜ ਲੈਣ। ਉਹ ਫਾਜ਼ਿਲਕਾ ਵੱਲ ਜਾਂਦੇ ਰਹਿੰਦੇ ਹਨ, ਫਿਰੋਜ਼ਪੁਰ ਵੱਲ ਜਾਂਦੇ ਰਹਿੰਦੇ ਹਨ, ਉੱਧਰੋਂ ਟਿਕਟ ਲੈ ਲੈਣ। ਮੇਰਾ ਹੈਲੀਕਾਪਟਰ ਲੈ ਜਾਂਦੇ ਹਨ ਅਤੇ ਮੈਨੂੰ ਹੀ ਗਾਲ੍ਹਾਂ ਕੱਢ ਜਾਂਦੇ ਹਨ। (ਹਾਸਾ) ਹੈਲੀਕਾਪਟਰ ਸਰਕਾਰ ਦਾ ਹੈ। ਸੋ, ਮੈਨੂੰ ਨਹੀਂ ਲਗਦਾ ਕਿ ਰਾਜਪਾਲਾਂ ਦੀ ਇੰਨੀ ਜ਼ਿਆਦਾ ਇੰਟਰਫੀਅਰੈਂਸ ਹੋਣੀ ਚਾਹੀਦੀ ਹੈ। ਉਨ੍ਹਾਂ ਦਾ ਕੰਮ ਸਹੁੰ ਚੁਕਾਉਣਾ ਹੁੰਦਾ ਹੈ, ਉਹ ਉਨ੍ਹਾਂ ਨੇ ਚੁਕਾ ਦਿੱਤੀ ਹੈ। ਜੇਕਰ ਕਿਸੇ ਹੋਰ ਨੂੰ ਸਹੁੰ ਚੁਕਾਉਣੀ ਹੋਈ ਤਾਂ ਅਸੀਂ ਉਨ੍ਹਾਂ ਕੋਲ ਦੁਬਾਰਾ ਚਲੇ ਜਾਵਾਂਗੇ ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਉਹ ਗੱਲ ਗੱਲ ਤੇ ਸਾਨੂੰ ਤੰਗ ਕਰਨ। ਕੈਬਨਿਟ ਵਿੱਚੋਂ ਫਲਾਣੇ ਨੂੰ ਕੱਢ ਦਿਓ, ਫਲਾਣੇ ਨੂੰ ਰੱਖ ਲਓ, ਫਲਾਣਾ ਇਵੇਂ ਕਰ ਲਓ, ਇਹ ਨਹੀਂ ਹੋਣਾ ਚਾਹੀਦਾ। ਸਪੀਕਰ ਸਾਹਿਬ, ਇਹ ਪੰਜਾਬ ਦੇ ਲੋਕ ਫੈਸਲਾ ਕਰਨਗੇ ਅਤੇ ਜੇਕਰ ਮੈਂ ਗਲਤ ਬੰਦੇ ਕੈਬਿਨਟ ਵਿੱਚ ਰੱਖਾਂਗਾ ਜਾਂ ਮੈਂ ਆਪਣੇ ਐਮ.ਐਲ.ਏਜ਼ ਖਿਲਾਫ ਕੋਈ ਕਾਰਵਾਈ ਨਹੀਂ ਕਰਾਂਗਾ ਤਾਂ ਲੋਕ ਸਾਲ 2027 ਵਿੱਚ ਫੈਸਲਾ ਕਰ ਦੇਣਗੇ ਪਰ ਉਹ (ਰਾਜਪਾਲ) ਅਜਿਹਾ ਕਹਿਣ ਵਾਲੇ ਕੌਣ ਹੁੰਦੇ ਹਨ ਕਿ ਫਲਾਣੇ ਨੂੰ ਰੱਖ ਲਓ ਅਤੇ ਫਲਾਣੇ ਨੂੰ ਕੱਢ ਦਿਓ। ਸਪੀਕਰ ਸਾਹਿਬ, ਇਸੇ ਕਰਕੇ ਅੱਜ ਅਸੀਂ ਇਹ ਬਿਲ ਲਿਆਂਦਾ

ਹੈ। ਅਸੀਂ ਐਜੂਕੇਸ਼ਨ ਨੂੰ ਪੰਜਾਬ ਦੇ ਹੱਥਾਂ ਵਿੱਚ ਲਿਆਉਣਾ ਚਾਹੁੰਦੇ ਹਾਂ। ਅਸੀਂ ਮੈਡੀਕਲ ਸਾਇੰਸਿਜ ਨੂੰ ਪੰਜਾਬ ਦੇ ਹੱਥਾਂ ਵਿੱਚ ਲੈ ਕੇ ਆਉਣਾ ਚਾਹੁੰਦੇ ਹਾਂ। ਪੰਜਾਬ ਦੀਆਂ ਸਾਰੀਆਂ ਯੂਨੀਵਰਸਿਟੀਆਂ ਦਾ ਚਾਂਸਲਰ ਗਵਰਨਰ ਦੀ ਜਗ੍ਹਾ ਤੇ ਚੀਫ ਮਨਿਸਟਰ ਹੋਣਾ ਚਾਹੀਦਾ ਹੈ। ਮੈਂ ਇਸ ਬਿਲ ਦੇ ਹੱਕ ਵਿੱਚ ਹਾਂ ਜੀ। (ਥੰਪਿੰਗ)

**ਮਾਣਯੋਗ ਸਪੀਕਰ:** ਜੀ। ਆਪੋਜੀਸ਼ਨ ਬੈਂਚਿਜ ਤੋਂ ਕੋਈ ਸਾਥੀ ਜੇ ਬੋਲਣਾ ਚਾਹੁੰਦੇ ਹੋਣ?

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ (ਬੰਗਾ, ਐਸ.ਸੀ.):** ਸਪੀਕਰ ਸਾਹਿਬ, ਮੰਤਰੀ ਸਾਹਿਬ ਜਿਹੜਾ ਬਿਲ ਲੈ ਕੇ ਆਏ ਹਨ, ਅਕਾਲੀ ਦਲ ਉਸ ਦੀ ਸਪੋਰਟ ਕਰਦਾ ਹੈ। (ਥੰਪਿੰਗ) ਸੀ.ਐਮ. ਸਾਹਿਬ ਨੇ ਐਜੂਕੇਸ਼ਨ ਨੂੰ ਪ੍ਰਮੋਟ ਕਰਨ ਦੀਆਂ ਗੱਲਾਂ ਕਹੀਆਂ ਹਨ ਔਰ ਮੈਂ ਇਨ੍ਹਾਂ ਤੇ ਯਕੀਨ ਵੀ ਕਰਦਾ ਹਾਂ ਕਿ ਇਹ ਐਜੂਕੇਸ਼ਨ ਨੂੰ ਪ੍ਰਮੋਟ ਕਰਨ ਲਈ ਕੰਮ ਕਰਨਗੇ ਪਰ ਮੈਂ ਇਸ ਗੱਲ ਤੋਂ ਵੀ ਨਿਰਾਸ਼ ਹਾਂ ਕਿ ਅੱਜ ਕਾਲਜਾਂ ਵਿੱਚ ਲੈਕਚਰਾਰ ਤੇ ਪ੍ਰੋਫੈਸਰ ਅਜਿਹੇ ਹਨ, ਜਿਨ੍ਹਾਂ ਵਿਚੋਂ ਕਈ ਪਿਛਲੇ 20-20, 25-25 ਸਾਲਾਂ ਤੋਂ ਕੋਈ ਠੇਕੇ ਤੇ ਲੱਗਿਆ ਹੋਇਆ ਹੈ, ਕੋਈ ਉਦੋਂ ਤੋਂ ਇੱਕੋ ਹੀ ਪੋਸਟ ਤੇ ਕੰਮ ਕਰੀ ਜਾਂਦਾ ਹੈ। ਸੋ, ਉਨ੍ਹਾਂ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਇਸੇ ਤਰ੍ਹਾਂ ਏਡਿਡ ਸਕੂਲਾਂ ਦੀ ਹਾਲਤ ਹੈ। ਮੈਂ ਇੱਕ ਸਿੰਗਲ ਐਗਜ਼ਾਂਪਲ ਦੇਣੀ ਚਾਹੁੰਦਾ ਹਾਂ। ਮੈਂ ਪੀ.ਸੀ.ਜੀ.ਐਮ.ਐਨ.ਆਈ. ਸਕੂਲ, ਜਾਂਡਲਾ ਤੋਂ ਦਸਵੀਂ ਜਮਾਤ ਪਾਸ ਕੀਤੀ ਹੈ, ਉਸ ਸਕੂਲ ਵਿੱਚ ਅੱਜ ਤੋਂ 25 ਕੁ ਸਾਲ ਪਹਿਲਾਂ ਜਿਹੜੀ ਭਰਤੀ ਹੋਈ ਸੀ, ਉਸ ਤੋਂ ਬਾਅਦ ਉਥੇ ਅਜੇ ਤੱਕ ਇੱਕ ਵੀ ਨਵਾਂ ਟੀਚਰ ਨਹੀਂ ਰੱਖਿਆ ਗਿਆ। ਪਿੱਛੇ ਜਿਹੇ ਉਸ ਸਕੂਲ ਦੀ ਇਮਾਰਤ ਗਿਰ ਗਈ ਸੀ ਤਾਂ ਅਸੀਂ ਓਲਡ ਸਟੂਡੈਂਟਸ ਸੀ, ਸਾਰਿਆਂ ਨੇ ਇਕੱਠੇ ਹੋ ਕੇ ਉਸ ਸਕੂਲ ਦੀ ਇਮਾਰਤ ਬਣਾ ਕੇ ਦਿੱਤੀ ਹੈ।

ਸਪੀਕਰ ਸਾਹਿਬ, ਪੰਜਾਬ ਵਿੱਚ ਏਡਿਡ ਸਕੂਲਾਂ ਦੀ ਬਹੁਤ ਵੱਡੀ ਗਿਣਤੀ ਹੈ। ਪ੍ਰਾਈਵੇਟ ਏਡਿਡ ਕਾਲਜਾਂ ਵਿੱਚ ਸਟਾਫ ਦੀ ਬੜੀ ਵੱਡੀ ਪ੍ਰਾਬਲਮ ਹੈ। ਉਹ ਜਿਵੇਂ ਦੇ ਸ਼ੁਰੂ ਵਿੱਚ ਸਨ, ਹੁਣ ਵੀ ਉਵੇਂ ਹੀ ਹਨ।ਉਨ੍ਹਾਂ ਵਿੱਚ ਨਵੀਂ ਭਰਤੀ ਬਿਲਕੁਲ ਹੀ ਬੰਦ ਪਈ ਹੈ। ਜੇ ਤੁਸੀਂ ਇੰਨਾ ਵੱਡਾ ਸਟੈਪ ਲੈ ਰਹੇ ਹੋ ਅਤੇ ਤੁਸੀਂ ਚਾਂਸਲਰ ਤਾਂ ਬਣ ਹੀ ਜਾਣਾ ਹੈ ਤਾਂ ਮੈਂ ਚਾਹਾਂਗਾ ਕਿ ਜਿੱਥੇ ਤੁਸੀਂ ਗਵਰਨਮੈਂਟ ਕਾਲਜਿਜ ਅਤੇ ਸਕੂਲਜ਼ ਦਾ ਮਿਆਰ ਉੱਚਾ ਕਰਨਾ ਹੈ, ਉਨ੍ਹਾਂ ਦੀ ਦੇਖ-ਰੇਖ ਕਰਨੀ ਹੈ, ਇਸੇ ਤਰ੍ਹਾਂ ਏਡਿਡ ਕਾਲਜਾਂ ਅਤੇ ਸਕੂਲਾਂ ਦਾ ਵੀ ਧਿਆਨ ਰੱਖਣਾ ਕਿਉਂਕਿ ਜਿਹੜੇ ਬੱਚੇ ਇਨ੍ਹਾਂ ਏਡਿਡ ਸਕੂਲਾਂ ਤੇ ਕਾਲਜਾਂ ਵਿੱਚ ਪੜ੍ਹਦੇ ਹਨ, ਉਹ ਵੀ ਸਾਡੇ ਹੀ ਬੱਚੇ ਹਨ। ਜੇ ਉਨ੍ਹਾਂ ਵਾਸਤੇ ਬੈਠਣ ਲਈ ਜਗ੍ਹਾ ਨਹੀਂ ਹੈ ਜਾਂ ਪੜ੍ਹਾਉਣ ਲਈ ਟੀਚਰ ਨਹੀਂ ਹਨ ਤਾਂ ਇਹ ਜ਼ਿੰਮੇਵਾਰੀ ਵੀ ਸਰਕਾਰ ਦੀ ਹੀ ਬਣਦੀ ਹੈ।

**ਮਾਣਯੋਗ ਸਪੀਕਰ:** ਮੁੱਖ ਮੰਤਰੀ ਸਾਹਿਬ ਕੁਝ ਕਹਿਣਾ ਚਾਹੁੰਦੇ ਹਨ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ:** ਸਪੀਕਰ ਸਾਹਿਬ, ਇੱਕ ਮਿੰਟ ਦੇ ਦਿਉ ਜੀ।

**ਮਾਣਯੋਗ ਸਪੀਕਰ:** ਡਾਕਟਰ ਸੁਖਵਿੰਦਰ ਕੁਮਾਰ ਜੀ, ਤੁਸੀਂ ਬਾਅਦ ਵਿੱਚ ਆਪਣੀ ਗੱਲ ਪੂਰੀ ਕਰ ਲੈਣਾ। ਮੁੱਖ ਮੰਤਰੀ ਸਾਹਿਬ ਕੋਈ ਗੱਲ ਕਰਨੀ ਚਾਹੁੰਦੇ ਹਨ।

**ਮੁੱਖ ਮੰਤਰੀ:** ਬਹੁਤ-ਬਹੁਤ ਧੰਨਵਾਦ ਜੀ। ਮੈਂਬਰ ਸਾਹਿਬ, ਤੁਸੀਂ ਬਹੁਤ ਹੀ ਅੱਛਾ ਮੁੱਦਾ ਉਠਾਇਆ ਹੈ। ਸਕੂਲ ਬਣਾ ਦੇਈਏ ਪਰ ਉਥੇ ਟੀਚਰ ਨਾ ਹੋਣ ਤਾਂ ਕੋਈ ਫਾਇਦਾ ਨਹੀਂ। ਹਸਪਤਾਲ ਬਣਾ ਦੇਈਏ ਪਰ ਉਥੇ ਡਾਕਟਰ ਨਾ ਹੋਣ ਤਾਂ ਕੋਈ ਫਾਇਦਾ ਨਹੀਂ। ਤੁਹਾਡੇ ਇਸ ਮੁੱਦੇ ਤੇ ਅਸੀਂ ਆਲਰੈਡੀ ਐਕਸ਼ਨ ਲੈ ਰਹੇ ਹਾਂ। ਮੈਂ ਚਾਹਾਂਗਾ ਕਿ ਐਜੂਕੇਸ਼ਨ ਮਨਿਸਟਰ ਸਾਹਿਬ ਇਸ ਗੱਲ ਦਾ ਜਵਾਬ ਦੇਣ।

**ਉਚੇਰੀ ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ):** ਮਾਣਯੋਗ ਸਪੀਕਰ ਸਾਹਿਬ, ਮੈਂ ਸਕੂਲ ਐਜੂਕੇਸ਼ਨ ਦੀ ਅਗਰ ਗੱਲ ਕਰਾਂ ਤਾਂ ਜਦੋਂ ਸਾਡੇ ਕੋਲ ਡਿਪਾਰਟਮੈਂਟ ਆਇਆ ਤਾਂ ਉਸ ਸਮੇਂ 25% ਟੀਚਰਜ਼ ਦੀ ਕਮੀ ਸੀ, acute shortage ਸੀ। ਮੇਰੇ ਕੋਲ ਇਹ ਡਿਪਾਰਟਮੈਂਟ 5 ਜੁਲਾਈ ਨੂੰ ਆਇਆ ਸੀ। ਮੈਂ ਆਪਣੇ ਹੱਥੀਂ 6635 ਟੀਚਰਜ਼ ਦੀ ਰਿਕਾਰਡ ਭਰਤੀ ਕੀਤੀ ਹੈ। ਮੈਂ ਤਰਨਤਾਰਨ ਜ਼ਿਲ੍ਹੇ ਦੇ ਬਾਰਡਰ ਦੇ ਪਿੰਡ ਵਾਲਿਆਂ ਨੂੰ ਵੀ ਮਿਲ ਕੇ ਆਇਆ ਹਾਂ। ਅੱਜ ਤੱਕ ਉਥੇ ਕਦੇ ਵੀ ਕੋਈ ਨਹੀਂ ਗਿਆ ਸੀ, ਉਹ ਕਹਿੰਦੇ ਹਨ ਕਿ ਪਹਿਲੀ ਵਾਰੀ ਫਾਜ਼ਿਲਕਾ ਦਾ ਮੁੰਡਾ ਉਸ ਸਕੂਲ ਵਿੱਚ ਪੜ੍ਹਾ ਰਿਹਾ ਹੈ। ਉਹ ਕਹਿੰਦੇ ਹਨ ਕਿ ਹੁਣ ਸਾਡੇ ਸਕੂਲ ਵਿੱਚ ਦੋ ਟੀਚਰ ਹੋ ਗਏ ਹਨ ਅਤੇ ਉਸ ਸਕੂਲ ਵਿੱਚ ਬੱਚੇ ਵੀ ਵਧੇ ਹਨ। ਸਰ, ਉਸ ਤੋਂ ਬਾਅਦ ਤਿੰਨ ਮਹੀਨੇ ਦੇ ਅੰਦਰ ਅੰਦਰ 4161 ਦੀ ਮਾਸਟਰ ਕਾਡਰ ਤਹਿਤ ਭਰਤੀ ਹੋਈ, ਇਸ ਭਰਤੀ ਵਿੱਚ ਕੋੜ੍ਹੀ ਜਿਹੀ ਡਿਲੇਅ ਹੋ ਗਈ ਸੀ ਪਰ ਫਿਰ ਵੀ ਤਕਰੀਬਨ 10,000 ਟੀਚਰਜ਼ ਸਕੂਲਾਂ ਵਿੱਚ ਆ ਗਏ ਹਨ।ਫਿਰ ਇਸ ਤੋਂ ਬਾਅਦ 5994 ਦਾ ਪੇਪਰ 5 ਮਾਰਚ ਨੂੰ ਹੋ ਗਿਆ ਸੀ, ਉਹ ਭਰਤੀ ਹਾਈ ਕੋਰਟ ਵਿੱਚ ਕੇਸ ਹੋ ਜਾਣ ਕਾਰਨ ਪੈਂਡਿੰਗ ਹੈ। ਸਾਡਾ ਏ.ਜੀ. ਆਫਿਸ ਲਗਾਤਾਰ ਉਸ ਸਬੰਧ ਵਿੱਚ ਕੰਮ ਕਰ ਰਿਹਾ ਹੈ। By July, ਤਕਰੀਬਨ 6000 ਟੀਚਰ ਉਹ ਵੀ ਸਕੂਲਾਂ ਵਿੱਚ ਹੋਣਗੇ। ਯਾਨੀ ਸਰ, ਸਾਡਾ ਸਵਾ ਸਾਲ ਵਿੱਚ 16,000 ਟੀਚਰ ਭਰਤੀ ਕਰਨ ਦਾ ਰਿਕਾਰਡ ਹੋਵੇਗਾ। (ਥੰਪਿੰਗ) ਇਸ ਤੋਂ ਇਲਾਵਾ 355 ਲੈਕਚਰਾਰਾਂ ਦਾ ਅਸੀਂ ਐਗਜ਼ਾਮ ਲੈ ਰਹੇ ਹਾਂ। ਪਿਛਲੀ ਸਰਕਾਰ ਪੀ.ਟੀ.ਆਈ. ਟੀਚਰਜ਼ ਦੀਆਂ ਪੋਸਟਾਂ ਖਤਮ ਕਰ ਗਈ ਸੀ। ਪੰਜਾਬ ਵਿੱਚ 12,800 ਪ੍ਰਾਇਮਰੀ ਸਕੂਲ ਹਨ, ਉਨ੍ਹਾਂ ਵਿੱਚ ਅਸੀਂ 2000 ਫਿਜੀਕਲ ਐਜੂਕੇਸ਼ਨ ਟੀਚਰਜ਼ ਦੀ ਨਵੀਂ ਭਰਤੀ ਕਰ ਰਹੇ ਹਾਂ। This is with regard to school education. Sir, now I am coming to Higher Education. ਸਰ, ਅਫਸੋਸ ਹੈ ਕਿ ਪੰਜਾਬ ਦੇ ਵਿੱਚ ਸਾਡੇ ਕਾਲਜਾਂ ਦਾ ਇਹ ਹਾਲ ਹੋ ਗਿਆ ਹੈ, ਹਰ ਬੰਦਾ ਇਹ ਗੱਲ ਕਰਦਾ ਹੈ ਕਿ ਸਾਡੇ ਬੱਚੇ ਬਾਹਰ ਜਾ ਰਹੇ ਹਨ। ਸਰ, ਉਹ ਕੀ ਕਰਨ? ਸਰ, ਪਹਿਲੀਆਂ ਸਰਕਾਰਾਂ ਨੇ ਪ੍ਰੋਫੈਸਰ ਭਰਤੀ ਹੀ ਨਹੀਂ ਕੀਤੇ। Sadly ਸਾਲ 1997 ਤੋਂ ਬਾਅਦ ਰੈਗੂਲਰ

ਪ੍ਰੋਫੈਸਰਜ਼ ਦੀ ਭਰਤੀ ਹੀ ਨਹੀਂ ਹੋਈ। ਉਥੇ ਗੈਸਟ ਫੈਕਲਟੀ ਹੀ ਕੰਮ ਕਰਦੇ ਹਨ। ਉਨ੍ਹਾਂ ਦੇ ਬਾਰੇ ਮੈਂ ਕਹਿ ਸਕਦਾ ਹਾਂ ਕਿ ਜੋ ਵੀ ਯੂ.ਜੀ.ਸੀ. ਦੇ ਮਾਪਦੰਡ ਹਨ, ਉਹ ਪੂਰੇ ਹੋਣੇ ਚਾਹੀਦੇ ਸੀ। ਮੈਂ ਦੱਸਣਾ ਚਾਹੁੰਦਾ ਹਾਂ ਕਿ 1158 ਗੈਸਟ ਫੈਕਲਟੀ ਦੀ ਭਰਤੀ ਵਾਸਤੇ ਅਸੀਂ ਹਾਈਕੋਰਟ ਦੇ ਵਿਚ ਕੇਸ ਲੜ ਰਹੇ ਹਾਂ। ਸਰਕਾਰ ਨੇ ਐਲ.ਪੀ.ਏ. ਫਾਈਲ ਕੀਤੀ ਹੈ।ਉਹ ਗੈਸਟ ਫੈਕਲਟੀ ਵਾਲੇ ਬਹੁਤ ਹੋਣਹਾਰ ਬੱਚੇ ਹਨ। ਮੁੱਖ ਮੰਤਰੀ ਸਾਹਿਬ ਦੀ ਇੱਛਾ ਹੈ ਕਿ ਉਹ ਜਲਦੀ ਤੋਂ ਜਲਦੀ ਆਪਣੇ ਕੰਮ ਤੇ ਆਉਣ। ਇਸ ਤੋਂ ਇਲਾਵਾ 645 ਹੋਰ ਪ੍ਰੋਫੈਸਰਜ਼ ਦੀ ਭਰਤੀ ਲਈ ਅਸੀਂ ਪੀ.ਪੀ.ਐਸ.ਸੀ. ਨੂੰ ਪ੍ਰਪੋਜ਼ਲ ਭੇਜ ਚੁੱਕੇ ਹਾਂ। ਕੱਲ੍ਹ ਦੀ ਕੈਬਨਿਟ ਮੀਟਿੰਗ ਵਿੱਚ ਮਾਣਯੋਗ ਮੁੱਖ ਮੰਤਰੀ ਜੀ ਨੇ 400 ਹੋਰ ਪ੍ਰੋਫੈਸਰਾਂ ਦੀਆਂ ਅਸਾਮੀਆਂ ਮੰਨਜ਼ੂਰ ਕਰ ਦਿੱਤੀਆਂ ਹਨ। This is with regard to Higher Education.

ਸਪੀਕਰ ਸਾਹਿਬ, ਮੇਰੇ ਕੋਲ ਟੈਕਨੀਕਲ ਐਜੂਕੇਸ਼ਨ ਦਾ ਮਹਿਕਮਾ ਵੀ ਹੈ। ਇਸ ਵਿੱਚ 2000 ਅਸਾਮੀਆਂ ਖਾਲੀ ਪਈਆਂ ਸੀ, ਜਿਸ ਵਾਸਤੇ ਕਦੇ ਕੋਈ ਰੈਗੂਲਰ ਭਰਤੀ ਨਹੀਂ ਹੋਈ। ਪਹਿਲਾਂ ਠੇਕੇ ਤੇ ਰੱਖ ਲੈਂਦੇ ਸੀ। ਪਿਛਲੀਆਂ ਸਰਕਾਰਾਂ ਵਾਲੇ 3500-5500-6000-9000 ਤੇ ਟੀਚਰ ਠੇਕੇ ਤੇ ਭਰਤੀ ਕਰਦੇ ਰਹੇ ਹਨ। ਜਦੋਂ ਉਹ ਵਿਚਾਰੇ ਕਹਿੰਦੇ ਸੀ ਕਿ ਸਾਨੂੰ ਪੱਕੇ ਕਰੋ ਤਾਂ ਕਿਹਾ ਜਾਂਦਾ ਸੀ ਕਿ ਤੁਹਾਡੇ ਵਿੱਚ ਕਾਬਲੀਅਤ ਨਹੀਂ ਹੈ, ਤੁਹਾਡੀ ਭਰਤੀ ਸਹੀ ਤਰੀਕੇ ਨਾਲ ਨਹੀਂ ਹੋਈ ਹੈ ਪਰ ਇਹ ਸਾਡੇ ਮੁੱਖ ਮੰਤਰੀ ਜੀ ਨੇ ਕਰਕੇ ਦਿਖਾਇਆ ਹੈ ਅਤੇ ਅਸੀਂ ਉਹ 14 ਹਜ਼ਾਰ ਟੀਚਰ ਰੈਗੂਲਰ ਕਰ ਦਿੱਤੇ ਹਨ, ਸਿਰਫ ਆਰਡਰ ਜਾਰੀ ਕਰਨੇ ਬਾਕੀ ਹਨ। (ਥੰਪਿੰਗ) ਕੇਵਲ ਨਵੇਂ ਹੀ ਨਹੀਂ ਰੱਖੇ ਸਗੋਂ ਕੱਚੇ ਟੀਚਰ ਵੀ ਪੱਕੇ ਕਰ ਦਿੱਤੇ ਹਨ। ਉਹ ਵਿਚਾਰੇ ਪਹਿਲਾਂ ਡਾਂਗਾਂ ਖਾਂਦੇ ਸੀ, ਉਨ੍ਹਾਂ ਨੂੰ ਬੜੀਆਂ ਤਸ਼ੱਦਦਾਂ ਸਹੀਆਂ ਹਨ। ਉਹ ਜਦੋਂ ਸਾਨੂੰ ਆ ਕੇ ਮਿਲੇ ਤਾਂ ਕਹਿਣ ਲੱਗੇ ਕਿ ਅਸੀਂ ਪਿਛਲੀਆਂ ਸਰਕਾਰਾਂ ਤੋਂ ਪੱਕੇ ਕਰਨ ਦੀ ਮੰਗ ਕਰਦੇ ਤਾਂ ਜ਼ਰੂਰ ਸੀ ਪਰ ਸਾਨੂੰ ਪਤਾ ਸੀ ਕਿ ਇਨ੍ਹਾਂ ਨੇ ਸਾਡਾ ਕੰਮ ਨਹੀਂ ਕਰਨਾ। ਸਾਡੀ ਬਾਂਹ ਕੇਵਲ ਤੇ ਕੇਵਲ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਫੜੀ ਹੈ।

ਸਪੀਕਰ ਸਾਹਿਬ, ਕਹਿੰਦੇ ਹਨ ਕਿ ਨੀਅਤਾਂ ਨੂੰ ਮੁਰਾਦਾਂ ਹੁੰਦੀਆਂ ਹਨ। ਮੈਂ ਬਤੌਰ ਸਿੱਖਿਆ ਮੰਤਰੀ ਇਹ ਜ਼ਿੰਮੇਵਾਰੀ ਨਾਲ ਕਹਿੰਦਾ ਹਾਂ ਕਿ ਤੁਹਾਨੂੰ ਆਉਣ ਵਾਲੇ ਇੱਕ ਸਾਲ ਦੇ ਵਿੱਚ ਸਕੂਲਾਂ ਦੀ ਤਸਵੀਰ ਬਦਲਦੀ ਮਿਲੇਗੀ। ਸਪੀਕਰ ਸਾਹਿਬ, ਮੈਂ ਦੱਸਣਾ ਚਹੁੰਦਾ ਹਾਂ ਕਿ ਹੁਣੇ ਜਿਹੜਾ NEET ਦਾ ਨਤੀਜਾ ਆਇਆ ਹੈ, ਇਸ ਪ੍ਰੀਖਿਆ ਵਿੱਚ ਪਿਛਲੇ ਸਾਲਾਂ ਨਾਲੋਂ ਸਰਕਾਰੀ ਸਕੂਲਾਂ ਦੇ ਤਿੰਨ ਗੁਣਾ ਵੱਧ ਵਿਦਿਆਰਥੀ ਪਾਸ ਹੋਏ ਹਨ। ਹੁਣ ਪੰਜਾਬ ਦੇ ਸਰਕਾਰੀ ਸਕੂਲਾਂ ਵਿਚੋਂ ਪੜ੍ਹੇ ਬੱਚੇ ਵੀ ਡਾਕਟਰ ਬਣਨਗੇ। ਅੱਜ JEE ਦਾ ਨਤੀਜਾ ਆਇਆ ਹੈ, ਅਸੀਂ ਸ਼ਾਮ ਤੱਕ ਸਰਕਾਰੀ ਸਕੂਲਾਂ ਦਾ ਡਾਟਾ ਕੰਪਾਇਲ ਕਰਾਂਗੇ। ਸਾਡੇ ਪੰਜਾਬ ਦੇ ਸਰਕਾਰੀ

ਸਕੂਲ ਦੇ ਇੱਕ ਬੱਚੇ ਦਾ ਆਲ ਇੰਡੀਆ 68 ਰੈਂਕ ਆਇਆ ਹੈ। (ਥੰਪਿੰਗ) ਸਪੀਕਰ ਸਾਹਿਬ, ਤਿੰਨ ਸਾਲ ਕਰੋਨਾ ਦਾ ਕਹਿਰ ਰਿਹਾ ਹੈ। ਇਸ ਦੌਰਾਨ ਸਾਰੇ ਸਕੂਲਾਂ ਦੇ ਬੱਚਿਆਂ ਨੂੰ 100 ਫੀਸਦੀ ਪਾਸ ਕਰ ਦਿੱਤਾ ਜਾਂਦਾ ਸੀ। ਸਕੂਲਾਂ ਦੇ ਵਿੱਚ ਟੀਚਰ ਅਤੇ ਸਟੂਡੈਂਟ ਰਿਲੇਸ਼ਨਸ਼ਿਪ ਦੀ ਰੀਤ ਟੁੱਟ ਚੁੱਕੀ ਸੀ। ਇਸ ਸਾਲ ਦਾ ਬੋਰਡ ਐਗਜ਼ਾਮ ਹੁਣ ਤੱਕ ਦਾ ਸਭ ਤੋਂ ਔਖਾ ਐਗਜ਼ਾਮ ਸੀ ਪਰ ਇਹ ਸਾਡੇ ਸਾਰੇ ਟੀਚਰਾਂ ਦੀ ਦੇਣ ਹੈ, ਜਿਨ੍ਹਾਂ ਨੇ ਦਿਨ-ਰਾਤ ਮਿਹਨਤ ਕੀਤੀ ਅਤੇ ਸਾਡੇ ਮੁੱਖ ਮੰਤਰੀ ਜੀ ਦੀ ਰਹਿਨੁਮਾਈ ਹੇਠ ਅਸੀਂ ਮਿਸ਼ਨ 100 ਫੀਸਦੀ ਚਲਾਇਆ ਅਤੇ ਪੰਜਾਬ ਦੇ ਅੱਜ ਤੱਕ ਦੇ ਇਤਿਹਾਸ ਵਿਚ ਸਭ ਤੋਂ ਵਧੀਆ ਬੋਰਡ ਦਾ ਨਤੀਜਾ ਇਸ ਵਾਰ ਆਇਆ। ਇਹ ਸਾਡੀ ਉਪਲੱਬਧੀ ਹੈ। ਜੇ ਇਨਰੋਲਮੈਂਟ ਦੀ ਗੱਲ ਕਰੀਏ, ਜਿਹੜੀ ਪ੍ਰੀ ਪ੍ਰਾਇਮਰੀ/ਨਰਸਰੀ ਕਲਾਸ ਹੈ, ਇਸ ਤਹਿਤ ਅਸੀਂ ਪੂਰੇ ਦੇਸ਼ ਦਾ ਰਿਕਾਰਡ ਤੋੜਿਆ ਹੈ। ਇਨ੍ਹਾਂ ਕਲਾਸਾਂ ਦੇ ਦਾਖਲਿਆਂ ਵਿੱਚ 15 ਫੀਸਦੀ ਬੱਚਿਆਂ ਦਾ ਵਾਧਾ ਹੋਇਆ ਹੈ। ਹੁਣ ਮਾਂ-ਬਾਪ ਨੂੰ ਸਰਕਾਰੀ ਸਕੂਲਾਂ ਤੇ ਭਰੋਸਾ ਹੋ ਗਿਆ ਹੈ ਕਿ ਸਾਡੇ ਬੱਚੇ ਸਰਕਾਰੀ ਸਕੂਲਾਂ ਵਿੱਚ ਪੜ੍ਹ ਕੇ ਕਾਮਯਾਬ ਹੋ ਸਕਦੇ ਹਨ। ਸਪੀਕਰ ਸਾਹਿਬ, ਪਿਛਲੀਆਂ ਸਰਕਾਰਾਂ ਵੇਲੇ ਅਕਤੂਬਰ, ਨਵੰਬਰ ਤੱਕ ਬੱਚਿਆਂ ਨੂੰ ਕਿਤਾਬਾਂ ਨਹੀਂ ਮਿਲਦੀਆਂ ਸਨ ਪਰ ਸਾਡੀ ਸਰਕਾਰ ਨੇ ਇਸ ਵਾਰ ਅਪ੍ਰੈਲ ਮਹੀਨੇ ਵਿੱਚ ਹੀ ਕਿਤਾਬਾਂ ਦੇ ਦਿੱਤੀਆਂ।ਬੱਚਿਆਂ ਦੀਆਂ ਵਰਦੀਆਂ ਵੀ ਨਵੰਬਰ ਤੱਕ ਆਉਂਦੀਆਂ ਸੀ, ਅਸੀਂ ਉਹ ਵੀ ਸਮੇਂ ਸਿਰ ਦਿੱਤੀਆਂ ਹਨ। ਮਿੱਡ-ਡੇਅ- ਮੀਲ ਵੀ ਦਿੱਤਾ। ਇਹ ਇੱਕ ਪੂਰੀ ਰੈਵੋਲਿਊਸ਼ਨ ਹੈ। ਅਸੀਂ ਏਡਿਡ ਸਕੂਲਾਂ ਵੱਲ ਵੀ ਆਵਾਂਗੇ ਪਰ ਪਹਿਲਾਂ ਜਿਹੜੇ 20 ਹਜ਼ਾਰ ਸਕੂਲ ਸਾਡੇ ਆਪਣੇ ਹਨ, ਉਨ੍ਹਾਂ ਨੂੰ ਸੁਧਾਰੀਏ। 6500 ਸਕੂਲ ਐਸੇ ਹਨ, ਜਿੱਥੇ ਚਾਰ ਦੀਵਾਰੀ ਨਹੀਂ ਹੈ। ਹੁਣ 323 ਕਰੋੜ ਨਾਲ ਅਸੀਂ ਉਹ ਬਣਵਾ ਰਹੇ ਹਾਂ। ਤੁਹਾਡੇ (ਵਿਰੋਧੀ ਪਾਰਟੀਆਂ ਦੇ ਮੈਂਬਰਾਂ ਵੱਲ ਇਸ਼ਾਰਾ) ਹਲਕਿਆਂ ਦੇ ਸਕੂਲ ਵੀ ਹੋਣਗੇ, ਮੈਂ ਤੁਹਾਨੂੰ ਲਿਸਟ ਦੇ ਦਿਆਂਗਾ। ਸਪੀਕਰ ਸਾਹਿਬ, 1500 ਸਕੂਲ ਐਸੇ ਹਨ, ਜਿੱਥੇ ਦੋ ਘੰਟੇ ਮੀਂਹ ਪੈ ਜਾਵੇ ਤਾਂ ਉੱਥੇ ਪੜ੍ਹਾਈ ਨਹੀਂ ਹੋ ਸਕਦੀ ਕਿਉਂਕਿ ਬਚਿਆਂ ਦੇ ਬੈਠਣ ਲਈ ਬੈਂਚ ਨਹੀਂ ਹਨ। ਸਪੀਕਰ ਸਾਹਿਬ, ਪਹਿਲਾਂ ਬੱਚਿਆਂ ਨੂੰ ਕਿਤਾਬਾਂ ਨਹੀਂ ਮਿਲਦੀਆਂ ਸੀ, ਵਰਦੀਆਂ ਨਹੀਂ ਮਿਲਦੀਆਂ ਸੀ ਪਰ ਹੁਣ ਸਭ ਕੁੱਝ ਸਮੇਂ ਸਿਰ ਮਿਲੇਗਾ। ਸਪੀਕਰ ਸਾਹਿਬ, ਇਹ ਸਾਡੀ ਇੱਕ ਸਾਲ ਦੀ ਪਰਫਾਰਮੈਂਸ ਹੈ ਅਤੇ ਅਗਲੇ ਸਾਲ ਅਸੀਂ ਹੋਰ ਵਧੀਆ ਨਤੀਜੇ ਦਿਆਂਗੇ। ਬਹੁਤ ਬਹੁਤ ਧੰਨਵਾਦ ਜੀ। (ਥੰਪਿੰਗ)

**ਮਾਣਯੋਗ ਸਪੀਕਰ:** ਧੰਨਵਾਦ ਜੀ। ਡਾ. ਸੁੱਖੀ ਜੀ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ (ਬੰਗਾ, ਐਸ.ਸੀ.) :** ਮੰਤਰੀ ਸਾਹਿਬ, ਤੁਹਾਡਾ ਧੰਨਵਾਦ ਕਿਉਂਕਿ ਜੇਕਰ ਤੁਹਾਡੀ ਸਰਕਾਰ ਸਿੱਖਿਆ ਅਤੇ ਸਿਹਤ ਦੇ ਖੇਤਰ ਵਿਚ ਵਧੀਆ ਕੰਮ ਕਰੇਗੀ ਤਾਂ ਅਸੀਂ ਤੁਹਾਡੀਆਂ ਪਿੱਠਾਂ ਥਾਪੜਦੇ ਰਹਾਂਗੇ। ਮੇਰੀ ਮੰਤਰੀ ਜੀ ਤੋਂ ਮੰਗ ਵੀ ਹੈ ਅਤੇ ਸਲਾਹ ਵੀ ਹੈ ਕਿ ਅਸੀਂ ਕਈ ਵਾਰ ਸਕੂਲਾਂ ਵਿੱਚ

ਜਾਂਦੇ ਹਾਂ ਅਤੇ ਉੱਥੇ ਸਿੰਗਲ ਟੀਚਰ ਸਕੂਲ ਹੁੰਦੇ ਹਨ। ਤੁਸੀਂ ਕੋਈ ਨਵੀਂ ਪੋਸਟ ਕਰੀਏਟ ਨਹੀਂ ਕੀਤੀ। ਤੁਸੀਂ ਇਹ ਤਾਂ ਦੱਸਿਆ ਹੈ ਕਿ ਖਾਲੀ ਅਸਾਮੀਆਂ ਭਰ ਦਿੱਤੀਆਂ ਪਰ ਜਿੱਥੇ ਸਾਇੰਸ ਟੀਚਰ ਦੀ ਜ਼ਰੂਰਤ ਹੈ, ਜਿੱਥੇ ਬਾਇਓਲੋਜੀ ਦੇ ਟੀਚਰ ਦੀ ਜ਼ਰੂਰਤ ਹੈ, ਉੱਥੇ ਉਸੇ ਵਿਸ਼ੇ ਦੇ ਟੀਚਰ ਭਰਤੀ ਹੋਣੇ ਚਾਹੀਦੇ ਹਨ ਅਤੇ ਜਿੱਥੇ ਵਿਦਿਆਰਥੀਆਂ ਦੀ ਗਿਣਤੀ ਜ਼ਿਆਦਾ ਹੈ ਪਰ ਟੀਚਰ ਦੀ ਪੋਸਟ ਇੱਕ ਹੈ। ਸੋ ਮੇਰੀ ਬੇਨਤੀ ਹੈ ਕਿ ਤੁਸੀਂ ਨਵੀਆਂ ਪੋਸਟਾਂ ਕਰੀਏਟ ਕਰੋ, ਇਹ ਚਾਹੀਦੀਆਂ ਹਨ। ਇਹ ਨਹੀਂ ਕਿ ਸਿਰਫ ਖਾਲੀ ਪੋਸਟਾਂ ਹੀ ਭਰੀ ਜਾਓ। ਬਾਕੀ ਇਸ ਗੱਲ ਦੀ ਵੀ ਤੁਹਾਨੂੰ ਵਧਾਈ ਹੈ ਕਿ ਤੁਸੀਂ ਪੰਜਾਬ ਮਾਡਲ ਨੂੰ ਅਡਾਪਟ ਕੀਤਾ ਹੈ। ਅੱਜ ਤੁਸੀਂ ਜਿੱਥੇ ਪਹੁੰਚੇ ਹੋ, ਉਸ ਦੇ ਵਿੱਚ ਪੰਜਾਬ ਦੇ ਟੀਚਰਾਂ ਦਾ ਬਹੁਤ ਵੱਡਾ ਯੋਗਦਾਨ ਹੈ ਅਤੇ ਤੁਹਾਡੀ ਮਿਹਨਤ ਹੈ। (ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਇਹ ਪੰਜਾਬ ਦਾ ਮਾਡਲ ਹੀ ਕੰਮ ਆਇਆ ਹੈ। ਉਸ ਦੇ ਕਰਕੇ ਹੀ ਅਸੀਂ ਅੱਗੇ ਆਏ ਹਾਂ। ਮੇਰੀ ਬੇਨਤੀ ਹੈ ਕਿ ਸਾਡੇ ਕੋਲ ਵੀ ਤੱਪੜ ਹੀ ਹੁੰਦੇ ਸੀ ਅਸੀਂ ਨਾਲ ਬੋਰੀ ਲੈ ਕੇ ਜਾਂਦੇ ਸੀ, ਅੱਜ ਅਸੀ ਡਾਕਟਰ ਬਣ ਗਏ ਹਾਂ ਕਿਉਂਕਿ ਉਸ ਵੇਲੇ ਟੀਚਰ ਪੂਰੇ ਹੁੰਦੇ ਸੀ। ਅੱਜ ਟੀਚਰਾਂ ਦੀ ਘਾਟ ਹੈ। ਪੰਜ ਕਲਾਸਾਂ ਨੂੰ ਇੱਕ ਟੀਚਰ ਨਹੀਂ ਪੜਾ ਸਕਦਾ । ਕਿਸੇ ਮਾਂ ਤੋਂ ਅੱਜ ਦੋ ਬੱਚੇ ਹੀ ਸਾਂਭ ਨਹੀਂ ਹੁੰਦੇ। ਪੰਜਵੀਂ ਤੱਕ ਦੇ ਬੱਚੇ ਛੋਟੇ ਹੁੰਦੇ ਹਨ, ਇੱਕ ਟੀਚਰ ਤੋਂ ਉਹ ਕਿੱਥੇ ਪੜ੍ਹਾ ਹੋਣਗੇ। ਸੋ, ਮੇਰੀ ਬੇਨਤੀ ਹੈ ਕਿ ਜਿੱਥੇ ਤੁਸੀਂ ਟੀਚਰ ਪੂਰੇ ਕਰ ਰਹੇ ਹੋ, ਉਥੇ ਪੋਸਟਾਂ ਵੀ ਕਰੀਏਟ ਕੀਤੀਆਂ ਜਾਣ ਤਾਂ ਹੀ ਫਾਇਦਾ ਹੈ। ਪੁਰਾਣੀਆਂ 20, 30, 50 ਭਰ ਲਓ, ਕੋਈ ਫਰਕ ਨਹੀਂ ਪੈਣਾ ਪਰ ਨਵੀਆਂ ਪੋਸਟਾਂ ਜ਼ਰੂਰ ਕਰੀਏਟ ਕਰੋ। ਬਹੁਤ ਬਹੁਤ ਧੰਨਵਾਦ।

**ਮੁੱਖ ਮੰਤਰੀ:** ਸਪੀਕਰ ਸਾਹਿਬ, ਡਾਕਟਰ ਸਾਹਿਬ ਨੇ ਬਹੁਤ ਵਧੀਆ ਗੱਲ ਕਹੀ ਹੈ। ਮੈਂ ਖੁਦ ਇੱਕ ਟੀਚਰ ਦਾ ਬੇਟਾ ਹਾਂ। ਸਰਕਾਰੀ ਸਕੂਲ ਦੇ ਵਿੱਚ ਪੜ੍ਹਿਆਂ ਹਾਂ। 'ਕਰੀਭਕੋ ਯੂਰੀਆ' ਵਾਲੀ ਬੋਰੀ ਲੈ ਕੇ ਜਾਂਦੇ ਸੀ। ਉਸ ਤੇ ਇੱਕ ਵਾਰ ਇੱਕ ਪਾਸੇ ਸਿਆਹੀ ਗਿਰ ਜਾਵੇ ਤਾਂ ਅੱਧੀ ਛੁੱਟੀ ਵੇਲੇ ਤੱਕ ਪੂਰੀ ਬੋਰੀ ਨੂੰ ਸਿਆਹੀ ਕਵਰ ਕਰ ਲੈਂਦੀ ਸੀ। ਉਦੋਂ ਟੀਚਰ ਬਹੁਤ ਇਮਾਨਦਾਰ ਅਤੇ ਲਗਨ ਵਾਲੇ ਸਨ। ਮੈਂ ਤੁਹਾਨੂੰ ਇੱਕ ਐਗਜ਼ਾਪਲ ਦਿੰਦਾ ਹਾਂ। ਆਮ ਤੌਰ ਤੇ ਹੁੰਦਾ ਇਹ ਸੀ ਕਿ ਇੱਕ ਬੱਚੇ ਨੂੰ ਪੜ੍ਹਾ ਲਿਆ ਜਾਂਦਾ ਸੀ ਤੇ ਇੱਕ ਨੂੰ ਖੇਤੀ ਕਰਨ ਵਾਸਤੇ ਰੱਖ ਲਿਆ ਜਾਂਦਾ ਸੀ। ਸਾਡੇ ਘਰ ਤਾਂ ਇਸ ਤਰ੍ਹਾਂ ਹੀ ਹੋਇਆ ਹੈ। ਮੇਰੇ ਪਿਤਾ ਜੀ ਸਰਦਾਰ ਮਹਿੰਦਰ ਸਿੰਘ ਜੀ ਅਤੇ ਚਾਚਾ ਜੀ ਸਰਦਾਰ ਹਰਦਿਆਲ ਸਿੰਘ ਜੀ ਦੀ ਉਮਰ ਦਾ ਕੋਈ ਬਹੁਤਾ ਫਰਕ ਨਹੀਂ ਸੀ। ਪਹਿਲਾਂ ਇਸ ਤਰ੍ਹਾਂ ਲਿਖਵਾ ਦਿੱਤਾ ਜਾਂਦਾ ਸੀ ਕਿ ਬਰਾਬਰ ਹੀ ਹਨ। ਪੰਜਵੀਂ ਵਿੱਚ ਉਨ੍ਹਾਂ ਵਿੱਚੋਂ ਇੱਕ ਫਸਟ ਆ ਗਏ ਤੇ ਦੂਜੇ ਸੈਕਿੰਡ ਆ ਗਏ ਪਰ ਛੇਵੀਂ ਵਿੱਚ ਉਹ ਸਕੂਲ ਗਏ ਨਹੀਂ। ਟੀਚਰ ਨੇ ਵੀ ਪੰਜ-ਸੱਤ ਦਿਨ ਵੇਟ ਕੀਤੀ ਅਤੇ ਦਸ-ਗਿਆਰਾਂ ਦਿਨਾਂ ਬਾਅਦ ਉਹ ਘਰ ਆ ਗਏ। ਉਸ ਸਮੇਂ ਵਿੱਚ ਕਿੰਨੀ ਡੈਡੀਕੇਸ਼ਨ ਸੀ।

ਮਾਸਟਰ ਕਾਲੀ ਚਰਨ ਜੀ ਉਨ੍ਹਾਂ ਦਾ ਨਾਮ ਸੀ ਅਤੇ ਉਹ ਟੀਚਰ ਸੁਨਾਮ ਤੋਂ ਸੀ। ਉਹ ਸਾਡੇ ਘਰ ਗਏ। ਕਹਿੰਦੇ ਕਿ ਤੁਹਾਡੇ ਦੋਨੋਂ ਬੱਚੇ ਸਕੂਲ ਨਹੀਂ ਆ ਰਹੇ, ਉਹ ਤਾਂ ਫਸਟ ਤੇ ਸੈਕਿੰਡ ਆਏ ਹਨ। ਮੇਰੀ ਦਾਦੀ ਜੀ ਮਾਸਟਰ ਜੀ ਨੂੰ ਕਹਿੰਦੇ ਕਿ ਤੁਸੀਂ ਖੇਤਾਂ ਵਿੱਚ ਇਨ੍ਹਾਂ ਦੇ ਪਿਓ ਨਾਲ ਗੱਲ ਕਰ ਲਵੋ। ਮਾਸਟਰ ਜੀ ਖੇਤ ਚਲੇ ਗਏ। ਉਸ ਉਮਰ ਮੁਤਾਬਿਕ ਮੇਰੇ ਡੈਡੀ ਜੀ ਤੇ ਚਾਚਾ ਜੀ ਖੇਤ ਵਿੱਚ ਛੋਟਾ-ਮੋਟਾ ਕੰਮ ਕਰ ਰਹੇ ਸਨ। ਟੀਚਰ ਨੇ ਮੇਰੇ ਦਾਦਾ ਜੀ ਨੂੰ ਕਿਹਾ ਕਿ ਤੇਰੇ ਦੋਨੋਂ ਬੱਚੇ ਬਹੁਤ ਇਨਟੈਲੀਜੈਂਟ ਹਨ, ਸਕੂਲ ਭੇਜੋ। ਦਾਦਾ ਜੀ ਕਹਿੰਦੇ ਕਿ ਮੈਂ ਤਾਂ ਖੇਤੀ ਦਾ ਕੰਮ ਕਰਵਾਉਣਾ ਹੈ। ਮਾਸਟਰ ਜੀ ਕਹਿੰਦੇ ਕਿ ਮੈਂ ਤਾਂ ਇਨ੍ਹਾਂ ਨੂੰ ਨਾਲ ਲੈ ਕੇ ਜਾਣਾ ਹੈ। ਦਾਦਾ ਜੀ ਕਹਿੰਦੇ ਇਨ੍ਹਾਂ ਵਿੱਚੋਂ ਕਿਸੇ ਇੱਕ ਨੂੰ ਲੈ ਜਾਓ। ਮਾਸਟਰ ਜੀ ਮੇਰੇ ਡੈਡੀ ਜੀ ਨੂੰ ਲੈ ਗਏ। ਮੇਰੇ ਡੈਡੀ ਐਮ.ਏ, ਬੀ.ਐਸ.ਸੀ, ਬੀ.ਐਡ ਪਾਸ ਕਰ ਗਏ ਤੇ ਮੇਰੇ ਚਾਚਾ ਜੀ ਪੰਜਵੀਂ ਪਾਸ ਹੀ ਰਹਿ ਗਏ। ਜੇ ਕਿਤੇ ਉਹ ਟੀਚਰ ਉਸ ਦਿਨ ਖੇਤ ਨਹੀਂ ਆਉਂਦੇ ਤਾਂ ਸ਼ਾਇਦ ਮੇਰੇ ਡੈਡੀ ਜੀ ਪੰਜਵੀਂ ਪਾਸ ਹੀ ਰਹਿੰਦੇ। ਇਸ ਤਰ੍ਹਾਂ ਕਿੰਨੇ ਹੀ ਰਹਿ ਗਏ ਹੋਣਗੇ। ਸੋ, ਟੀਚਰਾਂ ਵਿੱਚ ਵੀ ਇਹ ਡੈਡੀਕੇਸ਼ਨ ਭਰੀਏ ਕਿ ਆਪਣਾ ਕੰਮ ਇੱਕਲਾ ਸਕੂਲ ਵਿੱਚ 8 ਵਜੇ ਆ ਕੇ 2 ਵਜੇ ਜਾਣਾ ਨਹੀਂ ਹੈ, ਸਾਡਾ ਕੰਮ ਲੋਕਾਂ ਦਾ ਫਿਊਚਰ ਬਣਾਉਣਾ ਹੈ।

ਸਪੀਕਰ ਸਾਹਿਬ, ਇੱਥੇ ਬਦਲੀਆਂ ਦਾ ਕੰਮ ਵੀ ਬੜਾ ਔਖਾ ਹੈ, ਸਰਦਾਰ ਹਰਜੋਤ ਬੈਂਸ ਜੀ ਨੂੰ ਪੁੱਛ ਕੇ ਦੇਖ ਲਓ। ਬਦਲੀਆਂ ਦਾ ਦੇਖਣਾ ਪੈਂਦਾ ਹੈ ਕਿ ਕਿੱਥੇ ਕਿੱਥੇ ਹੋਣ। ਅਸੀਂ ਚਾਹੁੰਦੇ ਹਾਂ ਕਿ ਸ਼ਹਿਰਾਂ ਦੇ ਨੇੜੇ 15 ਟੀਚਰ ਅਤੇ 12 ਬੱਚੇ ਨਾ ਹੋਣ। ਸ਼ਹਿਰ ਦੇ ਨੇੜੇ ਰਹਿ ਕੇ ਲੋਕ ਸੋਚਦੇ ਹਨ ਕਿ ਆਪਣੀ ਜ਼ਿੰਦਗੀ ਤਾਂ ਲੰਘ ਗਈ, ਜਵਾਕ ਨੂੰ ਪ੍ਰਾਈਵੇਟ ਸਕੂਲ ਵਿੱਚ ਪੜ੍ਹਾ ਲਈਏ। ਸਰਕਾਰੀ ਸਕੂਲਾਂ ਤੋਂ ਯਕੀਨ ਹੀ ਉੱਠ ਗਿਆ ਹੈ, ਜਿਸ ਕਾਰਨ 12 ਬੱਚੇ 15 ਟੀਚਰ ਸ਼ਹਿਰ ਦੇ ਸਰਕਾਰੀ ਸਕੂਲ ਵਿੱਚ ਹੁੰਦੇ ਹਨ। ਥੋੜਾ ਜਿਹਾ ਪਿੰਡਾਂ ਵਾਲੇ ਪਾਸੇ ਚਲੇ ਜਾਓ ਉਥੇ 104 ਬੱਚੇ ਅਤੇ 2 ਟੀਚਰ ਹੁੰਦੇ ਹਨ, ਇਹ ਰੇਸ਼ੋ ਅਸੀਂ ਠੀਕ ਕਰਨੀ ਹੈ। ਅਸੀਂ ਹੁਣ ਟੀਚਰਾਂ ਨਾਲ ਗੱਲ ਕਰ ਲਈ ਹੈ ਕਿ ਤੁਹਾਨੂੰ ਅਸੀਂ ਪੱਕੇ ਵੀ ਕਰਾਂਗੇ, ਤੁਹਾਡੀ ਮਨਮਰਜ਼ੀ ਦੀ ਤਨਖਾਹ ਦੇਵਾਂਗੇ, ਛੁੱਟੀਆਂ ਵੀ ਪੇਡ ਹੋਣਗੀਆਂ, ਮੈਟਰਨਿਟੀ ਲੀਵ ਵੀ ਮਿਲੇਗੀ, ਤੁਹਾਡੀ ਤਨਖਾਹ ਵਿੱਚ ਹਰ ਸਾਲ ਵਾਧਾ ਵੀ ਕਰਾਂਗੇ ਪਰ ਤੁਹਾਨੂੰ ਪਹਿਲਾਂ ਪਿੰਡਾਂ ਵਿੱਚ ਜਾ ਕੇ ਬੱਚੇ ਪੜ੍ਹਾਉਣੇ ਪੈਣਗੇ। ਪਹਿਲਾਂ ਟੀਚਰ ਪਿੰਡਾਂ ਵਿੱਚ ਰਹਿੰਦੇ ਹੁੰਦੇ ਸੀ। ਸਾਰਾ ਪਿੰਡ ਉਸ ਦੇ ਲਈ ਸਬਜ਼ੀ, ਸਾਗ, ਮੂਲੀਆਂ, ਗੰਨੇ ਲੈ ਕੇ ਜਾਂਦਾ ਹੁੰਦਾ ਸੀ। ਇਹ ਰਿਸਪੈਕਟ ਹੁੰਦੀ ਸੀ। ਸੋ, ਟੀਚਰਾਂ ਦੀ ਰਿਸਪੈਕਟ ਵੀ ਬਹਾਲ ਕਰਨੀ ਹੈ। ਪਹਿਲਾਂ ਜਦੋਂ ਬੱਚੇ ਨੂੰ ਦਾਖਲ ਕਰਵਾਉਣ ਜਾਂਦੇ ਸੀ ਤਾਂ ਮਾਂ-ਬਾਪ ਕਹਿੰਦੇ ਸੀ ਕਿ ਅੱਜ ਤੋਂ ਇਹ ਤੁਹਾਡਾ ਹੋ ਗਿਆ, ਕੋਈ ਗਲਤੀ ਕਰੇ ਤਾਂ ਇਸ ਦੇ ਕੰਨ ਤੇ ਥੱਪੜ ਲਗਾ ਦਿਓ ਪਰ ਅੱਜ ਕੱਲ੍ਹ ਉਲਟਾ ਹੋ ਗਿਆ ਹੈ। ਮਾਪੇ ਕਹਿੰਦੇ ਹਨ ਕਿ ਇਕੱਲਾ-ਇਕੱਲਾ ਹੈ, ਬਾਹਲਾ ਜ਼ਿੱਦੀ ਹੈ, ਜੇ ਕੋਈ ਗਲਤੀ ਕਰੇ ਤਾਂ ਇਸ ਨੂੰ ਨਾ ਛੇੜਿਉ, ਸਾਨੂੰ ਦੱਸ ਦਿਉ। ਫਿਰ ਟੀਚਰ ਵੀ ਸੋਚਦਾ

ਹੈ ਕਿ ਮੈਂ ਵੀ ਕੀ ਕਰਨਾ ਹੈ। ਮੈਂ ਇਹ ਨਹੀਂ ਕਹਿੰਦਾ ਕਿ ਟੀਚਰ ਬੱਚਿਆਂ ਨੂੰ ਕੁੱਟਣ ਲੱਗ ਜਾਣ ਪਰ ਅਸਲ ਪੜ੍ਹਾਈ ਡਾਂਟ ਤੋਂ ਬਾਅਦ ਹੀ ਸ਼ੁਰੂ ਹੁੰਦੀ ਹੈ। ਅੱਜ ਕੱਲ੍ਹ ਅਸੀਂ ਵੀ ਉਨ੍ਹਾਂ ਹੀ ਟੀਚਰਾਂ ਨੂੰ ਯਾਦ ਕਰਦੇ ਹਾਂ ਜਿਹੜੇ ਡੰਡਾ ਮੰਗਵਾਉਂਦੇ ਹੁੰਦੇ ਸੀ। ਟੀਚਰ ਦੀ ਭਾਵਨਾ ਕਦੇ ਵੀ ਇਹ ਨਹੀਂ ਹੁੰਦੀ ਕਿ ਮੈਂ ਕੁੱਟਣਾ ਹੈ, ਬਲਕਿ ਟੀਚਰ ਦੀ ਭਾਵਨਾ ਹੁੰਦੀ ਹੈ ਕਿ ਮੇਰੀ ਕਲਾਸ ਨੰਬਰ 1 ਹੋਵੇ ਅਤੇ ਸਾਰੇ ਬੱਚੇ ਫਸਟ ਆਉਣ। ਸਰ, ਮੈਨੂੰ ਮੇਰਾ ਕੋਈ ਵੀ ਟੀਚਰ ਮਿਲ ਜਾਵੇ ਤਾਂ ਮੈਂ ਪੈਰੀਂ ਹੱਥ ਲਗਾਉਂਦਾ ਹਾਂ ਕਿਉਂਕਿ ਕੋਈ ਵੀ ਜਿੰਨੇ ਮਰਜ਼ੀ ਵੱਡੇ ਅਹੁਦੇ ਤੇ ਚਲਾ ਜਾਵੇ ਆਪਣੇ ਉਸਤਾਦ ਤੋਂ, ਆਪਣੇ ਕੋਚ ਤੋਂ, ਆਪਣੇ ਟੀਚਰ ਤੋਂ, ਆਪਣੇ ਮਾਂ-ਪਿਉ ਤੋਂ ਅਤੇ ਆਪਣੇ ਬਚਪਨ ਦੇ ਦੋਸਤਾਂ ਤੋਂ ਵੱਡੇ ਨਹੀਂ ਹੋ ਸਕਦੇ। (ਥੰਪਿੰਗ)

**ਮਾਣਯੋਗ ਸਪੀਕਰ :** ਬਹੁਤ ਧੰਨਵਾਦ ਜੀ।

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਪੰਜਾਬ ਯੂਨੀਵਰਸਿਟੀਜ਼ ਲਾਅਜ਼ (ਸੋਧਨਾ) ਬਿਲ, 2023 ਤੇ ਤੁਰੰਤ ਵਿਚਾਰ ਕੀਤਾ ਜਾਵੇ।

(**ਆਵਾਜ਼ਾਂ :** ਸਰਬਸੰਮਤੀ ਹੈ ਜੀ।)

**ਮਾਣਯੋਗ ਸਪੀਕਰ :** ਸਰਬਸੰਮਤੀ ਹੈ ਜੀ? (ਸ਼੍ਰੋਮਣੀ ਅਕਾਲੀ ਦਲ ਅਤੇ ਬਹੁਜਨ ਸਮਾਜ ਪਾਰਟੀ ਦੇ ਬੈਂਚਿਜ਼ ਵੱਲ ਇਸ਼ਾਰਾ ਕਰਦੇ ਹੋਏ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਬਹੁਜਨ ਸਮਾਜ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰਾਂ ਵੱਲੋਂ ਹਾਂ ਵਿੱਚ ਇਸ਼ਾਰਾ ਕਰਕੇ ਸਹਿਮਤੀ ਪ੍ਰਗਟਾਈ ਗਈ।)

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ। (ਥੰਪਿੰਗ)***

**ਮਾਣਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 13**

**ਮਾਣਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ 13 ਤੱਕ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਾਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

(ਆਵਾਜ਼ਾਂ : ਹਾਂ ਜੀ, ਹਾਂ ਜੀ।)

**ਮਾਣਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ਾਂ 2 ਤੋਂ 13 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ–ਕਲਾਜ਼ (1)**

**ਮਾਣਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ–ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਸਿਰਲੇਖ**

**ਮਾਣਯੋਗ ਸਪੀਕਰ :** ਪ੍ਰਸ਼ਨ ਹੈ–

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ। (ਥੰਪਿੰਗ)***

**ਮਾਣਯੋਗ ਸਪੀਕਰ :** ਹੁਣ ਮੰਤਰੀ ਜੀ ਪ੍ਰਸਤਾਵ ਕਰਨਗੇ ਕਿ ਬਿੱਲ ਪਾਸ ਕੀਤਾ ਜਾਵੇ।

**ਉਚੇਰੀ ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

ਕਿ ਪੰਜਾਬ ਯੂਨੀਵਰਸਿਟੀਜ਼ ਲਾਅਜ਼ (ਸੋਧਨਾ) ਬਿਲ, 2023 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ :** ਪ੍ਰਸਤਾਵ ਕੀਤਾ–

ਕਿ ਪੰਜਾਬ ਯੂਨੀਵਰਸਿਟੀਜ਼ ਲਾਅਜ਼ (ਸੋਧਨਾ) ਬਿਲ, 2023 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ :** ਪ੍ਰਸ਼ਨ ਹੈ–

ਕਿ ਪੰਜਾਬ ਯੂਨੀਵਰਸਿਟੀਜ਼ ਲਾਅਜ਼ (ਸੋਧਨਾ) ਬਿਲ, 2023 ਪਾਸ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ। (ਥੰਪਿੰਗ)***

-----------

## ANNOUNCEMENT BY HON'BLE SPEAKER REGARDING NATIONAL E-VIDHAN APPLICATION

**ਮਾਣਯੋਗ ਸਪੀਕਰ :** ਮੈਂ ਸਦਨ ਦੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ ਮਾਣਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਹੋਰਾਂ ਜੀ ਵੱਲੋਂ ਵਿਧਾਨ ਸਭਾ ਦੇ ਕੰਮ ਕਾਰ ਨੂੰ ਪੇਪਰਲੈੱਸ ਕਰਨ ਸਬੰਧੀ ਕੀਤੇ ਗਏ ਐਲਾਨ ਅਨੁਸਾਰ ਪ੍ਰਸ਼ਾਸਕੀ ਸੁਧਾਰ ਵਿਭਾਗ ਵੱਲੋਂ ਮਾਣਯੋਗ ਮੈਂਬਰਾਂ ਨੂੰ ਦਿੱਤੇ ਜਾਣ ਵਾਲੇ ਅਤੇ ਸਦਨ ਵਿੱਚ ਹਰ ਮੈਂਬਰ

ਦੇ ਟੇਬਲ ਤੇ ਲੱਗਣ ਵਾਲੇ ਂਬਬ;ਕ ਜ਼ਬ੍ਦ ਸ਼ਗਰ 12.9 ਜਅਫੀ ਜਾਰੀ ਕਰਨ ਦਾ ਵਰਕ ਆਰਡਰ ਜਾਰੀ ਕਰ ਦਿੱਤਾ ਗਿਆ ਹੈ। ਮੈਨੂੰ ਵਿਸ਼ਵਾਸ ਹੈ ਕਿ ਅਗਲੇ ਸੈਸ਼ਨ ਤੋਂ ਪਹਿਲਾਂ ਇਹ ਆਈ ਪੈਡ ਮਾਣਯੋਗ ਮੈਂਬਰਾਂ ਨੂੰ ਦੇ ਦਿੱਤੇ ਜਾਣਗੇ ਅਤੇ ਸਦਨ ਵਿੱਚ ਵੀ ਲਗਾ ਦਿੱਤੇ ਜਾਣਗੇ। (ਥੰਪਿੰਗ) ਜਿਸ ਉਪਰੰਤ ਸਦਨ ਸਬੰਧੀ ਸਾਰੀ ਜਾਣਕਾਰੀ ਦਾ ਆਦਾਨ-ਪ੍ਰਦਾਨ ਨੈਸ਼ਨਲ ਈ-ਵਿਧਾਨ ਐਪਲੀਕੇਸ਼ਨ ਰਾਹੀਂ ਇਲੈਕਟ੍ਰੋਨੀਕਲੀ ਸ਼ੁਰੂ ਹੋ ਜਾਵੇਗਾ ਅਤੇ ਸਦਨ ਦੇ ਟੇਬਲ ਤੇ ਰੱਖੇ ਜਾਣ ਵਾਲੇ ਕਾਗਜ਼-ਪੱਤਰ ਵੀ ਇਲੈਕਟ੍ਰੋਨਿਕ ਵਿਧੀ ਰਾਹੀਂ ਹੀ ਰੱਖੇ ਜਾਣਗੇ। ਇਹ ਪ੍ਰਣਾਲੀ ਲਾਗੂ ਹੋਣ ਨਾਲ ਕਾਗਜ਼ ਅਤੇ ਇਸ ਦੀ ਢੋਆ ਢੁਆਈ ਤੇ ਹੋਣ ਵਾਲੇ ਖਰਚੇ ਦੀ ਬੱਚਤ ਤਾਂ ਹੋਵੇਗੀ ਹੀ, ਇਸ ਦੇ ਨਾਲ-ਨਾਲ ਵਾਤਾਵਰਨ ਸੰਭਾਲ ਦੇ ਖੇਤਰ ਵਿੱਚ ਵੀ ਵੱਡੀ ਉਪਲਬਧੀ ਹੋਵੇਗੀ ਅਤੇ ਸਦਨ ਦੇ ਕੰਮ ਕਾਰ ਵਿੱਚ ਵੀ ਪਾਰਦਰਸ਼ਤਾ ਆਵੇਗੀ।

ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਵਿਧਾਨ ਸਭਾ ਸਕੱਤਰੇਤ ਵੱਲੋਂ ਐਨ.ਆਈ.ਸੀ.,ਪੰਜਾਬ ਤੇ ਪ੍ਰਸ਼ਾਸਕੀ ਸੁਧਾਰ ਵਿਭਾਗ, ਪੰਜਾਬ ਦੇ ਸਹਿਯੋਗ ਨਾਲ ਮਿਤੀ 26 ਜੂਨ, 2023 ਨੂੰ ਰਾਜ ਦੇ ਸਾਰੇ ਵਿਭਾਗਾਂ ਦੇ ਨੋਡਲ ਅਧਿਕਾਰੀਆਂ ਨੂੰ ਨੇਵਾ ਸਬੰਧੀ ਜਾਣਕਾਰੀ ਦੇਣ ਲਈ ਇੱਕ ਟਰੇਨਿੰਗ ਰੱਖੀ ਗਈ ਹੈ। ਇਸ ਵਿੱਚ ਉਨ੍ਹਾਂ ਨੂੰ ਦੱਸਿਆ ਜਾਵੇਗਾ ਕਿ ਸਭਾ ਸਕੱਤਰੇਤ ਵੱਲੋਂ ਭੇਜੇ ਗਏ ਨੋਟਿਸਾਂ ਦੇ ਜਵਾਬ ਕਿਸ ਤਰ੍ਹਾਂ ਦਿੱਤੇ ਜਾਣੇ ਹਨ।

ਇਸ ਤੋਂ ਇਲਾਵਾ ਇਹ ਮਾਣਯੋਗ ਮੁੱਖ ਮੰਤਰੀ ਸਾਹਿਬ ਦੀ ਪਹਿਲ ਹੈ ਕਿ ਜੁਲਾਈ ਮਹੀਨੇ ਵਿੱਚ ਸਾਰੇ ਮਾਣਯੋਗ ਵਿਧਾਇਕਾਂ ਲਈ ਦੋ ਦਿਨ ਦੀ ਵਰਕਸ਼ਾਪ ਵੀ ਆਯੋਜਿਤ ਕਰਨ ਦੀ ਯੋਜਨਾ ਬਣਾਈ ਗਈ ਹੈ।

ਜਿਸ ਵਿੱਚ ਮਾਣਯੋਗ ਵਿਧਾਇਕਾਂ ਨੂੰ ਨੇਵਾ ਪ੍ਰੋਜੈਕਟ ਸਬੰਧੀ ਪੂਰੀ ਜਾਣਕਾਰੀ ਦਿੱਤੀ ਜਾਵੇਗੀ। ਇਸ ਵਰਕਸ਼ਾਪ ਦੇ ਉਦਘਾਟਨ ਤੇ ਸੰਬੋਧਨ ਕਰਨ ਲਈ ਮਾਣਯੋਗ ਮੁੱਖ ਮੰਤਰੀ ਸਾਹਿਬ ਤੋਂ ਮਿਤੀ ਅਤੇ ਸਮਾਂ ਲੈਣ ਲਈ ਵੱਖਰੇ ਤੌਰ ਤੇ ਬੇਨਤੀ ਕੀਤੀ ਜਾਵੇਗੀ।

--------

## MOTION REGARDING NOMINATION OF THREE MEMBERS OF PUNJAB LEGISLATIVE ASSEMBLY TO THE STATE ADVISORY BOARD ON DISABILITY (HANDICAPPED)

**ਮਾਣਯੋਗ ਸਪੀਕਰ:** ਸੰਸਦੀ ਮਾਮਲੇ ਮੰਤਰੀ, ਸਰਦਾਰ ਬਲਕਾਰ ਸਿੰਘ ਜੀ ਪ੍ਰਸਤਾਵ ਪੇਸ਼ ਕਰਨਗੇ।

**ਸੰਸਦੀ ਮਾਮਲੇ ਮੰਤਰੀ (ਸਰਦਾਰ ਬਲਕਾਰ ਸਿੰਘ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

ਕਿਉਂਜੋ The State Advisory Board on Disability (Handicapped) ਦੇ ਤਿੰਨ ਮੈਂਬਰ ਰਾਜ ਵਿਧਾਨ ਸਭਾ ਦੇ ਮੈਂਬਰਾਂ ਵਿੱਚੋਂ ਚੁਣੇ ਜਾਣੇ ਹਨ ਅਤੇ;

ਕਿਉਂਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਇਸ ਸਾਰੀ ਚੋਣ ਪ੍ਰਕਿਰਿਆ ਨੂੰ ਇਸ ਸਮੇਂ ਦੌਰਾਨ ਪੂਰੀ ਕਰਨਾ ਸੰਭਵ ਨਹੀਂ ਹੈ ;

ਇਸ ਲਈ ਹੁਣ ਇਹ ਸਦਨ ਸਪੀਕਰ, ਪੰਜਾਬ ਵਿਧਾਨ ਸਭਾ ਨੂੰ ਸਦਨ ਵਿੱਚ ਵੱਖ ਵੱਖ ਪਾਰਟੀਆਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ The State Advisory Board on Disability (Handicapped) ਦੇ ਮੈਂਬਰਾਂ ਵਜੋਂ ਸਰਵ ਕਰਨ ਲਈ ਪੰਜਾਬ ਵਿਧਾਨ ਸਭਾ ਦੇ ਤਿੰਨ ਮੈਂਬਰਾਂ ਨੂੰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ।

**ਮਾਣਯੋਗ ਸਪੀਕਰ:** ਪ੍ਰਸਤਾਵ ਕੀਤਾ –

ਕਿਉਂਜੋ The State Advisory Board on Disability (Handicapped) ਦੇ ਤਿੰਨ ਮੈਂਬਰ ਰਾਜ ਵਿਧਾਨ ਸਭਾ ਦੇ ਮੈਂਬਰਾਂ ਵਿੱਚੋਂ ਚੁਣੇ ਜਾਣੇ ਹਨ ਅਤੇ;

ਕਿਉਂਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਇਸ ਸਾਰੀ ਚੋਣ ਪ੍ਰਕਿਰਿਆ ਨੂੰ ਇਸ ਸਮੇਂ ਦੌਰਾਨ ਪੂਰੀ ਕਰਨਾ ਸੰਭਵ ਨਹੀਂ ਹੈ ;

ਇਸ ਲਈ ਹੁਣ ਇਹ ਸਦਨ ਸਪੀਕਰ, ਪੰਜਾਬ ਵਿਧਾਨ ਸਭਾ ਨੂੰ ਸਦਨ ਵਿੱਚ ਵੱਖ ਵੱਖ ਪਾਰਟੀਆਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ The State Advisory Board on Disability (Handicapped) ਦੇ ਮੈਂਬਰਾਂ ਵਜੋਂ ਸਰਵ ਕਰਨ ਲਈ ਪੰਜਾਬ ਵਿਧਾਨ ਸਭਾ ਦੇ ਤਿੰਨ ਮੈਂਬਰਾਂ ਨੂੰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ।

**ਮਾਣਯੋਗ ਸਪੀਕਰ:** ਪ੍ਰਸ਼ਨ ਹੈ –

ਕਿਉਂਜੋ The State Advisory Board on Disability (Handicapped) ਦੇ ਤਿੰਨ ਮੈਂਬਰ ਰਾਜ ਵਿਧਾਨ ਸਭਾ ਦੇ ਮੈਂਬਰਾਂ ਵਿੱਚੋਂ ਚੁਣੇ ਜਾਣੇ ਹਨ ਅਤੇ;

ਕਿਉਂਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਇਸ ਸਾਰੀ ਚੋਣ ਪ੍ਰਕਿਰਿਆ ਨੂੰ ਇਸ ਸਮੇਂ ਦੌਰਾਨ ਪੂਰੀ ਕਰਨਾ ਸੰਭਵ ਨਹੀਂ ਹੈ ;

ਇਸ ਲਈ ਹੁਣ ਇਹ ਸਦਨ ਸਪੀਕਰ, ਪੰਜਾਬ ਵਿਧਾਨ ਸਭਾ ਨੂੰ ਸਦਨ ਵਿੱਚ ਵੱਖ ਵੱਖ ਪਾਰਟੀਆਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ The State Advisory Board on

Disability (Handicapped) ਦੇ ਮੈਂਬਰਾਂ ਵਜੋਂ ਸਰਵ ਕਰਨ ਲਈ ਪੰਜਾਬ ਵਿਧਾਨ ਸਭਾ ਦੇ ਤਿੰਨ ਮੈਂਬਰਾਂ ਨੂੰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ:** ਹੁਣ ਸਦਨ ਅਣਮਿੱਥੇ ਸਮੇਂ ਲਈ ਸਥਗਿਤ ਹੁੰਦਾ ਹੈ।

*2:17 ਵਜੇ ਬਾਅਦ ਦੁਪਹਿਰ) (ਇਸ *ਸਮੇਂ ਸਦਨ ਅਣਮਿੱਥੇ ਸਮੇਂ ਲਈ ਸਥਗਿਤ ਹੋ ਗਿਆ।)

--------